ਮੰਗਲਵਾਰ, 26 ਨਵੰਬਰ, 2024
11 ਮੱਘਰ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 176

# ਨਵਾਂ ਜ਼ਮਾਨਾ

DAILY NAWAN ZAMANA • TUESDAY, 26 NOVEMBER, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਸੁਖਬੀਰ ਤੇ ਹੋਰ 2 ਦਸੰਬਰ ਨੂੰ ਤਲਬ

## ਪੰਜ ਡੇਰਾ ਮੁਖੀਆਂ ਦਾ ਗਿਆਨੀ ਰਘਬੀਰ ਸਿੰਘ ਨੂੰ ਪੱਤਰ, ਖਾਲਸਾਈ ਦ੍ਰਿੜ੍ਹਤਾ ਨਾਲ ਫੈਸਲਾ ਲੈਣ ਦੀ ਅਪੀਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ਕੰਵਲਜੀਤ ਸਿੰਘ)**



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਆਗੂਆਂ ਦੇ ਮਾਮਲੇ ਨੂੰ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੋ ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ ਹੈ। ਇਸ 'ਚ ਜਥੇਦਾਰ ਨੇ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੂੰ ਵੀ ਤਲਬ ਕੀਤਾ ਹੈ। ਆਸ ਹੈ ਕਿ ਇਸ ਦਿਨ ਜਥੇਦਾਰਾਂ ਵੱਲੋਂ ਤਨਖਾਹੀਆ ਸੁਖਬੀਰ ਸਿੰਘ ਬਾਦਲ ਨੂੰ ਧਾਰਮਕ ਸਜ਼ਾ ਸੁਣਾਈ ਜਾਵੇਗੀ। ਇਸ ਦੇ ਨਾਲ ਹੀ 2007 ਤੋਂ 2017 ਤੱਕ ਕੈਬਨਿਟ ਦਾ ਹਿੱਸਾ ਰਹੇ ਸਿੱਖ ਮੰਤਰੀ ਵੀ ਤਲਬ ਕੀਤੇ ਗਏ ਹਨ। 2015 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਅਤੇ ਅਕਾਲੀ ਦਲ ਦੀ ਕੋਰ ਕਮੇਟੀ ਦਾ ਹਿੱਸਾ ਰਹੇ ਸਮੂਹ ਮੈਂਬਰਾਂ ਨੂੰ ਵੀ ਸੱਦਿਆ ਹੈ।

ਅਕਾਲ ਤਖਤ ਦੇ ਸਕੱਤਰੇਤ ਨੇ ਸਭ ਨੂੰ ਪੱਤਰ ਜਾਰੀ ਕਰ ਦਿੱਤੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਸਮੁੱਚੇ ਸਕੱਤਰਾਂ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਮੌਜੂਦ ਰਹਿਣ ਲਈ ਕਿਹਾ ਹੈ।

ਇਸ ਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਕੋਲੋਂ ਵੀ ਸਪੱਸ਼ਟੀਕਰਨ ਮੰਗਿਆ ਗਿਆ ਹੈ।

ਜਦੋਂ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੁੱਛਿਆ ਗਿਆ ਤਾਂ ਉਹਨਾ ਕਿਹਾ ਕਿ ਉਹਨਾ ਨੂੰ ਬੁਲਾਇਆ ਜਾਂ ਤਲਬ ਨਹੀਂ ਕੀਤਾ ਗਿਆ, ਸਗੋਂ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ ਤੇ ਉਹ ਲੋੜੀਦਾ ਸਪੱਸ਼ਟੀਕਰਨ ਜਲਦੀ ਹੀ ਭੇਜ ਦੇਣਗੇ।

ਜਥੇਦਾਰਾਂ ਵੱਲੋਂ ਅਕਾਲੀ ਏਕਤਾ ਦਾ ਵੀ ਯਤਨ ਕੀਤਾ ਜਾਵੇਗਾ, ਕਿਉਂਕਿ ਸੁਖਬੀਰ ਸਿੰਘ ਬਾਦਲ ਅਕਾਲ ਤਖਤ ਨੂੰ ਲਿਖ ਕੇ ਦੇ ਚੁੱਕੇ ਹਨ ਕਿ ਉਹਨਾ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਹੈ। ਅਕਾਲ ਤਖਤ ਤੋਂ ਪੰਥਕ ਏਕਤਾ ਲਈ ਕੋਈ ਕਮੇਟੀ ਵੀ ਬਣਾਈ ਜਾ ਸਕਦੀ ਹੈ।18 ਨਵੰਬਰ ਨੂੰ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖਤ ਨੂੰ ਨਿਮਾਣੇ ਸਿੱਖ ਵਜੋਂ ਪਹਿਲੀ ਵਾਰੀ ਪੱਤਰ ਲਿਖਿਆ ਸੀ, ਜਿਸ ਵਿੱਚ ਪੂਰੀ ਤਰ੍ਹਾਂ ਅਕਾਲ ਤਖਤ ਨੂੰ ਸਮਰਪਿਤ ਹੋਣਾ ਦਰਸਾਇਆ ਗਿਆ ਹੈ।ਜਥੇਦਾਰਾਂ 'ਤੇ ਟਿੱਪਣੀ ਕਰਨ ਵਾਲਿਆਂ ਦੀ ਵੀ ਜ਼ੁਬਾਨ ਬੰਦ ਹੋ ਗਈ ਹੈ ਤੇ ਵਰਕਿੰਗ ਕਮੇਟੀ ਦੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ ਗਿਆ ਹੈ, ਜਿਸ ਵਿੱਚ ਵਰਕਿੰਗ ਕਮੇਟੀ ਨੇ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਅਪ੍ਰਵਾਨ ਕਰ ਦਿੱਤਾ ਸੀ। ਜਥੇਦਾਰਾਂ ਵੱਲੋਂ ਕਈ ਹੋਰ ਮੱਦੇ ਵੀ ਵਿਚਾਰੇ ਜਾਣਗੇ।

ਇਸੇ ਦੌਰਾਨ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਨੂੰ ਲੈ ਕੇ ਬਾਬਾ ਸਰਬਜੋਤ ਸਿੰਘ ਬੇਦੀ, ਸੰਤ ਸੇਵਾ ਸਿੰਘ ਰਾਮਪੁਰ ਖੇੜਾ ਸਾਹਿਬ, ਸੰਤ ਹਰੀ ਸਿੰਘ ਰੰਧਾਵੇ ਵਾਲੇ, ਸੰਤ ਲਖਵੀਰ ਸਿੰਘ ਰਤਵਾੜਾ ਸਾਹਿਬ ਤੇ ਸੰਤ ਗੁਰਦੇਵ ਸਿੰਘ ਬਜਵਾੜਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਲਿਖਿਆ ਹੈ ਕਿ ਪਿਛਲੇ ਸਮੇਂ 'ਚ ਸਿੱਖ ਕੌਮ ਦੀ ਧਾਰਮਕ ਅਤੇ ਰਾਜਨੀਤਕ ਲੀਡਰਸ਼ਿਪ ਵੱਲੋਂ ਸਿੱਖੀ ਸਿਧਾਂਤ ਨੂੰ ਅੱਖੋਂ-ਪਰੋਖੇ ਕਰ ਕੇ ਲਏ ਗਏ ਫੈਸਲਿਆਂ ਕਾਰਨ ਸਮੁੱਚੀ ਕੌਮ ਬੜੀਆਂ ਗੰਭੀਰ ਪ੍ਰਸਥਿਤੀਆਂ 'ਚੋਂ ਲੰਘ ਰਹੀ ਹੈ, ਜਿਸ ਕਰਕੇ ਪੰਥ ਦੀਆਂ ਸੰਸਥਾਵਾਂ ਕੌਮੀ ਰੋਹ ਦਾ ਸਾਹਮਣਾ ਕਰ ਰਹੀਆਂ ਹਨ। ਮੌਜੂਦਾ ਸਮੇਂ ਪੰਥ ਦੇ ਵਾਲੀ ਨੇ ਆਪਣੇ ਤਖਤਾਂ ਦੀ ਸ਼ਾਨਮੱਤੀ ਆਭਾ ਨੂੰ ਮੁੜ ਉਜਾਗਰ ਕਰਨ ਲਈ, ਮਨੁੱਖੀ ਸੋਚ ਤੋਂ ਪਰ੍ਹੇ ਦੇ ਹਾਲਾਤ ਬਣਾ ਕੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਆਪ ਜੀਆਂ ਦੇ ਮੋਢਿਆਂ ਉੱਪਰ ਬਹੁਤ ਵੱਡੀ ਜ਼ਿੰਮੇਵਾਰੀ ਪਾ ਦਿੱਤੀ ਹੈ। ਅੱਜ ਸਮੁੱਚੀ ਕੌਮ, ਭਵਿੱਖ ਦੀ ਚਿੰਤਾ 'ਚ ਡੁੱਬੀ ਹੋਈ ਬੜੀ ਆਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਅਧੀਨ ਸਿੰਘ ਸਾਹਿਬਾਨ ਵੱਲ ਨੀਝ ਲਾ ਕੇ ਗੁਰਸਿੱਖੀ ਪਰੰਪਰਾਵਾਂ ਦੀ ਪੁਨਰ-ਸੁਰਜੀਤੀ ਦੀ ਆਸ ਲਾਈ ਬੈਠੀ ਹੈ।

ਮੌਜੂਦਾ ਵਰਤਾਰੇ 'ਚ ਜਿਸ ਤਰ੍ਹਾਂ ਸਿੰਘ ਸਾਹਿਬਾਨ ਨੇ ਹੁਣ ਤੱਕ ਸਿੱਖੀ ਸਿਧਾਂਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਅਤੇ ਹਰ ਤਰ੍ਹਾਂ ਦੇ ਦਬਾਅ ਨੂੰ ਨਜ਼ਰਅੰਦਾਜ਼ ਕਰਕੇ ਸਿੱਖ ਮਰਿਆਦਾ ਪ੍ਰਤੀ ਵੱਡੀ ਦ੍ਰਿੜ੍ਹਤਾ ਵਿਖਾਈ ਹੈ, ਉਸੇ ਤਰ੍ਹਾਂ ਇਸ ਸਮੇਂ ਸਮੁੱਚਾ ਖਾਲਸਾ ਪੰਥ ਤਖਤ ਸਾਹਿਬ ਤੋਂ ਪੰਥਕ ਰਵਾਇਤਾਂ ਦੀ ਪੁਨਰ-ਸੁਰਜੀਤੀ ਦੀ ਆਹਟ ਸੁਣਨ ਲਈ ਬਹੁਤ ਬੇਤਾਬੀ ਨਾਲ ਇੰਤਜ਼ਾਰ ਕਰ ਰਿਹਾ ਹੈ। ਇਸ ਲਈ ਅਸੀਂ ਸਮੂਹ ਜਥੇਦਾਰ ਸਾਹਿਬਾਨ ਨੂੰ ਬੇਨਤੀ ਕਰਦੇ ਹਾਂ ਕਿ ਮੌਜੂਦਾ ਪੰਥਕ ਮਸਲਿਆਂ ਸੰਬੰਧੀ ਕੋਈ ਵੀ ਫੈਸਲਾ ਕਰਨ ਸਮੇਂ ਪੰਥਕ ਰਵਾਇਤਾਂ ਅਤੇ ਕੌਮ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਿਆ ਜਾਵੇ ਅਤੇ ਇਸ ਅਤਿ ਗੰਭੀਰ ਅਤੇ ਸੰਵੇਦਨਸ਼ੀਲ ਮੁੱਦੇ ਨੂੰ ਕੌਮੀ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੋਈ ਦ੍ਰਿੜ੍ਹਤਾ ਨਾਲ ਹੱਲ ਕੀਤਾ ਜਾਵੇ। ਕੌਮ ਆਪ ਪਾਸੋਂ ਇਹ ਆਸ ਰੱਖ ਰਹੀ ਹੈ ਕਿ ਪਿਛਲੇਰੇ ਸਮੇਂ 'ਚ ਜਿਹੜੇ-ਜਿਹੜੇ ਵੀ ਵਿਅਕਤੀ ਕੌਮ ਦੀ ਮੌਜੂਦਾ ਅਧੋਗਤੀ ਦੇ ਨਾਲ ਸਿੱਖ ਪ੍ਰੰਪਰਾਵਾਂ, ਸਿੱਖੀ ਸਿਧਾਂਤਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਸਿੱਖ ਪੰਥ ਦੀਆਂ ਰਾਜਨੀਤਕ ਅਤੇ ਧਾਰਮਕ ਸੰਸਥਾਵਾਂ ਦੇ ਘਾਣ ਲਈ ਜ਼ਿੰਮੇਵਾਰ ਹਨ, ਨੂੰ ਉਨ੍ਹਾਂ ਦੇ ਕੀਤੇ ਦੀ ਸਖਤ ਸਜ਼ਾ ਦਿੱਤੀ ਜਾਵੇ। ਇਸ ਮੌਜੂਦਾ ਸੰਕਟ ਦੌਰਾਨ ਜੋ ਸੱਜਣ ਆਪ ਜੀਆਂ ਉੱਪਰ ਦਬਾਅ ਬਣਾ ਕੇ ਇੱਕ ਵਿਸ਼ੇਸ਼ ਧਿਰ ਦੇ ਹੱਕ 'ਚ ਫੈਸਲਾ ਕਰਵਾਉਣ ਲਈ ਹੋਛੇ ਹੱਥਕੰਡੇ ਅਪਣਾ ਰਹੇ ਹਨ, ਇਹ ਨਿੱਘਰਦੇ ਹੋਏ ਕਿਰਦਾਰ ਦਾ ਘਿਨਾਉਣਾ ਰੂਪ ਹੈ। ਅਸੀਂ ਇਸ ਵਰਤਾਰੇ ਦੀ ਪੁਰਜ਼ੋਰ ਨਿਖੇਧੀ ਕਰਦੇ ਹਾਂ ਅਤੇ ਵਿਸ਼ਵਾਸ ਦਿਵਾਉਂਦੇ ਹਾਂ ਕਿ ਸਿੰਘ ਸਾਹਿਬਾਨ ਵੱਲੋਂ ਸਿੱਖੀ ਸਿਧਾਂਤਾਂ ਦੀ ਰੌਸ਼ਨੀ 'ਚ ਸਿੱਖ ਰਵਾਇਤਾਂ ਦੀ ਪੁਨਰ ਸੁਰਜੀਤੀ ਕਰਦਿਆਂ, ਉਪਰੋਕਤ ਜ਼ਿਕਰ ਮੁਤਾਬਕ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੇ ਫੈਸਲਿਆਂ ਦਾ ਸਮੁੱਚਾ ਖਾਲਸਾ ਪੰਥ ਪੂਰਨ ਸਤਿਕਾਰ ਕਰੇਗਾ। ਮੌਜੂਦਾ ਮਸਲਿਆਂ ਨੂੰ ਗੁਰਸਿੱਖੀ ਪਰੰਪਰਾਵਾਂ ਦੀ ਰੌਸ਼ਨੀ ਹੇਠ ਖਾਲਸਾਈ ਦ੍ਰਿੜ੍ਹਤਾ ਨਾਲ ਹੱਲ ਕਰਨ ਲਈ ਸਾਡੀਆਂ ਸੇਵਾਵਾਂ ਹਮੇਸ਼ਾ ਤਖਤ ਸਾਹਿਬ ਨੂੰ ਸਮਰਪਤ ਹਨ।

# ਸੰਭਲ ਹਿੰਸਾ 'ਚ ਸਪਾ ਸਾਂਸਦ ਤੇ ਵਿਧਾਇਕ ਦਾ ਪੁੱਤ ਨਾਮਜ਼ਦ




**ਸੰਭਲ** : ਯੂ ਪੀ ਪੁਲਸ ਨੇ ਮੁਗਲ ਦੌਰ ਦੀ ਇਕ ਮਸਜਿਦ ਦੇ ਅਦਾਲਤੀ ਹੁਕਮਾਂ ਨਾਲ ਹੋਏ ਸਰਵੇਖਣ ਨੂੰ ਲੈ ਕੇ ਐਤਵਾਰ ਹੋਈ ਹਿੰਸਾ ਦੇ ਸੰਬੰਧ ਵਿਚ ਸੱਤ ਐੱਫ ਆਈ ਆਰਜ਼ ਦਰਜ ਕੀਤੀਆਂ ਹਨ, ਜਿਨ੍ਹਾਂ ਵਿਚ ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਜ਼ਿਆ-ਉਰ-ਰਹਿਮਾਨ ਬਰਕ ਅਤੇ ਸਥਾਨਕ ਸਪਾ ਵਿਧਾਇਕ ਇਕਬਾਲ ਮਹਿਮੂਦ ਦੇ ਪੁੱਤਰ ਸੁਹੇਲ ਇਕਬਾਲ ਨੂੰ ਵੀ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਜ਼ਿਲ੍ਹਾ ਪ੍ਰਸ਼ਾਸਨ ਨੇ ਪਹਿਲਾਂ ਹੀ 30 ਨਵੰਬਰ ਤੱਕ ਸੰਭਲ 'ਚ ਬਾਹਰੀ ਲੋਕਾਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਸੰਭਲ ਤਹਿਸੀਲ 'ਚ ਇੰਟਰਨੈੱਟ ਸੇਵਾਵਾਂ ਵੀ ਮੁਅੱਤਲ ਹਨ ਅਤੇ ਸੋਮਵਾਰ ਨੂੰ ਸਾਰੇ ਸਕੂਲਾਂ 'ਚ ਛੁੱਟੀ ਦਾ ਐਲਾਨ ਕੀਤਾ ਗਿਆ। ਹਿੰਸਾ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਵੀ ਦਿੱਤੇ ਗਏ ਹਨ।

ਐਤਵਾਰ ਸ਼ਾਹੀ ਜਾਮਾ ਮਸਜਿਦ ਦੇ ਸਰਵੇਖਣ ਦਾ ਵਿਰੋਧ ਕਰ ਰਹੇ ਮੁਜ਼ਾਹਰਾਕਾਰੀਆਂ ਦੀ ਪੁਲਸ ਨਾਲ ਝੜਪ ਦੌਰਾਨ ਪੰਜ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਸੁਰੱਖਿਆ ਕਰਮਚਾਰੀਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਸਮੇਤ ਕਈ ਹੋਰ ਜ਼ਖਮੀ ਹੋ ਗਏ ਸਨ।

ਡਵੀਜ਼ਨਲ ਕਮਿਸ਼ਨਰ ਏ ਕੇ ਸਿੰਘ ਨੇ ਕਿਹਾ ਕਿ ਪਹਿਲੀ ਨਜ਼ਰੇ ਇਹ ਜਾਪਦਾ ਹੈ ਕਿ ਮੌਤਾਂ ਦਾ ਕਾਰਨ ਦੇਸੀ ਹਥਿਆਰਾਂ ਦੀਆਂ ਗੋਲੀਆਂ ਸਨ, ਪਰ ਉਨ੍ਹਾਂ ਹੋਰ ਵੇਰਵੇ ਨਹੀਂ ਦਿੱਤੇ। ਐੱਸ ਪੀ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਐੱਫ ਆਈ ਆਰ 'ਚ ਬਰਕ ਤੇ ਇਕਬਾਲ ਸਮੇਤ ਛੇ ਲੋਕਾਂ ਦੇ ਨਾਂਅ ਦਰਜ ਕੀਤੇ ਗਏ ਹਨ ਅਤੇ 2,750 ਹੋਰ ਅਣਪਛਾਤੇ ਹਨ। ਉਨ੍ਹਾ ਕਿਹਾ ਕਿ ਬਰਕ ਵੱਲੋਂ ਪਹਿਲਾਂ ਦਿੱਤੇ ਬਿਆਨ ਕਾਰਨ ਸਥਿਤੀ ਵਿਗੜ ਗਈ। ਉਸ ਨੂੰ ਇਸ ਲਈ ਪਹਿਲਾਂ ਹੀ ਨੋਟਿਸ ਜਾਰੀ ਕੀਤਾ ਗਿਆ ਸੀ। ਬਰਕ ਦੀ ਜਾਮਾ ਮਸਜਿਦ ਦੀ ਹਿਫਾਜ਼ਤ ਵਾਲੀ ਟਿੱਪਣੀ ਕਾਰਨ ਲੋਕ ਲਾਮਬੰਦ ਹੋਏ ਤੇ ਭੜਕ ਪਏ। ਇਹ ਪੁੱਛੇ ਜਾਣ 'ਤੇ ਕਿ ਸੰਸਦ ਮੈਂਬਰ ਤਾਂ ਐਤਵਾਰ ਸੰਭਲ ਵਿਚ ਹੀ ਨਹੀਂ ਸੀ, ਸਗੋਂ ਬੇਂਗਲੁਰੂ ਵਿਚ ਸੀ ਤਾਂ ਕੁਮਾਰ ਨੇ ਕਿਹਾ ਕਿ ਬਰਕ ਨੂੰ ਉਸ ਦੇ ਪਹਿਲੇ ਬਿਆਨਾਂ ਦੇ ਅਧਾਰ 'ਤੇ ਨਾਮਜ਼ਦ ਕੀਤਾ ਗਿਆ ਹੈ।

ਉਨ੍ਹਾ ਕਿਹਾ ਕਿ ਪੱਥਰ ਮਾਰ ਕੇ ਮਸਜਿਦ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਵੀ ਸ਼ਨਾਖਤ ਕੀਤੀ ਜਾਵੇਗੀ ਅਤੇ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ। ਕੁਮਾਰ ਨੇ ਕਿਹਾ ਕਿ ਹੁਣ ਤੱਕ 25 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਸ਼ਹਿਰ 'ਚ ਸ਼ਾਂਤੀ ਬਣੀ ਹੋਈ ਹੈ ਅਤੇ ਲੋਕਾਂ ਨੇ ਆਪਣੀਆਂ ਦੁਕਾਨਾਂ ਖੋਲ੍ਹ ਲਈਆਂ ਹਨ।

ਸਪਾ ਦੇ ਸੰਸਦ ਮੈਂਬਰ ਬਰਕ ਨੇ ਦੋਸ਼ ਲਾਇਆ ਹੈ ਕਿ ਹਿੰਸਾ ਦੀ ਇਹ ਸਾਜ਼ਿਸ਼ ਪ੍ਰਸ਼ਾਸਨ ਵੱਲੋਂ ਰਚੀ ਗਈ ਅਤੇ ਉਸ ਤਹਿਤ ਮਾਸੂਮ ਲੋਕਾਂ ਦੀਆਂ ਜਾਨਾਂ ਲਈਆਂ ਗਈਆਂ। ਘਟਨਾ ਵੇਲੇ ਉਹ ਸੰਭਲ ਤਾਂ ਕੀ ਸੂਬੇ ਵਿੱਚ ਵੀ ਨਹੀਂ ਸਨ, ਉਹ ਤਾਂ ਆਲ ਇੰਡੀਆ ਪਰਸਨਲ ਲਾਅ ਬੋਰਡ ਦੀ ਮੀਟਿੰਗ ਵਿਚ ਹਿੱਸਾ ਲੈਣ ਲਈ ਬੇਂਗਲੁਰੂ ਗਏ ਹੋਏ ਸਨ, ਪਰ ਉਨ੍ਹਾ ਖਿਲਾਫ ਗਲਤ ਢੰਗ ਨਾਲ ਕੇਸ ਦਰਜ ਕੀਤਾ ਗਿਆ ਹੈ।

## ਏਟਾ 'ਚ ਵੀ ਕਲੇਸ਼ ਪੈ ਗਿਆ

**ਏਟਾ (ਯੂ ਪੀ)** : ਇੱਥੋਂ ਦੇ ਜਲਸਰ ਦੀ ਇਕ ਦਰਗਾਹ ਨੇੜੇ ਨਿੱਜੀ ਜ਼ਮੀਨ ਦੇ ਪਲਾਟ 'ਤੇ ਕੀਤੀ ਜਾ ਰਹੀ ਉਸਾਰੀ ਦਾ ਲੋਕਾਂ ਦੇ ਇੱਕ ਸਮੂਹ ਵੱਲੋਂ ਵਿਰੋਧ ਕਰਨ ਤੋਂ ਬਾਅਦ ਦੋ ਧਿਰਾਂ ਦਰਮਿਆਨ ਹਿੰਸਕ ਝੜਪ ਹੋ ਗਈ। ਅਧਿਕਾਰੀਆਂ ਨੇ ਕਿਹਾ ਕਿ ਇਹ ਥਾਂ ਵਕਫ ਬੋਰਡ ਦੀ ਸੰਪਤੀ ਹੈ। ਉਨ੍ਹਾਂ ਦੱਸਿਆ ਕਿ ਐਤਵਾਰ ਦੇਰ ਸ਼ਾਮ ਵਾਪਰੀ ਘਟਨਾ 'ਚ ਕਈ ਲੋਕ ਜ਼ਖਮੀ ਹੋ ਗਏ ਅਤੇ ਜਾਇਦਾਦ ਨੂੰ ਕਾਫੀ ਨੁਕਸਾਨ ਪਹੁੰਚਿਆ। ਪੁਲਸ ਨੇ ਇਸ ਮਾਮਲੇ ਵਿਚ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ 16 ਸ਼ੱਕੀਆਂ ਅਤੇ 150 ਦੇ ਕਰੀਬ ਅਣਪਛਾਤਿਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

ਪੁਲਸ ਅਨੁਸਾਰ ਇਹ ਝੜਪ ਉਦੋਂ ਹੋਈ, ਜਦੋਂ ਕਥਿਤ ਤੌਰ 'ਤੇ ਰਫੀਕ ਦੀ ਅਗਵਾਈ ਵਾਲੇ ਵਿਅਕਤੀਆਂ ਨੇ ਅਨਿਲ ਕੁਮਾਰ ਉਪਾਧਿਆਏ ਅਤੇ ਹੋਰਨਾਂ ਦੀ ਮਾਲਕੀ ਵਾਲੀ ਜ਼ਮੀਨ ਦੇ ਪਲਾਟ 'ਤੇ ਉਸਾਰੀ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਕਿਹਾ ਕਿ ਇਸ ਜ਼ਮੀਨ ਨੂੰ ਵਕਫ ਬੋਰਡ ਦੀ ਜਾਇਦਾਦ ਦੱਸਿਆ ਜਾ ਰਿਹਾ ਹੈ ਤੇ ਇਕੱਠੇ ਹੋਏ ਲੋਕਾਂ ਨੇ ਚਾਰਦੀਵਾਰੀ ਨੂੰ ਢਾਹ ਦਿੱਤਾ ਅਤੇ ਇੱਕ ਦਰਜਨ ਤੋਂ ਵੱਧ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਤੇ ਪਥਰਾਅ ਕੀਤਾ। ਐੱਸ ਡੀ ਐੱਮ ਵਿਪਨ ਕੁਮਾਰ ਮੋਰਲ ਨੇ ਕਿਹਾ ਕਿ ਇਹ ਜ਼ਮੀਨ ਵਿਵਾਦਤ ਹੈ, ਜਿਸ ਦਾ ਸਰਵੇਖਣ ਨੰਬਰ 3181 ਤੋਂ 3192 ਹੈ ਅਤੇ ਇਹ ਨਿੱਜੀ ਜੱਦੀ ਜਾਇਦਾਦ ਹੈ, ਜਿਸ ਦੀ ਪੁਸ਼ਟੀ ਦਰਗਾਹ ਕਮੇਟੀ ਦੇ ਮੈਂਬਰਾਂ ਦੀ ਮੌਜੂਦਗੀ 'ਚ ਮਾਲ ਰਿਕਾਰਡ ਅਤੇ ਪਹਿਲਾਂ ਦੀ ਹੱਦਬੰਦੀ ਵੱਲੋਂ ਕੀਤੀ ਗਈ ਹੈ। ਏਟਾ ਦੇ ਐੱਸ ਐੱਸ ਪੀ ਸ਼ਿਆਮ ਨਰਾਇਣ ਸਿੰਘ ਨੇ ਕਿਹਾ ਕਿ ਪੁਲਸ ਨੇ ਸਥਿਤੀ ਨੂੰ ਕਾਬੂ ਵਿਚ ਕਰਨ ਲਈ ਤੁਰੰਤ ਕਾਰਵਾਈ ਕੀਤੀ।

ਅਧਿਕਾਰੀਆਂ ਨੇ ਦੱਸਿਆ ਕਿ ਪੁਲਸ ਨੇ ਸੋਮਵਾਰ ਇਸ ਘਟਨਾ ਦੇ ਮਾਸਟਰਮਾਈਂਡ ਰਫੀਕ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਉਨ੍ਹਾ ਕਿਹਾ ਕਿ ਦੋ ਮੁੱਖ ਮੁਲਜ਼ਮਾਂ ਦੀ ਪਛਾਣ ਫਰਮਾਨ ਉਰਫ ਬੰਟੀ ਅਤੇ ਰਫੀਕ ਪੁੱਤਰ ਅਬਦੁਲ ਲਤੀਫ ਵਜੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਕਿਸੇ ਨੂੰ ਵੀ ਕਾਨੂੰਨ ਅਤੇ ਵਿਵਸਥਾ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ।

## ਆਸਟਰੇਲੀਆ 'ਚ ਭਾਰਤ ਦੀ ਸਭ ਤੋਂ ਵੱਡੀ ਜਿੱਤ

**ਪਰਥ** : ਕਪਤਾਨ ਜਸਪ੍ਰੀਤ ਬੁਮਰਾਹ ਅਤੇ ਮੁਹੰਮਦ ਸਿਰਾਜ ਦੀ ਤੂਫਾਨੀ ਗੇਂਦਬਾਜ਼ੀ ਦੀ ਬਦੌਲਤ ਭਾਰਤ ਨੇ ਇੱਥੇ ਪਹਿਲੇ ਕ੍ਰਿਕਟ ਟੈਸਟ ਮੈਚ ਦੇ ਚੌਥੇ ਦਿਨ ਸੋਮਵਾਰ ਆਸਟਰੇਲੀਆ ਨੂੰ 295 ਦੌੜਾਂ ਨਾਲ ਹਰਾ ਕੇ ਇਸ ਮੁਲਕ 'ਚ ਆਪਣੀ ਸਭ ਤੋਂ ਵੱਡੀ ਜਿੱਤ ਦਰਜ ਕੀਤੀ ਹੈ। ਜਿੱਤ ਲਈ 534 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉੱਤਰੀ ਆਸਟਰੇਲੀਆ ਦੀ ਟੀਮ ਭਾਰਤ ਦੇ ਕਾਰਜਕਾਰੀ ਕਪਤਾਨ ਬੁਮਰਾਹ (42 ਦੌੜਾਂ 'ਤੇ ਤਿੰਨ ਵਿਕਟਾਂ) ਅਤੇ ਮੁਹੰਮਦ ਸਿਰਾਜ (51 ਦੌੜਾਂ 'ਤੇ ਤਿੰਨ ਵਿਕਟਾਂ) ਦੀ ਤਿੱਖੀ ਗੇਂਦਬਾਜ਼ੀ ਦੇ ਸਾਹਮਣੇ 58.4 ਓਵਰਾਂ 'ਚ 238 ਦੌੜਾਂ 'ਤੇ ਹੀ ਢਹਿ-ਢੇਰੀ ਹੋ ਗਈ।

## ਮੋਦੀ ਵੱਲੋਂ ਕੁਝ ਸਾਂਸਦਾਂ 'ਤੇ ਸੰਸਦ 'ਚ ਗੁੰਡਾਗਰਦੀ ਦਾ ਦੋਸ਼

**ਨਵੀਂ ਦਿੱਲੀ** : ਸੋਮਵਾਰ ਸੰਸਦ ਦਾ ਸਰਦ ਰੁੱਤ ਅਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਧਿਰ 'ਤੇ ਹੱਲਾ ਬੋਲਦਿਆਂ ਕਿਹਾ ਕਿ ਵੋਟਰਾਂ ਵੱਲੋਂ 80 ਤੋਂ 90 ਵਾਰ ਨਕਾਰੇ ਗਏ ਲੋਕ ਸੰਸਦ ਨੂੰ ਠੱਪ ਕਰ ਰਹੇ ਹਨ। ਇਹ ਮੁੱਠੀ-ਭਰ ਲੋਕ ਗੁੰਡਾਗਰਦੀ ਰਾਹੀਂ ਸੰਸਦ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਆਪਣਾ ਤਾਂ ਉਦੇਸ਼ ਸੰਸਦ ਨੂੰ ਰੋਕਣ ਤੋਂ ਵੱਧ ਜ਼ਿਆਦਾ ਸਫਲ ਨਹੀਂ ਹੁੰਦਾ, ਪਰ ਲੋਕ ਉਨ੍ਹਾਂ ਦੇ ਵਿਹਾਰ ਉਤੇ ਨਜ਼ਰ ਰੱਖਦੇ ਹਨ ਅਤੇ ਸਮਾਂ ਆਉਣ 'ਤੇ ਉਨ੍ਹਾਂ ਨੂੰ ਸਜ਼ਾ ਵੀ ਦਿੰਦੇ ਹਨ।

## ਸੰਵਿਧਾਨ ਦੀ ਪ੍ਰਸਤਾਵਨਾ 'ਚ 'ਸੋਸ਼ਲਿਜ਼ਮ' ਤੇ 'ਸੈਕੂਲਰ' ਸ਼ਬਦਾਂ ਨੂੰ ਚੈਲੰਜ ਕਰਨ ਵਾਲੀਆਂ ਪਟੀਸ਼ਨਾਂ ਸੁਪਰੀਮ ਕੋਰਟ ਵੱਲੋਂ ਰੱਦ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ ਵਿਚ ਸੋਮਵਾਰ ਸੰਵਿਧਾਨ 'ਚ 1976 'ਚ ਕੀਤੀ ਗਈ ਤਰਮੀਮ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ। ਇਸ ਤਰਮੀਮ ਰਾਹੀਂ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ 'ਸਮਾਜਵਾਦੀ', 'ਧਰਮ ਨਿਰਪੱਖ' ਅਤੇ 'ਅਖੰਡਤਾ' ਸ਼ਬਦ ਸ਼ਾਮਲ ਕੀਤੇ ਗਏ ਸਨ। ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਨੇ ਦੇਸ਼ ਵਿਚ ਜਾਰੀ ਐਮਰਜੈਂਸੀ ਦੌਰਾਨ 1976 ਵਿੱਚ 42ਵੀਂ ਸੰਵਿਧਾਨਕ ਸੋਧ ਦੇ ਤਹਿਤ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਇਹ ਸ਼ਬਦ ਜੋੜੇ ਸਨ।

ਚੀਫ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ ਦੀ ਬੈਂਚ ਨੇ 22 ਨਵੰਬਰ ਨੂੰ ਰਾਜ ਸਭਾ ਦੇ ਸਾਬਕਾ ਸੰਸਦ ਮੈਂਬਰ ਸੁਬਰਾਮਨੀਅਮ ਸਵਾਮੀ ਅਤੇ ਵਕੀਲ ਅਸ਼ਵਿਨੀ ਉਪਧਿਆਏ ਵੱਲੋਂ ਸੰਵਿਧਾਨ ਦੀ ਪ੍ਰਸਤਾਵਨਾ 'ਚ 'ਸਮਾਜਵਾਦੀ' ਅਤੇ 'ਧਰਮ ਨਿਰਪੱਖ' ਸ਼ਬਦਾਂ ਨੂੰ ਸ਼ਾਮਲ ਕਰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਅਜਿਹੀ ਇਕ ਪਟੀਸ਼ਨ ਬਲਰਾਮ ਸਿੰਘ ਵੱਲੋਂ ਐਡਵੋਕੇਟ ਵਿਸ਼ਨੂੰ ਸ਼ੰਕਰ ਜੈਨ ਰਾਹੀਂ 2020 'ਚ ਦਾਇਰ ਕੀਤੀ ਗਈ ਸੀ।

ਚੀਫ ਜਸਟਿਸ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ—ਰਿੱਟ ਪਟੀਸ਼ਨਾਂ ਨੂੰ ਹੋਰ ਵਿਚਾਰ-ਵਟਾਂਦਰੇ ਅਤੇ ਨਿਰਣੇ ਦੀ ਲੋੜ ਨਹੀਂ ਹੈ। ਸੰਸਦ ਨੂੰ ਸੰਵਿਧਾਨ ਵਿਚ ਸੋਧ ਕਰਨ ਦਾ ਅਖਤਿਆਰ ਹਾਸਲ ਹੈ ਤੇ ਇਸ ਘੇਰੇ ਵਿਚ ਪ੍ਰਸਤਾਵਨਾ ਵੀ ਆਉਂਦੀ ਹੈ।

ਚੀਫ ਜਸਟਿਸ ਨੇ ਕਿਹਾ ਕਿ ਫੈਸਲੇ ਨਾਲ ਸਾਫ ਹੋ ਜਾਂਦਾ ਹੈ ਕਿ ਏਨੇ ਸਾਲਾਂ ਬਾਅਦ ਪ੍ਰਕਿਰਿਆ ਨੂੰ ਇੰਝ ਰੱਦ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਕਿਹਾ ਕਿ ਸੰਵਿਧਾਨ ਨੂੰ

● ਬਾਕੀ ਸਫ਼ਾ 2 'ਤੇ

## ਸੰਸਦ ਦੇ ਸੀਤ ਰੁੱਤ ਅਜਲਾਸ ਦੀ ਤੱਤੀ ਸ਼ੁਰੂਆਤ

**ਨਵੀਂ ਦਿੱਲੀ** : ਆਪੋਜ਼ੀਸ਼ਨ ਵੱਲੋਂ ਵੱਖ-ਵੱਖ ਮੁੱਦਿਆਂ, ਖਾਸਕਰ ਅਡਾਨੀ ਰਿਸ਼ਵਤਖੋਰੀ ਮਾਮਲੇ ਅਤੇ ਯੂ ਪੀ ਦੇ ਸੰਭਲ ਤੇ ਮਨੀਪੁਰ ਦੀ ਹਿੰਸਾ ਨੂੰ ਲੈ ਕੇ ਸੋਮਵਾਰ ਲੋਕ ਸਭਾ ਤੇ ਰਾਜ ਸਭਾ ਵਿਚ ਕੀਤੇ ਗਏ ਹੰਗਾਮੇ ਦਰਮਿਆਨ ਦੋਵਾਂ ਸਦਨਾਂ ਦੀ ਕਾਰਵਾਈ ਕੋਈ ਖਾਸ ਕੰਮ-ਕਾਜ ਕੀਤੇ ਬਿਨਾਂ ਬੁੱਧਵਾਰ ਤੱਕ ਉਠਾ ਦਿੱਤੀ ਗਈ। ਸੋਮਵਾਰ ਸੰਸਦ ਦੇ ਸੀਤ ਰੁੱਤ ਅਜਲਾਸ ਦਾ ਪਹਿਲਾ ਦਿਨ ਸੀ।

ਰਾਜ ਸਭਾ ਦੀ ਕਾਰਵਾਈ ਉਦੋਂ ਦਿਨ-ਭਰ ਲਈ ਮੁਲਤਵੀ ਕਰ ਦਿੱਤੀ ਗਈ, ਜਦੋਂ ਕਾਂਗਰਸ ਦੀ ਅਗਵਾਈ ਵਿਚ ਆਪੋਜ਼ੀਸ਼ਨ ਪਾਰਟੀਆਂ ਨੇ ਅਡਾਨੀ ਸਮੂਹ ਦੇ ਬਾਨੀ ਚੇਅਰਮੈਨ ਗੌਤਮ ਅਡਾਨੀ ਉਤੇ ਲੱਗੇ ਰਿਸ਼ਵਤ ਦੇਣ ਦੇ ਮਾਮਲੇ ਵਿੱਚ ਅਮਰੀਕੀ ਅਦਾਲਤ 'ਚ ਦੋਸ਼ ਲਾਏ ਜਾਣ ਦਾ ਮੁੱਦਾ

● ਬਾਕੀ ਸਫ਼ਾ 2 'ਤੇ

## ਸਮਾਲ ਸਕੇਲ ਇੰਡਸਟਰੀਜ਼ ਤੇ ਛੋਟੇ ਕਾਰੋਬਾਰੀਆਂ ਦੇ ਰੁਜ਼ਗਾਰ ਖਤਮ ਕਰਨ ਲਈ ਮੋਦੀ ਤੇ ਮਾਨ ਦੋਸ਼ੀ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**

ਸਮਾਲ ਸਕੇਲ ਇੰਡਸਟਰੀਜ਼ ਤੇ ਛੋਟੇ ਕਾਰੋਬਾਰੀਆਂ ਦੇ ਰੁਜ਼ਗਾਰ ਨੂੰ ਖਤਮ ਕਰਨ ਲਈ ਮੋਦੀ ਤੇ ਮਾਨ ਸਰਕਾਰਾਂ ਬਰਾਬਰ ਦੀਆਂ ਦੋਸ਼ੀ ਹਨ, ਕਿਉਂਕਿ ਉਕਤ ਸਰਕਾਰਾਂ ਬਹੁ-ਕੌਮੀ ਕੰਪਨੀਆਂ ਤੇ ਪੂੰਜੀਪਤੀ ਘਰਾਣਿਆਂ ਨੂੰ ਲੋਕਾਂ ਦੀ ਲੁੱਟ ਲਈ ਰੁਜ਼ਗਾਰ ਦੇ ਵਸੀਲੇ ਖਤਮ ਕਰਨ ਲਈ ਸ਼ਹਿਰਾਂ ਵਿੱਚ ਵੱਡੇ-ਵੱਡੇ ਮਾਲ ਸਥਾਪਤ ਕੀਤੇ ਗਏ ਹਨ ਅਤੇ ਆਨਲਾਈਨ ਵਿਕਰੀ ਨੇ ਲੱਖਾਂ ਕਰਿਆਨਾ ਵਪਾਰੀਆਂ ਤੇ ਛੋਟੇ ਕਾਰੋਬਾਰੀਆਂ ਦੇ ਵਪਾਰ ਨੂੰ ਖਤਮ ਕੀਤਾ ਹੈ। ਕਾਰੋਬਾਰ ਦੀ ਸਲਾਮਤੀ ਲਈ ਦੋਵੇਂ ਸਰਕਾਰਾਂ ਕੋਈ ਉਪਰਾਲਾ ਕਰਨ ਦੀ ਬਜਾਏ ਉਲਟਾ ਸਰਮਾਏਦਾਰਾਂ ਪੱਖੀ ਨੀਤੀਆਂ ਨੂੰ ਧੜੱਲੇ ਨਾਲ ਲਾਗੂ ਕਰ ਰਹੀਆਂ ਹਨ।



ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਰੈਲੀ ਦੀ ਤਿਆਰੀ ਸੰਬੰਧੀ ਫੰਡ ਮੁਹਿੰਮ ਮੌਕੇ ਬਿਆਨ ਜਾਰੀ ਕਰਦਿਆਂ ਕੀਤਾ।

ਉਹਨਾ ਕਿਹਾ ਕਿ ਪਾਰਟੀ ਦੀ 100 ਵੀਂ ਵਰ੍ਹੇਗੰਢ ਮੌਕੇ ਹੋਣ ਵਾਲੀ ਰੈਲੀ ਸਮੇਂ ਕੇਂਦਰੀ ਆਗੂਆਂ ਸੀ ਪੀ ਆਈ ਦੇ ਕੌਮੀ ਸਕੱਤਰ ਐਨੀ ਰਾਜਾ ਤੇ ਸੂਬਾਈ ਲੀਡਰਸ਼ਿਪ ਵੱਲੋਂ ਛੋਟੇ ਕਾਰੋਬਾਰੀਆਂ ਤੇ ਕਰਿਆਨਾ ਵਪਾਰ ਨੂੰ ਬਚਾਉਣ ਤੇ ਸ਼ਹਿਰੀਆਂ ਦੀ ਅਵਾਜ਼ ਬੁਲੰਦ ਕਰਨ ਲਈ ਸਰਮਾਏਦਾਰਾਂ ਖਿਲਾਫ ਤਿੱਖੇ ਸੰਘਰਸ਼ ਦ ਾ

● ਬਾਕੀ ਸਫ਼ਾ 2 'ਤੇ

## ਪੰਜਾਬ ਖੇਤ ਮਜ਼ਦੂਰ ਸਭਾ ਅੱਜ ਦੇ ਅੰਦੋਲਨ 'ਚ ਵਧ-ਚੜ੍ਹ ਕੇ ਹਿੱਸਾ ਲਵੇਗੀ : ਦੇਵੀ ਕੁਮਾਰੀ



**ਸ਼ਾਹਕੋਟ (ਗਿਆਨ ਸੈਦਪੁਰੀ)**-ਸੰਯੁਕਤ ਕਿਸਾਨ ਮੋਰਚੇ ਅਤੇ ਟਰੇਡ ਯੂਨੀਅਨਾਂ ਵੱਲੋਂ 26 ਨਵੰਬਰ ਨੂੰ ਕਿਸਾਨ ਅੰਦੋਲਨ ਦੀ ਚੌਥੀ ਵਰ੍ਹੇਗੰਢ ਦੇ ਸੰਬੰਧ ਵਿੱਚ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਜੋਸ਼ੋ-ਖਰੋਸ਼ ਨਾਲ ਹਿੱਸਾ ਲਵੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸਭਾ ਦੇ ਸੂਬਾ ਪ੍ਰਧਾਨ ਪ੍ਰੀਤਮ ਸਿੰਘ ਨਿਆਮਤਪੁਰ ਅਤੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਦਿਨ ਉਲੀਕੇ ਗਏ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਫੈਸਲਾ 15 ਨਵੰਬਰ 2024 ਨੂੰ ਹਰਕਿਸ਼ਨ ਸਿੰਘ ਸੁਰਜੀਤ ਭਵਨ ਨਵੀਂ ਦਿੱਲੀ ਵਿੱਚ ਖੇਤ ਮਜ਼ਦੂਰ ਜਥੇਬੰਦੀਆਂ, ਕਿਸਾਨ ਐਸੋਸੀਏਸ਼ਨਾਂ ਅਤੇ ਸੰਯੁਕਤ ਮੋਰਚਾ ਦੀ ਹੋਈ ਸਾਂਝੀ ਮੀਟਿੰਗ ਵਿੱਚ ਲਿਆ ਗਿਆ ਸੀ। ਇਸ ਮੀਟਿੰਗ ਵਿੱਚ ਖੇਤੀਬਾੜੀ ਦੇ ਕਾਰਪੋਰੇਟੀਕਰਨ ਵਿਰੁੱਧ ਤੇ ਫ਼ਿਰਕੂ ਨੀਤੀਆਂ ਦੇ ਵਿਰੁੱਧ ਸੰਘਰਸ਼ ਤੇਜ਼ ਕਰਨ ਦਾ

● ਬਾਕੀ ਸਫ਼ਾ 2 'ਤੇ

## ਪੀ ਐੱਸ ਪੀ ਸੀ ਐੱਲ 'ਚ 1311 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੋਮਵਾਰ ਆਪਣੇ ਕਾਰਜਕਾਲ ਦੇ ਮਹਿਜ਼ 32 ਮਹੀਨਿਆਂ ਵਿੱਚ 50,000 ਦੇ ਕਰੀਬ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਵਾਂ ਕੀਰਤੀਮਾਨ ਕਾਇਮ ਕੀਤਾ ਹੈ। ਮੁੱਖ ਮੰਤਰੀ ਨੇ ਪੀ ਐੱਸ ਪੀ ਸੀ ਐੱਲ ਵਿੱਚ 1311 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ, ਜਿਸ ਨਾਲ ਮਾਰਚ, 2022 ਵਿੱਚ ਅਹੁਦਾ ਸੰਭਾਲਣ ਤੋਂ ਲੈ ਕੇ ਹੁਣ ਤੱਕ ਕੁੱਲ 49,427 ਸਰਕਾਰੀ ਮੁਲਾਜ਼ਮਾਂ ਦੀ ਭਰਤੀ ਕੀਤੀ ਗਈ ਹੈ।ਇਸ ਮੌਕੇ ਮੁੱਖ ਮੰਤਰੀ ਨੇ ਸਰਕਾਰੀ ਨੌਕਰੀਆਂ ਹਾਸਲ ਕਰਨ ਵਾਲੇ ਸਾਰੇ ਨੌਜਵਾਨਾਂ ਨੂੰ ਇਸ ਸ਼ੁਭ ਦਿਨ ਦੀ ਵਧਾਈ



ਦਿੱਤੀ।ਉਨ੍ਹਾ ਕਿਹਾ ਕਿ ਇਹ ਸੂਬੇ ਦੇ ਨੌਜਵਾਨਾਂ 'ਤੇ ਕੋਈ ਅਹਿਸਾਨ ਨਹੀਂ, ਸਗੋਂ ਉਹ ਇਨ੍ਹਾਂ ਨੌਕਰੀਆਂ ਦੇ ਹੱਕਦਾਰ ਹਨ, ਪਰ ਪਿਛਲੀਆਂ ਸਰਕਾਰਾਂ ਨੇ ਉਨ੍ਹਾਂ ਬਾਰੇ ਕਦੇ ਸੋਚਿਆ ਹੀ ਨਹੀਂ। ਮਾਨ ਨੇ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਦੀ ਗੱਲ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਪੂਰੀ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਮਿਲੀਆਂ ਹਨ।

ਉਹਨਾ ਕਿਹਾ ਕਿ ਸਮੁੱਚੀ ਭਰਤੀ ਪ੍ਰਕਿਰਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ

● ਬਾਕੀ ਸਫ਼ਾ 2 'ਤੇ

## ਕੈਨੇਡਾ ਪੰਜਾਬੀਆਂ ਦਾ ਹੋਰ ਨਮਦਾ ਕੱਸਣ ਲੱਗਾ

### ਪੱਕੇ ਹੋਣ ਲਈ ਐੱਲ ਐੱਮ ਆਈ ਏ ਵਾਲਾ ਰਾਹ ਬੰਦ ਹੋਵੇਗਾ

**ਵਿਨੀਪੈਗ** : ਕੈਨੇਡਾ ਸਰਕਾਰ ਸਖਤ ਫੈਸਲੇ ਲੈ ਕੇ ਪਰਵਾਸੀਆਂ, ਖਾਸਕਰ ਪੰਜਾਬੀਆਂ ਦੀਆਂ ਮੁਸ਼ਕਲਾਂ ਵਧਾਉਂਦੀ ਜਾ ਰਹੀ ਹੈ। ਹੁਣ ਪੰਜਾਬੀਆਂ ਦੇ ਕੈਨੇਡਾ ਵਿਚ ਪੱਕੇ ਹੋਣ ਦਾ ਆਖਰੀ ਰਾਹ ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ (ਲੇਬਰ ਮਾਰਕਿਟ ਇੰਪੈਕਟ ਅਸੈੱਸਮੈਂਟਸ—ਐੱਲ ਐੱਮ ਆਈ ਏ) ਨੂੰ ਵੀ ਬੰਦ ਕੀਤਾ ਜਾ ਰਿਹਾ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡਾ ਦੀ ਪੱਕੀ ਰਿਹਾਇਸ਼ ਲਈ ਐੱਲ ਐੱਮ ਆਈ ਏ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ ਅਤੇ ਫੈਡਰਲ ਸਰਕਾਰ ਇਸ ਰਾਹੀਂ ਮਿਲਣ ਵਾਲੇ 50 ਵਾਧੂ ਅੰਕਾਂ ਦੀ ਸਹੂਲਤ ਖਤਮ ਕਰਨ 'ਤੇ ਵਿਚਾਰ ਕਰ ਰਹੀ ਹੈ।

ਇਸ ਵੇਲੇ ਬਿਨੈਕਾਰ ਇੱਕ ਐੱਲ ਐੱਮ ਆਈ ਏ ਲਈ 50 ਅੰਕ ਜਾਂ ਐਕਸਪ੍ਰੈੱਸ ਐਂਟਰੀ ਪ੍ਰਣਾਲੀ ਦੇ ਅਧੀਨ ਪ੍ਰਬੰਧਨ ਦੇ ਅਹੁਦਿਆਂ ਲਈ 200 ਅੰਕ ਪ੍ਰਾਪਤ ਕਰ ਸਕਦੇ ਹਨ। ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ ਦੇ ਨਾਂਅ 'ਤੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ ਅਤੇ ਕਾਲਾ-ਬਾਜ਼ਾਰੀ ਕਰਦਿਆਂ ਇਕ ਕਾਗਜ਼ ਲਈ 70 ਹਜ਼ਾਰ ਡਾਲਰ ਤੱਕ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਦੇ ਮੱਦੇਨਜ਼ਰ ਕੈਨੇਡਾ ਸਰਕਾਰ ਇਮੀਗ੍ਰੇਸ਼ਨ ਨਿਯਮਾਂ ਵਿਚ ਸਖਤੀ ਕਰਨ ਲਈ ਮਜਬੂਰ ਹੋ ਰਹੀ ਹੈ। ਸੋਸ਼ਲ ਮੀਡੀਆ 'ਤੇ ਠੱਗ ਏਜੰਟਾਂ ਵੱਲੋਂ ਐੱਲ ਐੱਮ ਆਈ ਏ ਰਾਹੀਂ ਯਕੀਨੀ ਪੀ ਆਰ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ।

ਪ੍ਰਾਪਤ ਜਾਣਕਾਰੀ ਮੁਤਾਬਕ ਫਰਜ਼ੀ ਨੌਕਰੀਆਂ ਲਈ ਐੱਲ ਐੱਮ ਆਈ ਏ ਤਿਆਰ ਕਰਵਾਏ ਜਾਂਦੇ ਹਨ ਅਤੇ ਨੌਜਵਾਨਾਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਵੇਲੇ ਕੈਨੇਡੀਅਨ ਪੀ ਆਰ ਲਈ ਸੀ ਆਰ ਐੱਸ ਸਕੋਰ 500 ਤੋਂ ਉੱਤੇ ਚੱਲ ਰਿਹਾ ਹੈ ਅਤੇ ਐੱਲ ਐੱਮ ਆਈ ਏ ਦੇ 50 ਵਾਧੂ ਅੰਕ ਪੀ ਆਰ ਦਿਵਾਉਣ ਵਿਚ ਕਾਰਗਰ ਸਾਬਤ ਹੁੰਦੇ ਹਨ, ਪਰ ਜ਼ਿਆਦਾਤਰ ਮਾਮਲਿਆਂ ਵਿਚ ਇਸ ਸਹੂਲਤ ਦੀ ਵਰਤੋਂ ਠੱਗੀ-ਠੋਰੀ ਲਈ ਕੀਤੀ ਜਾ ਰਹੀ ਹੈ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਵੱਲੋਂ 10 ਸਾਲ ਦੀ ਮਿਆਦ ਵਾਲੇ ਮਲਟੀਪਲ ਐਂਟਰੀ ਵੀਜ਼ਾ ਬੰਦ ਕੀਤੇ ਜਾ ਚੁੱਕੇ ਹਨ ਅਤੇ ਜ਼ਿਆਦਾਤਰ ਮਾਮਲਿਆਂ ਵਿਚ ਸਿੰਗਲ ਐਂਟਰੀ ਵੀਜ਼ਾ ਹੀ ਜਾਰੀ ਕੀਤੇ ਜਾ ਰਹੇ ਹਨ। ਸਿਰਫ ਐਨਾ ਹੀ ਨਹੀਂ, ਕੌਮਾਂਤਰੀ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ ਵੀ ਘਟਾ ਕੇ 4 ਲੱਖ 37 ਹਜ਼ਾਰ ਕੀਤੀ ਜਾ ਚੁੱਕੀ ਹੈ।

ਮਾਰਕ ਮਿਲਰ ਨੇ ਵਰਕ ਪਰਮਿਟ ਦੀ ਮਿਆਦ ਵਿਚ ਵਾਧਾ ਕਰਨ ਲਈ ਬਰੈਂਪਟਨ ਵਿਖੇ ਪੱਕੇ ਰੋਸ ਧਰਨੇ 'ਤੇ ਬੈਠੇ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਟੱਡੀ ਵੀਜ਼ਾ ਤੋਂ ਕੈਨੇਡੀਅਨ ਪੀ ਆਰ ਤੱਕ ਪਹੁੰਚਣ ਦਾ ਰਾਹ ਕੋਈ ਸੌਖਾ ਰਾਹ ਨਹੀਂ। ਕੋਈ ਵਿਦਿਆਰਥੀ ਇਹ ਸੋਚ ਕੇ ਕੈਨੇਡਾ ਨਾ ਆਵੇ ਕਿ ਉਹ ਯਕੀਨੀ ਤੌਰ 'ਤੇ ਪੀ ਆਰ ਹਾਸਲ ਕਰ ਲਵੇਗਾ। ਮਾਰਕ ਮਿਲਰ ਵੱਲੋਂ ਪਿਛਲੇ ਦਿਨੀਂ ਕੌਮਾਂਤਰੀ ਵਿਦਿਆਰਥੀਆਂ ਵਾਸਤੇ ਕਈ ਹਾਂ-ਪੱਖੀ ਐਲਾਨ ਵੀ ਕੀਤੇ ਗਏ, ਜਿਨ੍ਹਾਂ ਤਹਿਤ ਹਫਤੇ ਵਿਚ ਕੰਮ ਦਾ ਸਮਾਂ 20 ਘੰਟੇ ਤੋਂ ਵਧਾ ਕੇ 24 ਘੰਟੇ ਕਰ ਦਿੱਤਾ ਗਿਆ, ਪਰ ਇਸ ਦੇ ਨਾਲ ਹੀ ਕਾਲਜ ਬਦਲਣ ਦੀ ਸੂਰਤ ਵਿਚ ਨਵੇਂ ਸਿਰੇ ਤੋਂ ਸਟੱਡੀ ਵੀਜ਼ਾ ਅਰਜ਼ੀ ਦਾਖਲ ਕਰਨ ਦਾ ਨਿਯਮ ਵੀ ਲਾਗੂ ਕਰ ਦਿੱਤਾ ਗਿਆ।

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਆਗੂ ਸੱਦ ਲਏ ਸੁਣੇ ਆ ਸਿੰਘ ਸਾਹਿਬਾਂ,
ਹੋਊ ਕਈਆਂ ਨੂੰ ਚਿੰਤਾ ਗਈ ਲੱਗ ਭਾਈ,
ਹਕੂਮਤ ਮਾਣਦੇ ਕਰੀ ਗਏ ਚੁਸਤੀਆਂ ਜੋ,
ਹਰ ਇੱਕ ਚੁਸਤੀ ਨੂੰ ਜਾਣਦਾ ਜੱਗ ਭਾਈ।
ਦੂਸਰੇ ਘਰੀਂ ਮੁਆਤਾ ਸਨ ਰਹੇ ਲਾਉਂਦੇ,
ਆਪਣੇ ਤੀਕ ਵੀ ਪੁੱਜੀ ਉਹ ਅੱਗ ਭਾਈ।
ਹੋਈ ਪਈ ਫੇਲ੍ਹ ਬਦਨੀਤੀ ਦੀ ਰਾਜਨੀਤੀ,
ਉੱਡ ਗਈ ਭਾਫ ਤਾਂ ਰਹੀ ਨਾ ਝੱਗ ਭਾਈ।
ਪਾਰਟੀ ਸਿੱਖਾਂ ਦੀ ਉਨ੍ਹਾਂ ਵਿੱਚ ਜਾਣ ਔਖਾ,
ਆ ਗਿਆ ਬਾਹਲਾ ਕਸੂਤਾ ਹੈ ਦੌਰ ਭਾਈ।
ਅਗਲੇ ਹਫਤੇ ਕੀ ਪਤਾ ਨਹੀਂ ਹੋਣ ਵਾਲਾ,
ਜਾਪਦੇ ਸਿੱਧੇ ਨਹੀਂ ਵਕਤ ਦੇ ਤੌਰ ਭਾਈ।

-ਤੀਸ ਮਾਰ ਖਾਂ

## ਇਜ਼ਰਾਈਲ ਦੀ ਮਾਰ ਤੋਂ ਬਾਅਦ ਕੁਦਰਤ ਦੀ ਮਾਰ ਦਾ ਖਤਰਾ

**ਜਨੇਵਾ** : ਵਿਸ਼ਵ ਸਿਹਤ ਸੰਗਠਨ ਦੇ ਬੁਲਾਰੇ ਡਾ. ਮਾਰਗਰੇਟ ਹੈਰਿਸ ਨੇ ਜਨੇਵਾ 'ਚ ਪੱਤਰਕਾਰਾਂ ਨੂੰ ਦੱਸਿਆ ਕਿ ਬਾਰਿਸ਼ਾਂ 'ਚ ਗਾਜ਼ਾ 'ਚ ਲੋਕਾਂ ਦਾ ਦਰਦ ਹੋਰ ਵਧੇਗਾ। ਇਹ ਸਥਿਤੀ ਉਦੋਂ ਬਣ ਰਹੀ ਹੈ, ਜਦ ਸੀਵਰੇਜ 'ਚ ਰੁਕਾਵਟ ਅਤੇ ਪਾਣੀ ਦੀ ਕਿੱਲਤ ਕਾਰਨ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਅਤੇ ਜੀਵਾਣੂ ਸੰਬੰਧੀ ਸੰਕਰਮਣ 'ਚ ਵਾਧਾ ਦਰਜ ਕੀਤਾ ਗਿਆ ਹੈ। ਮੱਧ ਅਕਤੂਬਰ ਤੋਂ ਬਾਅਦ ਹੁਣ ਤੱਕ ਦਸਤ ਦੇ ਸਾਢੇ 33 ਹਜ਼ਾਰ ਤੋਂ ਵੱਧ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਹਨ। ਇਜ਼ਰਾਈਲੀ ਹਮਲਿਆਂ ਕਾਰਨ ਬੇਘਰ ਹੋਏ 5 ਲੱਖ 80 ਹਜ਼ਾਰ ਫਲਸਤੀਨੀ ਸ਼ੈਲਟਰਾਂ ਦੀ ਭਾਲ 'ਚ ਹਨ। ਪਹਿਲਾਂ ਤੋਂ ਮੌਜੂਦ ਸ਼ੈਲਟਰਾਂ 'ਚ ਸਮਰਥਾ ਤੋਂ ਨੌਂ ਗੁਣਾ ਵੱਧ ਲੋਕਾਂ ਨੇ ਪਨਾਹ ਲਈ ਹੋਈ ਹੈ ਅਤੇ ਭੀੜ-ਭਾੜ ਹੋਣ ਕਾਰਨ ਸਿਹਤ ਸਹੂਲਤਾਂ ਪਹੁੰਚਣੀਆਂ ਵੀ ਮੁਸ਼ਕਲ ਹੋ ਗਈਆਂ ਹਨ। ਡਾਕਟਰ ਹੈਰਿਸ ਨੇ ਫੌਰੀ ਜੰਗਬੰਦੀ ਲਾਗੂ ਕਰਨ ਦੀ ਅਪੀਲ ਕੀਤੀ ਹੈ। ਡਾ. ਹੈਰਿਸ ਨੇ ਗਾਜ਼ਾ ਸਿਟੀ 'ਚ ਸਥਿਤ ਅਲ ਸ਼ਿਫਾ ਹਸਪਤਾਲ 'ਚ ਗੰਭੀਰ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਸਪਤਾਲ ਨੂੰ ਇਜ਼ਰਾਈਲੀ ਫੌਜ ਨੇ ਹਮਲਿਆਂ ਦਾ ਕੇਂਦਰ ਬਣਾ ਰੱਖਿਆ ਹੈ। ਇਜ਼ਰਾਈਲ ਦਾ ਦਾਅਵਾ ਹੈ ਕਿ ਇੱਥੇ ਹਮਾਸ ਨੇ ਕਮਾਂਡ ਸੈਂਟਰ ਸਥਾਪਤ ਕੀਤਾ ਹੋਇਆ, ਪਰ ਮੈਡੀਕਲ ਸਟਾਫ ਨੇ ਇਸ ਦੋਸ਼ ਨੂੰ ਨਕਾਰਿਆ ਹੈ। ਡਾ. ਹੈਰਿਸ ਨੇ ਦੱਸਿਆ ਕਿ 11 ਨਵੰਬਰ ਤੋਂ ਬਾਅਦ ਹਸਪਤਾਲ 'ਚ ਬਿਜਲੀ ਨਹੀਂ ਹੈ ਅਤੇ ਨਾ ਹੀ ਖਾਣ ਲਈ ਲੋੜੀਂਦਾ ਭੋਜਨ ਤੇ ਪੀਣ ਵਾਲਾ ਪਾਣੀ ਹੈ। ਇਸ ਦੇ ਬਾਵਜੂਦ ਹਸਪਤਾਲ 'ਚ ਡਾਕਟਰ ਸਿਹਤ ਸਹੂਲਤਾਂ ਦੇਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਕਿਹਾ ਕਿ ਹਸਪਤਾਲ 'ਚ ਹੁਣ ਵੀ 700 ਮਰੀਜ਼ ਅਤੇ 400 ਤੋਂ ਵੱਧ ਸਿਹਤਕਰਮੀ ਮੌਜੂਦ ਹਨ। ਇਸ ਤੋਂ ਇਲਾਵਾ ਤਿੰਨ ਹਜ਼ਾਰ ਤੋਂ ਵੱਧ ਬੇਘਰ ਹੋਏ ਲੋਕਾਂ ਨੇ ਇੱਥੇ ਪਨਾਹ ਲਈ ਹੋਈ ਹੈ। ਡਾ. ਹੈਰਿਸ ਨੂੰ ਮਰੀਜ਼ਾਂ ਨੂੰ ਹਸਪਤਾਲ ਤੋਂ ਕੱਢ ਕੇ ਸੁਰੱਖਿਅਤ ਸਥਾਨ 'ਤੇ ਲੈ ਜਾਣ ਦੀ ਸੰਭਾਵਨਾ ਬਾਰੇ ਜਦ ਸਵਾਲ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਅਲ ਸ਼ਿਫਾ 'ਚ ਭਰਤੀ ਮਰੀਜ਼ਾਂ ਨੂੰ ਬਹੁਤ ਜ਼ਰੂਰੀ ਡਾਕਟਰੀ ਸਹਾਇਤਾ ਦੀ ਜ਼ਰੂਰਤ ਹੈ। ਜੇ ਹਾਲਾਤ ਅਨੁਕੂਲ ਹੋਣ ਤਾਂ ਵੀ ਉਨ੍ਹਾਂ ਨੂੰ ਉਥੋਂ ਲੈ ਜਾਣਾ ਬੇਹੱਦ ਮੁਸ਼ਕਲ ਹੋਵੇਗਾ ਅਤੇ ਬੰਬਾਰੀ, ਗੋਲੀਬਾਰੀ ਤੇ ਐਂਬੂਲੈਂਸ ਲਈ ਤੇਲ ਦੀ ਘਾਟ 'ਚ ਇਹ ਹੋਰ ਵੀ ਚੁਣੌਤੀਪੂਰਨ ਹੋ ਗਿਆ ਹੈ। ਇਸ ਦੇ ਮੱਦੇਨਜ਼ਰ ਡਾ. ਹੈਰਿਸ ਨੇ ਜ਼ੋਰ ਦੇ ਕੇ ਕਿਹਾ ਕਿ ਫਿਲਹਾਲ ਸਹੀ ਰਸਤਾ ਤਾਂ ਇਹ ਹੈ ਕਿ ਟਕਰਾਅ ਨੂੰ ਰੋਕਿਆ ਜਾਵੇ ਅਤੇ ਜ਼ਿੰਦਗੀਆਂ ਲੈਣ ਦੀ ਬਜਾਏ, ਉਨ੍ਹਾਂ ਦੀ ਰੱਖਿਆ ਕਰਨ 'ਤੇ ਜ਼ੋਰ ਦਿੱਤਾ ਜਾਵੇ। ਪਿਛਲੇ ਇੱਕ ਮਹੀਨੇ ਦੌਰਾਨ ਗਾਜ਼ਾ 'ਚ ਹਸਪਤਾਲਾਂ 'ਤੇ 135 ਹਮਲੇ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ। ਹਸਪਤਾਲਾਂ 'ਤੇ ਹਮਲਿਆਂ ਦਾ ਰੁਝਾਨ ਵਧ ਰਿਹਾ ਹੈ, ਜਿਸ ਤਰ੍ਹਾਂ ਹਾਲ ਦੇ ਦਿਨਾਂ 'ਚ ਲਿਬਨਾਨ ਅਤੇ ਯੂਕਰੇਨ 'ਚ ਜਾਰੀ ਲੜਾਈ ਦੌਰਾਨ ਦੇਖਣ ਨੂੰ ਮਿਲਿਆ ਹੈ। ਉਨ੍ਹਾ ਕਿਹਾ ਕਿ ਇਹ ਸਮਝ ਤੋਂ ਪਰ੍ਹੇ ਹੈ, ਜਦੋਂ ਕਿ ਹਸਪਤਾਲ ਸੁਰੱਖਿਅਤ ਸਥਾਨ ਹੈ, ਜਿੱਥੇ ਲੋਕ ਜ਼ਰੂਰਤ ਹੋਣ 'ਤੇ ਇਲਾਜ ਲਈ ਜਾ ਸਕਦੇ ਹਨ, ਪਰ ਇਸ ਤਰ੍ਹਾਂ ਲੱਗਦਾ ਹੈ ਕਿ ਇਸ ਨੂੰ ਹੁਣ ਭੁਲਾ ਦਿੱਤਾ ਗਿਆ ਹੈ।



## ਵਰਲਡ 'ਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਕੋਹੜ ਦੇ ਮਰੀਜ਼ਾਂ ਤੇ ਪਰਵਾਰਾਂ ਦੀ ਸਹਾਇਤਾ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਵਿਦਿਆਰਥੀਆਂ ਨੇ ਪ੍ਰੋ. (ਡਾ.) ਪ੍ਰਿਤ ਪਾਲ ਸਿੰਘ ਵਾਈਸ ਚਾਂਸਲਰ ਦੀ ਸਰਪ੍ਰਸਤੀ ਹੇਠ ਖੰਨਾ ਵਿੱਚ ਕੋੜ੍ਹ ਦੇ ਮਰੀਜ਼ਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਸਹਾਇਤਾ ਪ੍ਰਦਾਨ ਕੀਤੀ।ਦੌਰੇ ਦੌਰਾਨ ਵਿਦਿਆਰਥੀਆਂ ਨੇ ਮਰੀਜ਼ਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਕੰਬਲ, ਕਰਿਆਨਾ ਤੇ ਹੋਰ ਜ਼ਰੂਰੀ ਸਾਮਾਨ ਵੰਡਿਆ।ਉਦਾਰਤਾ ਦੇ ਇਸ ਕੰਮ ਦਾ ਉਦੇਸ਼ ਮੱਦਦ ਤੇ ਲੋੜੀਂਦੀ ਵਸਤਾਂ ਪ੍ਰਦਾਨ ਕਰਨਾ ਸੀ।ਆਪਸੀ ਤਾਲਮੇਲ ਨੇ ਵਿਦਿਆਰਥੀਆਂ ਨੂੰ ਕੋੜ੍ਹ ਤੋਂ ਪ੍ਰਭਾਵਿਤ ਵਿਅਕਤੀਆਂ ਦੁਆਰਾ ਦਰਪੇਸ਼ ਹਕੀਕਤਾਂ, ਹਮਦਰਦੀ ਤੇ ਭਾਈਚਾਰਕ ਸੇਵਾ ਨੂੰ ਉਤਸ਼ਾਹਤ ਕਰਨ ਲਈ ਜਾਣਕਾਰੀ ਦਿੱਤੀ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਦੀ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਸਮਰਪਣ ਦੀ ਸ਼ਲਾਘਾ ਕੀਤੀ।ਇਸ ਪਹਿਲਕਦਮੀ ਦੀ ਅਗਵਾਈ ਵਿਭਾਗ ਦੇ ਇੰਚਾਰਜ ਡਾ: ਨਵਨੀਤ ਕੌਰ ਦੀ ਅਗਵਾਈ ਹੇਠ ਸ੍ਰ. ਅੰਮ੍ਰਿਤਪਾਲ ਸਿੰਘ ਤੇ ਸ੍ਰੀਮਤੀ ਸੰਦੀਪ ਕੌਰ ਸਹਾਇਕ ਪ੍ਰੋਫੈਸਰਾਂ ਨੇ ਕੀਤੀ।ਉਨ੍ਹਾਂ ਵਿਭਾਗ ਦੇ ਸਮੂਹਕ ਯਤਨਾਂ 'ਤੇ ਮਾਣ ਕਰਦੇ ਹੋਏ ਕਿਹਾ ਕਿ ਅਜਿਹੀਆਂ ਚੈਰੀਟੇਬਲ ਗਤੀਵਿਧੀਆਂ ਯੂਨੀਵਰਸਿਟੀ ਸਕੂਲ ਆਫ਼ ਲਾਅ ਦੀਆਂ ਮੁੱਖ ਕਦਰਾਂ-ਕੀਮਤਾਂ ਤੇ ਅਰਥਪੂਰਨ ਸਮਾਜਿਕ ਪਹੁੰਚ ਲਈ ਇਸ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।ਇਹ ਦੌਰਾ ਪਰਵਾਰਾਂ ਤੇ ਮਰੀਜ਼ਾਂ ਦੇ ਧੰਨਵਾਦ ਦੇ ਪ੍ਰਗਟਾਵੇ ਨਾਲ ਸਮਾਪਤ ਹੋਇਆ।ਇਸ ਪਹਿਲਕਦਮੀ ਨੇ ਕਾਨੂੰਨੀ ਸਿੱਖਿਆ ਤੇ ਨਿੱਜੀ ਵਿਕਾਸ ਦੇ ਅਨਿੱਖੜਵੇਂ ਅੰਗਾਂ ਵਜੋਂ ਸਮਾਜਿਕ ਹਮਦਰਦੀ ਤੇ ਭਾਈਚਾਰਕ ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ।

## ਜਲ ਤੇ ਸੈਨੀਟੇਸ਼ਨ ਮਿਸ਼ਨ ਦੀ ਮੀਟਿੰਗ 'ਚ ਡੀ ਸੀ ਵੱਲੋਂ ਕੰਮਾਂ ਦੀ ਸਮੀਖਿਆ

**ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ)**-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਜਲ ਤੇ ਸੈਨੀਟੇਸ਼ਨ ਮਿਸ਼ਨ ਦੀ ਮੀਟਿੰਗ ਸੋਮਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਹੋਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਪਿੰਡਾਂ ਵਿੱਚ ਕਰਵਾਏ ਜਾਣ ਵਾਲੇ ਕੰਮਾਂ ਦੀ ਸਮੀਖਿਆ ਕੀਤੀ। ਉਨ੍ਹਾ ਬੈਠਕ ਦੌਰਾਨ ਜਲ ਸਪਲਾਈ ਤੇ ਸੈਨੀਟੇਸ਼ਨ, ਪੇਂਡੂ ਵਿਕਾਸ ਵਿਭਾਗ ਤੇ ਪੰਚਾਇਤੀ ਰਾਜ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਤਹਿਤ ਜ਼ਿਲ੍ਹੇ ਵਿੱਚ ਹੋਣ ਵਾਲੇ ਕੰਮਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕੀਤਾ ਜਾਵੇ। ਉਨ੍ਹਾ ਕਿਹਾ ਕਿ ਇਨ੍ਹਾਂ ਕੰਮਾਂ ਦੀ ਹਫਤਾਵਾਰੀ ਸਮੀਖਿਆ ਕੀਤੀ ਜਾਵੇਗੀ ਤਾਂ ਜੋ ਪਿੰਡਾਂ ਨੂੰ ਸਵੱਛ ਪਿੰਡ ਬਣਾਇਆ ਜਾ ਸਕੇ। ਬੈਠਕ ਦੌਰਾਨ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਫਾਜ਼ਿਲਕਾ ਸ੍ਰੀ ਧਰਮਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 635 ਨਿੱਜੀ ਪਖਾਨੇ ਬਣਾਉਣ ਲਈ ਲਾਭਪਾਤਰੀਆਂ ਦੀ ਪਹਿਚਾਣ ਕੀਤੀ ਗਈ ਹੈ ਤੇ ਹਰੇਕ ਨੂੰ 15000 ਰੁਪਏ ਦੀ ਵਿੱਤੀ ਮਦਦ ਆਪਣੇ ਘਰ ਵਿੱਚ ਪਖਾਨਾ ਬਣਾਉਣ ਲਈ ਉਨ੍ਹਾਂ ਦੇ ਵਿਭਾਗ ਵੱਲੋਂ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 81 ਪਿੰਡ ਕਮਿਊਨਿਟੀ ਸੈਨੀਟਰੀ ਕੰਪਲੈਕਸ ਬਣਾਉਣ ਲਈ ਪਹਿਚਾਣੇ ਗਏ ਸਨ, ਜਿਨ੍ਹਾਂ ਵਿੱਚੋਂ 29 ਬਣ ਗਏ ਹਨ ਤੇ 13 ਦਾ ਕੰਮ ਪ੍ਰਗਤੀ ਅਧੀਨ ਹੈ। ਉਨ੍ਹਾ ਦੱਸਿਆ ਕਿ ਪਿੰਡਾਂ ਵਿੱਚ ਠੋਸ ਕਚਰੇ ਦੇ ਪ੍ਰਬੰਧਨ ਲਈ ਪਿੱਟ ਬਣਾਏ ਜਾ ਰਹੇ ਹਨ। ਇਸੇ ਤਰ੍ਹਾਂ ਤਰਲ ਕਚਰਾ ਪ੍ਰਬੰਧਨ ਲਈ ਵੀ ਜ਼ਿਲ੍ਹੇ ਦੇ 57 ਪਿੰਡਾਂ ਲਈ 6.49 ਕਰੋੜ ਰੁਪਏ ਸਰਕਾਰ ਨੇ ਦਿੱਤੇ ਹਨ। ਪਿੰਡਾਂ ਵਿੱਚ ਪਲਾਸਟਿਕ ਕਚਰੇ ਦੀ ਸੰਭਾਲ ਲਈ ਤਿੰਨ ਬਲਾਕ ਪੱਧਰੀ ਯੂਨਿਟ ਬਣ ਰਹੇ ਹਨ, ਜਿਸ ਵਿਚੋਂ ਜਲਾਲਾਬਾਦ ਤੇ ਅਬੋਹਰ ਬਲਾਕ ਦਾ ਯੂਨਿਟ ਬਣ ਗਿਆ ਹੈ। ਇਸ ਹਰੇਕ ਦੇ ਨਿਰਮਾਣ ਤੇ ਸਰਕਾਰ 13.65 ਲੱਖ ਰੁਪਏ ਖਰਚ ਕਰ ਰਹੀ ਹੈ।



ਇਸੇ ਤਰ੍ਹਾਂ 500 ਤੋਂ ਘੱਟ ਆਬਾਦੀ ਵਾਲੇ ਪਿੰਡਾਂ ਵਿਚ ਗੰਦੇ ਪਾਣੀ ਦੇ ਨਿਪਟਾਰੇ ਲਈ ਸੋਕ ਪਿੱਟ ਬਣਾਉਣ ਦੇ ਪ੍ਰੋਜੈਕਟ ਤਿਆਰ ਕਰਨ ਸਬੰਧੀ ਵੀ ਬੈਠਕ ਵਿੱਚ ਚਰਚਾ ਕੀਤੀ ਗਈ। ਬੈਠਕ ਵਿਚ ਵਧੀਕ ਡਿਪਟੀ ਕਮਿਸ਼ਨਰ ਡਾ: ਮਨਦੀਪ ਕੌਰ, ਕਾਰਜਕਾਰੀ ਇੰਜਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਅਬੋਹਰ ਅਮਰਪ੍ਰੀਤ ਸਿੰਘ ਭੱਠਲ, ਕਾਰਜਕਾਰੀ ਇੰਜਨੀਅਰ ਪੰਚਾਇਤੀ ਰਾਜ ਸ੍ਰੀ ਰਾਜੇਸ਼ ਗ੍ਰੋਵਰ, ਐਸਡੀਓ ਮਨਪ੍ਰੀਤ ਕੰਬੋਜ, ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸੰਸਾਰ ਅੰਦਰ 'ਭਾਈ' ਖਿਤਾਬ ਨਾਲ ਨਿਵਾਜੇ ਗਏ ਰਬਾਬੀ ਭਾਈ ਮਰਦਾਨਾ : ਪ੍ਰੋ. ਬਡੂੰਗਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਮਾਨਵਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸੇਵਕ ਤੇ ਸਾਥੀ ਭਾਈ ਮਰਦਾਨਾ ਨੂੰ ਯਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਿੱਥੇ ਭਾਈ ਮਰਦਾਨਾ ਜੀ ਦਾ ਅਕਾਲ ਚਲਾਣਾ ਦਿਵਸ ਮਨਾ ਰਹੀ ਹੈ, ਉਥੇ ਹੀ ਅਜਿਹੇ ਕੌਮੀ ਹੀਰਿਆਂ ਨੂੰ ਕਦੇ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸੰਸਾਰ ਅੰਦਰ ਭਾਈ ਮਰਦਾਨਾ ਨੂੰ 'ਭਾਈ' ਖਿਤਾਬ ਨਾਲ ਨਿਵਾਜਿਆ ਗਿਆ।ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਿੱਖ ਜਗਤ ਅੰਦਰ ਭਾਈ ਮਰਦਾਨਾ ਨੂੰ ਰਬਾਬੀ ਮਰਦਾਨਾ ਇਸ ਕਰਕੇ ਜਾਣਿਆ ਜਾਂਦਾ ਹੈ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੇਵਕ ਭਾਈ ਮਰਦਾਨਾ ਨੂੰ ਭਾਈ ਪਦ ਵਰਗੇ ਖਿਤਾਬ ਨਾਲ ਨਿਵਾਜਿਆ ਅਤੇ ਭਾਈ ਗੁਰਦਾਸ ਜੀ ਇਸ ਕਰਕੇ ਲਿਖਦੇ ਹਨ ਕਿ 'ਇਕ ਬਾਬਾ ਕਾਲ ਰੂਪ ਦੂਜਾ ਰਬਾਬੀ ਮਰਦਾਨਾ', ਜਿਨ੍ਹਾਂ ਨੂੰ ਭਾਈ ਮਰਦਾਨਾ ਜਾਂ ਪਹਿਲਾ ਸਿੱਖ ਆਖੀਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।ਪ੍ਰੋ. ਬਡੂੰਗਰ ਨੇ ਕਿਹਾ ਕਿ ਭਾਈ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਉਨ੍ਹਾਂ ਉਦਾਸੀਆਂ ਦੌਰਾਨ ਨਾਲ ਰਹੇ, ਜਦੋਂ ਸੰਸਾਰ ਅੰਧਕਾਰ 'ਚ ਡੁੱਬਾ ਪਿਆ ਸੀ ਤੇ ਗੁਰੂ ਸਾਹਿਬ ਨੇ ਸੰਸਾਰ ਨੂੰ ਜਾਤ-ਪਾਤ, ਉਚ-ਨੀਚ, ਫ਼ਿਰਕਾਪ੍ਰਸਤੀ, ਕੂੜ ਕੁਸ਼ਤ, ਚਾਰ ਵਰਣ, ਚਾਰ ਆਸ਼ਰਮ ਪੁਜਾਰੀਆਂ ਦੇ ਕਰਮ ਕਾਂਡ ਤੇ ਪਾਖੰਡ ਬਾਰੇ ਸੁਚੇਤ ਕੀਤਾ।ਪ੍ਰੋ. ਬਡੂੰਗਰ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਦਾ ਮੇਲ ਪੂਰਬਲੇ ਕਰਮਾਂ ਕਰਕੇ ਹੀ ਹੋਇਆ, ਜਿਵੇਂ ਬਾਬਾ ਬੁੱਢਾ ਜੀ ਦਾ ਗੁਰੂ ਸਾਹਿਬ ਦਾ ਮਿਲਾਪ ਹੋਇਆ ਸੀ।ਭਾਈ ਮਰਦਾਨਾ ਜੀ ਵੱਲੋਂ ਵਜਾਈ ਜਾਂਦੀ ਮਿੱਠੀ ਰਬਾਬ ਹੀ ਗੁਰੂ ਸਾਹਿਬ ਨਾਲ ਮਿਲਾਪ ਦਾ ਕਾਰਨ ਬਣੀ, ਜਿਸ ਮਗਰੋਂ ਭਾਈ ਮਰਦਾਨਾ ਜੀ ਗੁਰੂ ਸਾਹਿਬ ਨਾਲ ਰਹਿ ਕੇ ਸਿਰਜਣਹਾਰ ਤੇ ਪਾਲਣਹਾਰ ਪ੍ਰਮਾਤਮਾ ਦੀ ਬੰਦਗੀ ਵਿੱਚ ਲੀਨ ਰਹੇ।ਪ੍ਰੋ. ਬਡੂੰਗਰ ਨੇ ਕਿਹਾ ਕਿ ਅੱਜ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਈ ਮਰਦਾਨਾ ਦਾ ਅਕਾਲ ਚਲਾਣਾ ਦਿਵਸ ਮਨਾ ਰਹੀ ਹੈ ਤਾਂ ਇਸ ਮਹਾਨ, ਵਿਲੱਖਣ ਇਤਿਹਾਸ ਤੇ ਸਿਧਾਂਤ ਨਾਲ ਜੁੜਦੇ ਹੋਏ ਬਾਬਾਣੀਆਂ ਕਹਾਣੀਆਂ ਪੁਤ ਸੁਪਤ ਕਰੇਨਿ ਦੇ ਰਹੱਸ ਨੂੰ ਸਮਝ ਕੇ ਆਪਣੇ ਜੀਵਨ ਨੂੰ ਸਫਲ ਬਣਾਈਏ।

## ਦੀਪਇੰਦਰ ਬਰਾੜ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਬਣੇ, ਢੋਸੀਵਾਲ ਤੇ ਹੋਰਨਾਂ ਵੱਲੋਂ ਵਧਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨੇੜਲੇ ਪਿੰਡ ਭਾਗਸਰ ਦੇ ਨਾਮਵਰ ਜ਼ਿਮੀਂਦਾਰ ਦਿਲਬਾਗ ਸਿੰਘ ਬਰਾੜ ਦੇ ਹੋਣਹਾਰ ਸਪੁੱਤਰ ਦੀਪਇੰਦਰ ਸਿੰਘ ਬਰਾੜ ਤਰੱਕੀ ਉਪਰੰਤ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਬਣ ਗਏ ਹਨ। ਉਨ੍ਹਾਂ ਦੀ ਇਸ ਤਰੱਕੀ 'ਤੇ ਪਰਵਾਰ ਤੇ ਸਮੁੱਚੇ ਪਿੰਡ ਸਮੇਤ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ਹੈ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ, ਚੀਫ ਪੈਟਰਨ ਇੰਸ: ਜਗਸੀਰ ਸਿੰਘ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਡਾ. ਸੁਰਿੰਦਰ ਗਿਰਧਰ ਤੇ ਪ੍ਰਦੀਪ ਧੂੜੀਆਂ (ਦੋਵੇਂ ਪੈਟਰਨ) ਜਨਰਲ ਸਕੱਤਰ, ਡਾ. ਜਸਵਿੰਦਰ ਸਿੰਘ, ਕੈਸ਼ੀਅਰ ਡਾ. ਸੰਜੀਵ ਮਿੱਢਾ, ਜਗਦੀਸ਼ ਚੰਦਰ ਧਵਾਲ, ਰਜਿੰਦਰ ਖੁਰਾਣਾ, ਰਾਜੇਸ਼ ਗਿਰਧਰ, ਗੁਰਪਾਲ ਸਿੰਘ ਪਾਲੀ, ਅਮਰ ਨਾਥ ਸੇਰਸੀਆ, ਡਾ. ਸਤੀਸ਼ ਗਲਹੋਤਰਾ, ਵਿਜੇ ਸਿਡਾਨਾ, ਚੰਦ ਸਿੰਘ ਲੱਧੂਵਾਲਾ ਸਾਹਿਲ ਕੁਮਾਰ ਹੈਪੀ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਦੀਪਇੰਦਰ ਬਰਾੜ ਦੀ ਤਰੱਕੀ 'ਤੇ ਉਨ੍ਹਾਂ ਦੇ ਪਿਤਾ ਦਿਲਬਾਗ ਸਿੰਘ ਬਰਾੜ ਤੇ ਸਮੁੱਚੇ ਪਰਵਾਰ ਨੂੰ ਵਧਾਈ ਦਿੱਤੀ ਹੈ।ਪ੍ਰਧਾਨ ਢੋਸੀਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਲਦੀ ਹੀ ਨਵੇਂ ਬਣੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਦੀਪਇੰਦਰ ਸਿੰਘ ਬਰਾੜ ਦਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਤਰੱਕੀ ਦੀ ਖੁਸ਼ੀ ਵਿੱਚ ਸਨਮਾਨ ਕੀਤਾ ਜਾਵੇਗਾ।

## ਕਣਕ ਦੀ ਬਿਜਾਈ ਲਈ ਡੀ ਏ ਪੀ ਦੇ ਬਦਲ ਵਾਲੀਆਂ ਖਾਦਾਂ ਦੀ ਕੀਤੀ ਜਾਵੇ ਵਰਤੋਂ : ਸੰਦੀਪ ਰਿਣਵਾਂ

### *ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਲਈ ਫ਼ਸਲ ਦੀ ਰਹਿੰਦ-ਖੂੰਹਦ ਨੂੰ ਜ਼ਮੀਨ 'ਚ ਹੀ ਰਲਾਇਆ ਜਾਵੇ*

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਖੇਤੀਬਾੜੀ ਅਫਸਰ ਸੰਦੀਪ ਰਿਣਵਾਂ ਨੇ ਕਿਸਾਨਾਂ ਨੂੰ ਖਾਦਾਂ ਦੀ ਲੋੜ ਮੁਤਾਬਿਕ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਵਰਤੋਂ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਖਾਦਾਂ ਦੀ ਬੇਲੋੜੀ ਵਰਤੋਂ ਕਰਨ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।ਉਨ੍ਹਾ ਡੀ.ਏ.ਪੀ. ਦੀ ਵਰਤੋਂ ਵੀ ਮਾਹਿਰਾਂ ਵੱਲੋਂ ਦੱਸੀ ਮਾਤਰਾ ਅਨੁਸਾਰ ਹੀ ਕਰਨ ਲਈ ਆਖਿਆ ਤੇ ਕਿਹਾ ਕਿ ਫਾਸਫੋਰਸ ਦੇ ਬਦਲ ਵਜੋਂ ਐੱਨ.ਪੀ.ਕੇ. ਤੇ ਹੋਰ ਖਾਦਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।ਉਨ੍ਹਾ ਕਿਹਾ ਕਿ ਕਿਸਾਨ ਵੀਰ ਕਣਕ ਦੀ ਬਿਜਾਈ ਸਮੇਂ ਡੀ ਏ ਪੀ ਦੇ ਬਦਲ ਵਾਲੀਆਂ ਖਾਦਾਂ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕਰਨ। ਰਿਣਵਾਂ ਨੇ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਨੂੰ ਜ਼ਮੀਨ 'ਚ ਵਾਹ ਕੇ ਵੀ ਖਾਦਾਂ ਦੀ ਵਰਤੋਂ ਨੂੰ ਘਟਾਇਆ ਜਾ ਸਕਦਾ ਹੈ।ਉਨ੍ਹਾ ਦੱਸਿਆ ਕਿ ਖੇਤੀਬਾੜੀ ਵਿਭਾਗ ਦੀਆਂ ਗਠਿਤ ਟੀਮਾਂ ਵੱਲ ਵੱਖ-ਵੱਖ ਥਾਵਾਂ 'ਤੇ ਚੈਕਿੰਗ ਵੀ ਕੀਤੀ ਜਾ ਰਹੀ ਹੈ ਤਾਂ ਜੋ ਕੋਈ ਵੀ ਖਾਦ ਵਿਕਰੇਤਾ ਡੀ.ਏ.ਪੀ. ਖਾਦ ਜਾਂ ਹੋਰ ਖਾਦਾਂ ਨਾਲ ਕਿਸਾਨਾਂ ਨੂੰ ਕੋਈ ਹੋਰ ਗੈਰ-ਜ਼ਰੂਰੀ ਖਾਦਾਂ/ਦਵਾਈਆਂ ਨਾ ਦੇਵੇ।ਉਨ੍ਹਾਂ ਦੱਸਿਆ ਕਿ ਕਣਕ ਦੀ ਕਾਸ਼ਤ ਲਈ ਫਾਸਫੋਰਸ ਖੁਰਾਕੀ ਤੱਤ ਦੀ ਲੋੜ ਹੁੰਦੀ ਹੈ, ਜਿਸ ਦੀ ਪੂਰਤੀ ਲਈ ਕਿਸਾਨਾਂ ਵੱਲੋਂ ਡੀ.ਏ.ਪੀ. ਖਾਦ ਦੀ ਬਿਜਾਈ ਸਮੇਂ ਵਰਤੋਂ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਡੀ.ਏ.ਪੀ. ਖਾਦ ਦੇ ਬਦਲ ਵਜੋਂ ਕਿਸਾਨ ਖਾਦ ਤੇ ਟ੍ਰਿਪਲ ਸੁਪਰ ਫਾਸਫੇਟ ਖਾਦ, ਸਿੰਗਲ ਸੁਪਰ ਫਾਸਫੇਟ ਤੇ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕਰ ਸਕਦੇ ਹਨ।ਇਸ ਤੋਂ ਇਲਾਵਾ ਬਾਜ਼ਾਰ ਵਿੱਚ ਮੌਜੂਦ ਹੋਰ ਫਾਸਫੈਟਿਕ ਖਾਦਾਂ ਵੀ ਵਰਤੀਆਂ ਜਾ ਸਕਦੀਆਂ ਹਨ।

## ਸਕੂਲ 'ਚ ਗੁੰਡਾਗਰਦੀ ਕਰਨ ਵਾਲੇ ਬੱਚਿਆਂ ਨੂੰ ਵਾਰਦਾਤ ਤੋਂ ਪਹਿਲਾਂ ਕੀਤਾ ਕਾਬੂ

**ਮਾਪਿਆਂ ਦੀ ਮੰਗ 'ਤੇ ਬੱਚਿਆਂ ਨੂੰ ਪੁਲਸ ਨਾਲ ਹਰ ਰੋਜ਼ 2 ਘੰਟੇ ਬਿਤਾਉਣ ਦਾ ਮੌਕਾ ਦਿੱਤਾ ਜਾਵੇਗਾ**

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਫਰੀਦਕੋਟ ਪੁਲਸ ਦੀ ਪੀ.ਸੀ.ਆਰ. ਟੀਮ ਨੇ ਸਕੂਲ ਵਿੱਚ ਗੁੰਡਾਗਰਦੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਵਾਰਦਾਤ ਕਰਨ ਤੋਂ ਪਹਿਲਾਂ ਹੀ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ, ਜਿਸ ਉਪਰੰਤ ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਦੀ ਮੰਗ 'ਤੇ ਸਕੂਲੀ ਬੱਚਿਆਂ ਨੂੰ ਸੁਰੱਖਿਅਤ ਤੇ ਜ਼ਿੰਮੇਵਾਰ ਆਚਰਨ ਨੂੰ ਅਪਨਾਉਣ ਲਈ ਫਰੀਦਕੋਟ ਟ੍ਰੈਫਿਕ ਪੁਲਸ ਨਾਲ ਇੱਕ ਹਫਤੇ ਲਈ ਹਰ ਰੋਜ਼ 2 ਘੰਟੇ ਬਿਤਾਉਣ ਦਾ ਮੌਕਾ ਦਿੱਤਾ ਗਿਆ ਹੈ।ਬੀਤੀ 23 ਨਵੰਬਰ 2024 ਨੂੰ ਪੀ.ਸੀ.ਆਰ. ਪਾਰਟੀ ਨੂੰ ਸੂਚਨਾ ਮਿਲੀ ਕਿ ਦਸ਼ਮੇਸ਼ ਪਬਲਿਕ ਸਕੂਲ ਫਰੀਦਕੋਟ ਦੇ ਬਾਹਰ 2-3 ਕਾਰਾਂ 'ਤੇ ਸਵਾਰ ਹੋ ਕੇ ਸਕੂਲੀ ਵਿਦਿਆਰਥੀਆਂ ਵੱਲੋਂ ਸਕੂਲ ਵਿੱਚ ਲੜਨ ਦੀ ਕੋਸ਼ਿਸ਼ ਕਰ ਰਹੇ ਸਨ, ਜਿਸ 'ਤੇ ਪੀ.ਸੀ.ਆਰ. ਪਾਰਟੀ ਤੁਰੰਤ ਮੌਕੇ 'ਤੇ ਪਹੁੰਚ ਗਈ, ਜਿਸ ਦੌਰਾਨ ਇਨ੍ਹਾਂ ਵਿਦਿਆਰਥੀਆਂ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਇਨ੍ਹਾਂ ਵਿਦਿਆਰਥੀਆਂ ਵਿੱਚ ਸਕੂਲ ਵੈਲੱਫੇਅਰ ਪਾਰਟੀ ਨੂੰ ਲੈ ਕੇ ਆਪਸ ਵਿੱਚ ਤਕਰਾਰ ਹੋਈ ਸੀ, ਜਿਸ ਵਿੱਚ ਇਨ੍ਹਾਂ ਵੱਲੋਂ ਇਹ ਕਦਮ ਉਠਾਇਆ ਗਿਆ ਸੀ।ਪੁਲਸ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਬੁਲਾਇਆਂ ਗਿਆ, ਜਿਨ੍ਹਾਂ ਵੱਲੋਂ ਉਨ੍ਹਾਂ ਦੇ ਬੱਚਿਆਂ ਦੀ ਗਲਤੀ ਸਵੀਕਾਰ ਕਰਦੇ ਹੋਏ ਅਤੇ ਉਨ੍ਹਾਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੇ ਬੱਚਿਆਂ ਨੂੰ ਸੁਧਰਨ ਦਾ ਮੌਕਾ ਦੇਣ ਦੀ ਅਪੀਲ ਕੀਤੀ ਗਈ, ਜਿਸ 'ਤੇ ਫਰੀਦਕੋਟ ਪੁਲਸ ਵੱਲੋਂ ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ਵਿਦਿਆਰਥੀਆਂ ਦੇ ਮਾਪਿਆਂ ਦੀ ਹਾਜ਼ਰੀ ਵਿੱਚ ਉਨ੍ਹਾਂ ਦੀ ਮੰਗ 'ਤੇ ਬੱਚਿਆਂ ਨੂੰ ਇੱਕ ਮੌਕਾ ਦਿੱਤਾ ਗਿਆ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ 'ਤੇ ਨਿਗਰਾਨੀ ਰੱਖਣ ਦੀ ਹਦਾਇਤ ਕੀਤੀ ਗਈ ਤਾਂ ਜੋ ਉਹ ਅੱਗੇ ਤੋਂ ਭਵਿੱਖ ਵਿੱਚ ਇਸ ਤਰ੍ਹਾਂ ਦੀ ਗਲਤੀ ਨਾ ਕਰਨ।ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡਾ ਮਕਸਦ ਵਿਦਿਆਰਥੀਆਂ ਨੂੰ ਸਜ਼ਾ ਦੇਣ ਦੀ ਬਜਾਏ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਾਉਣਾ ਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਮਝਾਉਣਾ ਹੈ ਤਾਂ ਕਿ ਬੱਚੇ ਅਨੁਸ਼ਾਸਨ ਦੀ ਮਹੱਤਤਾ ਨੂੰ ਜਾਨਣ ਤੇ ਆਪਣੇ ਵਧੀਆ ਭਵਿੱਖ ਲਈ ਨਵੀਆਂ ਸਿੱਖਿਆਵਾਂ ਹਾਸਲ ਕਰਨ।ਇਹ ਪਹਿਲ ਉਨ੍ਹਾਂ ਦੇ ਚਰਿੱਤਰ ਨਿਰਮਾਣ ਲਈ ਮਦਦਗਾਰ ਸਾਬਿਤ ਹੋਵੇਗੀ।ਇਸ ਸਬੰਧੀ ਵਿਦਿਆਰੀਆਂ ਦੇ ਮਾਪਿਆਂ ਵੱਲੋਂ ਐੱਸ.ਐੱਸ.ਪੀ. ਫਰੀਦਕੋਟ ਡਾ. ਪ੍ਰਗਿਆ ਜੈਨ ਦਾ ਧੰਨਵਾਦ ਕੀਤਾ ਗਿਆ।

## ਬਾਲ ਦਿਵਸ ਦੇ ਸੰਬੰਧ 'ਚ ਅੰਤਰ-ਸਕੂਲ ਤੇ ਕਾਲਜ ਮੁਕਾਬਲੇ ਕਰਵਾਏ


**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਟੀਚਰਜ਼ ਕਲੱਬ (ਰਜਿ.) ਅਬੋਹਰ ਵੱਲੋਂ ਬਾਲ ਦਿਵਸ ਦੇ ਸਬੰਧ ਵਿੱਚ ਅੰਤਰ-ਸਕੂਲ ਤੇ ਕਾਲਜ ਮੁਕਾਬਲੇ ਸਥਾਨਕ ਟੀਚਰਜ਼ ਹੋਮ ਅਬੋਹਰ ਵਿਖੇ ਕਰਵਾਏ ਗਏ।ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਗਿੱਲ ਨੇ ਦੱਸਿਆ ਕਿ ਟੀਚਰਜ਼ ਕਲੱਬ ਅਬੋਹਰ ਹਰ ਸਾਲ ਵਿਦਿਆਰਥੀਆਂ ਦੀ ਛੁਪੀ ਪ੍ਰਤਿਭਾ ਨੂੰ ਮੰਚ ਦੇਣ ਦੇ ਉਦੇਸ਼ ਨਾਲ ਇਸ ਤਰ੍ਹਾਂ ਦੇ ਉਪਰਾਲੇ ਕਰਦੀ ਰਹਿੰਦੀ ਹੈ।ਇਨ੍ਹਾਂ ਮੁਕਾਬਲਿਆਂ 20 ਤੋਂ ਵੱਧ ਸਕੂਲਾਂ ਤੇ ਕਾਲਜ ਦੇ ਵਿਦਿਆਰਥੀਆਂ ਨੇ ਭਾਗ ਲਿਆ।ਕੋਆਰਡੀਨੇਟਰ ਸ੍ਰੀ ਸੰਜੀਵ ਕੁਮਾਰ ਪ੍ਰਿੰਸੀਪਲ ਨੇ ਕਿਹਾ ਕਿ ਇਸ ਵਾਰ ਵਿਦਿਆਰਥੀਆਂ ਦੇ ਕਵਿਤਾ, ਗੀਤ ਗਾਇਨ, ਪੇਂਟਿੰਗ ਤੇ ਸਿਰਜਣਾਤਮਕ ਲੇਖਣ ਦੇ ਮੁਕਾਬਲੇ ਹੋਏ।ਇਸ ਸਮਾਰੋਹ ਵਿੱਚ ਪ੍ਰਿੰਸੀਪਲ ਸ੍ਰੀ ਰਾਜੇਸ਼ ਸਚਦੇਵਾ ਦੀ ਅਗਵਾਈ ਵਿੱਚ ਤੇ ਦੀਪਕ ਕੰਬੋਜ ਦੇ ਨਿਰਦੇਸ਼ਨ ਵਿੱਚ ਰਾਜ ਪੱਧਰ 'ਤੇ ਜੇਤੂ ਰਹੀ ਰੋਲ ਪਲੇ ਤੇ ਸਾਇੰਸ ਡਰਾਮਾ ਦੀ ਟੀਮ ਦੀ ਪੇਸ਼ਕਾਰੀ ਵੀ ਕੀਤੀ ਗਈ।ਇਸੇ ਤਰ੍ਹਾਂ ਕਲਾ ਉਤਸਵ-2024 ਵਿੱਚ ਰਾਜ ਪੱਧਰ 'ਤੇ ਜੇਤੂ ਪ੍ਰਿੰਸੀਪਲ ਸੁਭਾਸ਼ ਨਰੂਲਾ ਦੀ ਅਗਵਾਈ ਵਿੱਚ ਤੇ ਸ੍ਰੀ ਕੁਲਜੀਤ ਭੱਟੀ ਦੇ ਨਿਰਦੇਸ਼ਨ ਵਿੱਚ 'ਮੇਰੀ ਗੀਤਾਂ ਵਾਲੀ ਕਾਪੀ' ਦਾ ਭਾਵਪੂਰਨ ਪੇਸ਼ਕਾਰੀ ਕੀਤੀ ਗਈ।ਇਨ੍ਹਾਂ ਰਾਜ ਪੱਧਰ ਦੇ ਜੇਤੂ ਨਾਟਕਾਂ ਦੇ ਕਲਾਕਾਰਾਂ ਤੇ ਨਿਰਦੇਸ਼ਕਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਸਮਾਗਮ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ, ਫ਼ਾਜ਼ਿਲਕਾ ਭੁਪਿੰਦਰ ਉਤਰੇਜਾ, ਪ੍ਰੇਮ ਸਿਡਾਨਾ, ਰਮੇਸ਼ ਸੁਮਰਾ, ਚਾਦ ਮਿੱਢਾ, ਭਗਵੰਤ ਭਠੇਜਾ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।ਜੱਜਾਂ ਦੀ ਭੂਮਿਕਾ ਵਿਜੇਅੰਤ ਜੁਨੇਜਾ, ਸ਼੍ਰੀਮਤੀ ਪੂਜਾ ਡੂਮਰਾ, ਪ੍ਰੋ. ਕਸ਼ਮੀਰ ਲੂਨਾ, ਸੰਜੀਵ ਗਿਲਹੋਤਰਾ, ਬਿਸ਼ੰਬਰ ਸਾਮਾ, ਪਵਨ ਕੁਮਾਰ ਮਾਨ, ਵਿਸ਼ਾਲ ਭਠੇਜਾ, ਜਸਵੰਤ ਜੱਸੀ, ਪ੍ਰੋ. ਗੁਲਜਿੰਦਰ ਕੌਰ, ਸੁਰਿੰਦਰ ਨਿਮਾਣਾ, ਸ੍ਰੀਮਤੀ ਸਿਮਤਾ ਵਾਟਸ, ਨਵਤੇਜ ਸਿੰਘ, ਅਭੀਜੀਤ ਵਧਵਾ ਨੇ ਨਿਭਾਈ।ਮੰਚ ਸੰਚਾਲਨ ਵਿਜੇਅੰਤ ਜੁਨੇਜਾ, ਅਭੀਜੀਤ ਵਧਵਾ, ਅਮਿਤ ਬੱਤਰਾ ਵੱਲੋਂ ਕੀਤਾ ਗਿਆ।ਸਮਾਗਮ ਦੇ ਅੰਤ 'ਚ ਸੁਖਦੇਵ ਸਿੰਘ ਗਿੱਲ (ਪ੍ਰਧਾਨ) ਨੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਤੇ ਸਕੂਲ ਮੁਖੀਆਂ ਦਾ ਧੰਨਵਾਦ ਕੀਤਾ।

## ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ 'ਯੁਵਾ ਸਾਹਿਤੀ' ਸਮਾਗਮ



**ਬਠਿੰਡਾ (ਬਖਤੌਰ ਢਿੱਲੋਂ)**-ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਦੇਸ਼ ਭਰ ਵਿੱਚ ਕਰਵਾਏ ਜਾ ਰਹੇ ਸਾਹਿਤਕ ਪ੍ਰੋਗਰਾਮਾਂ ਦੀ ਲੜੀ ਤਹਿਤ ਸਥਾਨਕ ਟੀਚਰਜ਼ ਹੋਮ ਵਿਖੇ ਕੋਆਰਡੀਨੇਟਰ ਸ੍ਰੀ ਜਸਪਾਲ ਮਾਨਖੇੜਾ ਮੈਂਬਰ ਸਲਾਹਕਾਰ ਬੋਰਡ ਸਾਹਿਤ ਅਕਾਦਮੀ ਦੇ ਯਤਨਾਂ ਸਦਕਾ 'ਯੁਵਾ ਸਾਹਿਤੀ' ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਦੋ ਕਵੀਆਂ ਅਮਨ ਦਾਤੇਵਾਸੀਆ ਨੇ ਤਰੰਨਮ ਵਿੱਚ ਗ਼ਜ਼ਲਾਂ ਪੇਸ਼ ਕੀਤੀਆਂ ਅਤੇ ਦਵੀ ਸਿੱਧੂ ਨੇ ਕਵਿਤਾਵਾਂ ਦਾ ਪਾਠ ਕੀਤਾ। ਇਸੇ ਤਰ੍ਹਾਂ ਕਹਾਣੀਕਾਰ ਅਮਰਜੀਤ ਸਿੰਘ ਮਾਨ ਨੇ ਕਹਾਣੀ 'ਗਤੀ' ਸੁਣਾਈ, ਜਿਸ ਵਿੱਚ ਮਨੁੱਖੀ ਗਤੀ ਪ੍ਰੰਪਰਾ ਨੂੰ ਰੂਪਮਾਨ ਕਰਦਿਆਂ ਮਨੁੱਖੀ ਰਿਸ਼ਤਿਆਂ ਦੀ ਪਾਕੀਜ਼ਗੀ ਦੀ ਗੱਲ ਕੀਤੀ। ਦੂਜੇ ਕਹਾਣੀਕਾਰ ਅਗਾਜ਼ਬੀਰ ਨੇ ਕਹਾਣੀ 'ਅਣਪਛਾਤਾ ਖਾੜਕੂ' ਪੜ੍ਹ ਕੇ ਸੁਣਾਈ। ਇਸ ਕਹਾਣੀ ਵਿੱਚ ਆਰਥਿਕ ਤੇ ਸਮਾਜਿਕ ਤੌਰ 'ਤੇ ਪੱਛੜੇ ਪਰਿਵਾਰ ਦੇ ਬੱਚੇ ਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਬਿਰਤਾਂਤ ਸਿਰਜਿਆ ਗਿਆ ਸੀ। ਪੇਸ਼ ਕੀਤੀਆਂ ਕਵਿਤਾਵਾਂ ਉੱਪਰ ਡਾ: ਜਸਪਾਲਜੀਤ ਸਿੰਘ ਤੇ ਕਹਾਣੀਆਂ ਉੱਪਰ ਡਾ: ਗੁਰਪ੍ਰੀਤ ਸਿੰਘ ਨੇ ਸੰਖੇਪ ਤੇ ਭਾਵਪੂਰਤ ਟਿੱਪਣੀਆਂ ਕੀਤੀਆਂ। ਇਸ ਮੌਕੇ ਸ੍ਰੀ ਮਾਨਖੇੜਾ ਨੇ ਦੱਸਿਆ ਕਿ ਭਾਰਤੀ ਸਾਹਿਤ ਅਕਾਦਮੀ ਵੱਲੋਂ ਸਾਹਿਤਕ ਸਮਾਗਮਾਂ ਦੀ ਲੜੀ ਤਹਿਤ ਜਲਦੀ ਹੀ ਹੋਰ ਪ੍ਰੋਗਰਾਮ ਉਲੀਕੇ ਜਾਣਗੇ। ਸਮੂਹ ਲੇਖਕਾਂ ਤੇ ਸਰੋਤਿਆਂ ਨੂੰ ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਮੀਤ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਜੀ ਆਇਆਂ ਕਿਹਾ ਤੇ ਅੰਤ ਵਿੱਚ ਟੀਚਰਜ਼ ਹੋਮ ਟਰੱਸਟ ਬਠਿੰਡਾ ਦੇ ਜਨਰਲ ਸਕੱਤਰ ਸ੍ਰੀ ਲਛਮਣ ਮਲੂਕਾ ਨੇ ਸਭਨਾਂ ਦਾ ਧੰਨਵਾਦ ਕੀਤਾ।

## ਜ਼ਿਮਨੀ ਚੋਣਾਂ 'ਚ ਜਿੱਤ ਆਪ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ 'ਤੇ ਮੋਹਰ : ਪੰਡੋਰੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੂਬੇ ਅੰਦਰ ਜ਼ਿਮਨੀ ਚੋਣਾਂ 'ਚ ਆਪ ਦੀ ਹੋਈ ਸ਼ਾਨਦਾਰ ਜਿੱਤ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਲੋਕ ਪੱਖੀ ਨੀਤੀਆਂ ਉਪਰ ਮੋਹਰ ਲਾਈ ਹੈ।ਇਹ ਪ੍ਰਗਟਾਵਾ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਤਿੰਨ ਵਿਧਾਨ ਸਭਾ ਹਲਕਿਆ ਦੀਆਂ ਜ਼ਿਮਨੀ ਚੋਣਾਂ ਵਿੱਚ ਆਪ ਨੂੰ ਪੰਜਾਬ ਦੇ ਲੋਕਾਂ ਵਲੋਂ ਬਖਸ਼ੇ ਵੱਡੇ ਮਾਣ ਸਤਿਕਾਰ ਦਾ ਮੁਲ ਸਾਰੇ ਪਿੰਡਾਂ, ਕਸਬਿਆਂ, ਸ਼ਹਿਰਾਂ ਦਾ ਰਿਕਾਰਡ ਤੋੜ ਵਿਕਾਸ ਕਰਵਾ ਕੇ ਮੋੜਿਆ ਜਾਵੇਗਾ। ਵਿਧਾਇਕ ਪੰਡੋਰੀ ਨੇ ਦੱਸਿਆ ਕਿ ਹਲਕੇ ਦੇ ਸਾਰੇ ਪਿੰਡਾਂ ਦੀਆਂ ਨਵੀਆਂ ਚੁਣੀਆਂ ਪੰਚਾਇਤਾਂ ਨੂੰ ਹਰ ਪਿੰਡ ਦੇ ਸਰਬਪੱਖੀ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦੇਣਗੇ।ਉਨ੍ਹਾਂ ਦਾਅਵੇ ਨਾਲ ਕਿਹਾ ਕਿ ਆਗਾਮੀ ਨਗਰ ਪੰਚਾਇਤਾਂ, ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ 'ਚ ਵੀ ਆਮ ਆਦਮੀ ਪਾਰਟੀ ਸ਼ਾਨਦਾਰ ਫਤਿਹ ਹਾਸਲ ਕਰੇਗੀ।ਵਿਧਾਇਕ ਪੰਡੋਰੀ ਹਲਕੇ ਦੇ ਸਮੂਹ ਲੋਕਾਂ ਨੂੰ ਆਪਸੀ ਧੜੇਬੰਦੀ ਤੋਂ ਉਪਰ ਉੱਠ ਕੇ ਪਿੰਡਾਂ ਦੇ ਸਰਬ ਪੱਖੀ ਵਿਕਾਸ ਕਾਰਜਾਂ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਮੌਕੇ ਆਪ ਆਗੂ ਰਿੰਕਾ ਕੁਤਬਾ ਬਾਹਮਣੀਆਂ, ਬਿੰਦਰ ਸਿੰਘ ਖ਼ਾਲਸਾ ਪੀ ਏ, ਦਰਸ਼ਨ ਸਿੰਘ ਹੈਰੀ, ਜਗਦੇਵ ਸਿੰਘ ਸ਼ੰਟੀ ਆਦਿ ਹਾਜ਼ਰ ਸਨ।

## ਕਿਰਤੀ ਕਾਲਜ ਨਿਆਲ 'ਚ ਪੋਸਟਰ ਤੇ ਲੇਖ ਮੁਕਾਬਲੇ ਕਰਵਾਏ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਗੁਰਵੀਨ ਕੌਰ ਦੀ ਅਗਵਾਈ ਹੇਠ ਐੱਨ ਐੱਸ ਐੱਸ ਵਿਭਾਗ ਵੱਲੋਂ ਰਾਸ਼ਟਰੀ ਏਕਤਾ ਹਫ਼ਤਾ ਤਹਿਤ ਵਲੰਟੀਅਰਾਂ ਵਿੱਚ ਪੋਸਟਰ ਮੇਕਿੰਗ ਮੁਕਾਬਲਾ ਤੇ ਲੇਖ ਮੁਕਾਬਲੇ ਕਰਵਾਏ ਗਏ।ਇਸ ਮੌਕੇ ਡਾ. ਜਸਵਿੰਦਰ ਸ਼ਰਮਾ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਭਾਰਤ ਵੱਖ ਵੱਖ-ਵੱਖ ਧਰਮਾਂ ਦੇ ਲੋਕ ਰਹਿਣ ਦੇ ਬਾਵਜੂਦ ਇੱਕ ਧਾਗੇ ਵਿੱਚ ਪਰੋਇਆ ਹੋਇਆ ਹੈ।ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋ. ਮਨਿੰਦਰ ਸਿੰਘ ਨੇ ਕਿਹਾ ਕਿ ਅੱਜ ਕਾਲਜ ਵਿੱਚ ਵਿਦਿਆਰਥੀਆਂ ਵਿੱਚ ਪੋਸਟਰ ਮੇਕਿੰਗ ਮੁਕਾਬਲੇ ਤੇ ਲੇਖ ਮੁਕਾਬਲੇ ਕਰਵਾਏ ਗਏ ਹਨ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ।ਕਾਲਜ ਪ੍ਰਿੰਸੀਪਲ ਗੁਰਵੀਨ ਕੌਰ ਨੇ ਦੱਸਿਆ ਕਿ ਭਾਰਤ ਵਿੱਚ ਹਰ ਵਿਅਕਤੀ ਨੂੰ ਇਸ ਸੋਚ ਦੇ ਨਾਲ ਹੀ ਚੱਲਣਾ ਚਾਹੀਦਾ ਹੈ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਨ ਚਾਹੀਦਾ ਹੈ।ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋ. ਰਮਨਜੀਤ ਕੌਰ ਨੇ ਅੱਜ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਲੇਖ ਲਿਖਣ ਦੇ ਹੁਨਰ ਦੱਸੇ ਤੇ ਉਨ੍ਹਾਂ ਦੇ ਇਨ੍ਹਾਂ ਲੇਖਾਂ ਨੂੰ ਕਾਲਜ ਮੈਗਜ਼ੀਨ ਵਿੱਚ ਛਾਪਣ ਦਾ ਸੁਝਾਅ ਦਿੱਤਾ।ਇਸ ਮੌਕੇ ਡਾ. ਗੁਰਜੀਤ ਸਿੰਘ ਨੇ ਮੁੱਖ ਮਹਿਮਾਨ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ।ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਡਾ. ਬਲਕਾਰ ਸਿੰਘ ਪ੍ਰੋ. ਵਰਿੰਦਰ ਕੌਰ ਆਦਿ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਸੰਵਿਧਾਨ ਦੀ ਪ੍ਰਸਤਾਵਨਾ 'ਚ...

ਅਪਨਾਉਣ ਦੀ ਮਿਤੀ ਨਾਲ ਧਾਰਾ 368 ਦੇ ਤਹਿਤ ਸਰਕਾਰ ਦੀ ਸ਼ਕਤੀ ਵਿਚ ਕੋਈ ਕਟੌਤੀ ਨਹੀਂ ਹੁੰਦੀ ਅਤੇ ਇਸ ਨੂੰ ਕੋਈ ਚੁਣੌਤੀ ਨਹੀਂ ਹੈ। ਇਸ 'ਚ ਕਿਹਾ ਗਿਆ ਹੈ ਕਿ ਸੰਸਦ ਦੀ ਤਰਮੀਮ ਸੰਬੰਧੀ ਸ਼ਕਤੀ ਤਹਿਤ ਪ੍ਰਸਤਾਵਨਾ ਵੀ ਆਉਂਦੀ ਹੈ। ਅਜਿਹੀਆਂ ਪਟੀਸ਼ਨਾਂ ਹਾਲੀਆ ਸਾਲਾਂ ਦੌਰਾਨ ਹੀ ਦਾਇਰ ਕੀਤੇ ਜਾਣ 'ਤੇ ਸਵਾਲ ਖੜ੍ਹੇ ਕਰਦਿਆਂ ਸੁਪਰੀਮ ਕੋਰਟ ਨੇ ਪੁੱਛਿਆ—ਏਨੇ ਸਾਲ ਹੋ ਗਏ ਹਨ, ਹੁਣ ਇਸ ਮੁੱਦੇ ਨੂੰ ਕਿਉਂ ਉਠਾਇਆ ਜਾ ਰਿਹਾ ਹੈ?

ਪਹਿਲਾਂ ਫੈਸਲਾ ਰਾਖਵਾਂ ਰੱਖਦਿਆਂ ਬੈਂਚ ਨੇ ਕਿਹਾ ਸੀ ਕਿ ਪ੍ਰਸਤਾਵਨਾ 'ਚ ਸਮਾਜਵਾਦੀ, ਧਰਮ ਨਿਰਪੱਖ ਅਤੇ ਅਖੰਡਤਾ ਸ਼ਬਦ ਜੋੜਨ ਵਾਲੀ ਸੰਵਿਧਾਨ ਦੀ 1976 ਦੀ ਤਰਮੀਮ ਦੀ ਅਦਾਲਤੀ ਨਿਰਖ-ਪਰਖ ਹੋ ਚੁੱਕੀ ਹੈ ਅਤੇ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਐਮਰਜੈਂਸੀ ਦੇ ਸਮੇਂ ਦੌਰਾਨ ਸੰਸਦ ਨੇ ਜੋ ਵੀ ਕੀਤਾ, ਉਹ ਸਭ ਬੇਕਾਰ ਸੀ। ਤਰਮੀਮ ਤਹਿਤ ਪ੍ਰਸਤਾਵਨਾ 'ਚ ਭਾਰਤ ਦੇ ਵਰਨਣ ਨੂੰ 'ਪ੍ਰਭੂਸੱਤਾ ਸੰਪੰਨ, ਜਮਹੂਰੀ ਗਣਰਾਜ' ਤੋਂ ਬਦਲ ਕੇ 'ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ' ਕਰ ਦਿੱਤਾ ਗਿਆ ਸੀ। ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 25 ਜੂਨ, 1975 ਤੋਂ 21 ਮਾਰਚ, 1977 ਤੱਕ ਐਮਰਜੈਂਸੀ ਲਾਈ ਸੀ।

ਬੈਂਚ ਨੇ ਮਾਮਲੇ ਨੂੰ ਵੱਡੀ ਬੈਂਚ ਕੋਲ ਭੇਜਣ ਦੀ ਪਟੀਸ਼ਨਰਾਂ ਦੀ ਬੇਨਤੀ ਨਾਮਨਜ਼ੂਰ ਕਰ ਦਿੱਤੀ ਸੀ। ਬੈਂਚ ਨੇ ਕਿਹਾ ਸੀ ਕਿ ਭਾਰਤੀ ਅਰਥਾਂ ਵਿੱਚ 'ਸਮਾਜਵਾਦੀ ਹੋਣ' ਨੂੰ 'ਕਲਿਆਣਕਾਰੀ ਰਾਜ' ਸਮਝਿਆ ਜਾਂਦਾ ਹੈ। ਐਡਵੋਕੇਟ ਅਸ਼ਵਿਨੀ ਉਪਾਧਿਆਏ, ਜਿਸ ਨੇ ਵੀ ਇੱਕ ਪਟੀਸ਼ਨ ਦਾਇਰ ਕੀਤੀ, ਨੇ ਕਿਹਾ ਕਿ ਉਹ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੀਆਂ ਧਾਰਨਾਵਾਂ ਦੇ ਵਿਰੁੱਧ ਨਹੀਂ ਹਨ, ਪਰ ਪ੍ਰਸਤਾਵਨਾ 'ਚ ਇਸ ਨੂੰ ਸ਼ਾਮਲ ਕਰਨ ਦਾ ਵਿਰੋਧ ਕਰਦੇ ਹਨ।

ਇੱਕ ਵੱਖਰੀ ਪਟੀਸ਼ਨ ਦਾਇਰ ਕਰਨ ਵਾਲੇ ਸਵਾਮੀ ਨੇ ਕਿਹਾ ਕਿ ਜਨਤਾ ਪਾਰਟੀ ਦੀ ਅਗਵਾਈ ਵਾਲੀ ਬਾਅਦ 'ਚ ਚੁਣੀ ਗਈ ਕੇਂਦਰ ਸਰਕਾਰ ਨੇ ਵੀ ਪ੍ਰਸਤਾਵਨਾ 'ਚ ਇਨ੍ਹਾਂ ਸ਼ਬਦਾਂ ਨੂੰ ਸ਼ਾਮਲ ਕਰਨ ਦਾ ਸਮਰਥਨ ਕੀਤਾ ਸੀ। ਉਨ੍ਹਾ ਕਿਹਾ ਕਿ ਸਵਾਲ ਇਹ ਹੈ ਕਿ ਕੀ ਇਸ ਨੂੰ 1949 ਵਾਲੀ ਪ੍ਰਸਤਾਵਨਾ ਵਿਚ ਹੀ ਸਮਾਜਵਾਦੀ ਅਤੇ ਧਰਮ ਨਿਰਪੱਖ ਮੰਨਿਆ ਜਾਵੇ ਜਾਂ ਇਸ ਦੀ ਬਜਾਏ ਪ੍ਰਸਤਾਵਨਾ ਵਿੱਚ ਇਕ ਵੱਖਰੇ ਪੈਰੇ ਵਜੋਂ ਜੋੜਿਆ ਜਾਣਾ ਚਾਹੀਦਾ ਹੈ।

### ਸਮਾਲ ਸਕੇਲ ਇੰਡਸਟਰੀਜ਼...

ਐਲਾਨ ਕੀਤਾ ਜਾਵੇਗਾ।ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਏਟਕ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਕਿਹਾ ਕਿ ਰੈਲੀ ਦੀ ਸਫਲਤਾ ਲਈ ਸ਼ਹਿਰੀਆਂ ਤੇ ਛੋਟੇ ਕਾਰੋਬਾਰੀਆਂ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਮਿਲ ਰਿਹਾ ਹੈ। ਉਹਨਾਂ ਦਾਅਵਾ ਕੀਤਾ ਗਿਆ ਕਿ 30 ਦਸੰਬਰ ਦੀ ਰੈਲੀ ਇਤਿਹਾਸਕ ਹੋਵੇਗੀ। ਸ਼ਹਿਰੀ ਸਕੱਤਰ ਰਤਨ ਭੋਲਾ, ਮੀਤ ਸਕੱਤਰ ਨਰੇਸ਼ ਕੁਮਾਰ ਬੁਰਜ ਹਰੀ, ਕਿਸਾਨ ਆਗੂ ਦਰਸ਼ਨ ਮਾਨਸ਼ਾਹੀਆ, ਸਾਧੂ ਰਾਮ ਢਲਾਈ ਵਾਲੇ, ਮਨਜਿੰਦਰ ਸਿੰਘ ਤੇ ਲਛਮਣ ਸਿੰਘ ਤੋਂ ਇਲਾਵਾ ਹੋਰ ਪਾਰਟੀ ਆਗੂ ਵੀ ਸ਼ਾਮਲ ਸਨ।

### ਸੰਸਦ ਦੇ ਸੀਤ ਰੁੱਤ...

ਉਠਾਉਣ ਦੀ ਕੋਸ਼ਿਸ਼ ਕੀਤੀ। ਇਸੇ ਤਰ੍ਹਾਂ ਲੋਕ ਸਭਾ ਵੀ ਜਦੋਂ ਦੁਪਹਿਰ ਵੇਲੇ ਜੁੜੀ ਤਾਂ ਆਪੋਜ਼ੀਸ਼ਨ ਮੈਂਬਰ ਉੱਤਰ ਪ੍ਰਦੇਸ਼ ਦੇ ਸੰਭਲ 'ਚ ਹੋਈ ਹਿੰਸਾ ਨੂੰ ਲੈ ਕੇ ਨਾਅਰੇਬਾਜ਼ੀ ਕਰਦੇ ਹੋਏ ਅਤੇ ਅਡਾਨੀ ਵਿਰੁੱਧ ਦੋਸ਼ਾਂ ਦੀ ਜਾਂਚ ਦੀ ਮੰਗ ਕਰਦੇ ਸੁਣੇ ਗਏ। ਸਦਨ ਦੀ ਕਾਰਵਾਈ ਚਲਾ ਰਹੇ ਭਾਜਪਾ ਮੈਂਬਰ ਸੰਧਿਆ ਰੇਅ ਨੇ ਪੁੱਛਿਆ ਕਿ ਕੀ ਮੈਂਬਰ ਸਦਨ ਦੀ ਕਾਰਵਾਈ ਚੱਲਣ ਦੇਣ ਦੇ ਇੱਛੁਕ ਨਹੀਂ ਹਨ। ਇਸ ਤੋਂ ਬਾਅਦ ਉਨ੍ਹਾ ਬੁੱਧਵਾਰ ਤੱਕ ਕਾਰਵਾਈ ਮੁਲਤਵੀ ਕਰ ਦਿੱਤੀ। ਮੰਗਲਵਾਰ ਨੂੰ ਸੰਵਿਧਾਨ ਸਭਾ ਵੱਲੋਂ ਸੰਵਿਧਾਨ ਨੂੰ ਅਪਨਾਏ ਜਾਣ ਦੀ 75ਵੀਂ ਵਰ੍ਹੇਗੰਢ ਦੇ ਸਾਲ-ਭਰ ਚੱਲਣ ਵਾਲੇ ਜਸ਼ਨਾਂ ਦੀ ਸ਼ੁਰੂਆਤ ਕਰਨ ਲਈ ਸੈਂਟਰਲ ਹਾਲ ਭਾਵ ਸੰਵਿਧਾਨ ਸਦਨ 'ਚ ਵਿਸ਼ੇਸ਼ ਸਮਾਗਮ ਕੀਤਾ ਜਾਵੇਗਾ।

ਰਾਜ ਸਭਾ ਵਿੱਚ ਚੇਅਰਮੈਨ ਜਗਦੀਪ ਧਨਖੜ ਨੇ ਸਦਨ ਦੀ ਮੇਜ਼ 'ਤੇ ਸੂਚੀਬੱਧ ਕੰਮਕਾਜ ਬਾਰੇ ਕਾਗਜ਼ ਰੱਖੇ ਜਾਣ ਅਤੇ ਚਲਾਣਾ ਕਰ ਗਏ ਸਾਬਕਾ ਸੰਸਦ ਮੈਂਬਰਾਂ ਨੂੰ ਸ਼ਰਧਾਂਜਲੀ ਦਿੱਤੇ ਜਾਣ ਤੋਂ ਫੌਰੀ ਬਾਅਦ ਨਿਯਮ 267 ਦੇ ਤਹਿਤ ਭੇਜੇ ਗਏ 13 ਨੋਟਿਸਾਂ ਨੂੰ ਰੱਦ ਕਰ ਦਿੱਤਾ, ਜਿਨ੍ਹਾਂ 'ਚ ਸੱਤ ਨੋਟਿਸ 26.5 ਕਰੋੜ ਅਮਰੀਕੀ ਡਾਲਰ ਦੀ ਰਿਸ਼ਵਤ ਦੇ ਕਥਿਤ ਭੁਗਤਾਨ ਬਾਰੇ ਅਮਰੀਕੀ ਦੋਸ਼ਾਂ ਉਤੇ ਚਰਚਾ ਕਰਨ ਦੀ ਮੰਗ ਨਾਲ ਸੰਬੰਧਤ ਸਨ। ਆਪੋਜ਼ੀਸ਼ਨ ਦੇ ਨੇਤਾ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਜੋ ਕਿ ਅਡਾਨੀ ਰਿਸ਼ਵਤ ਦੇ ਮੁੱਦੇ 'ਤੇ ਚਰਚਾ ਕਰਨ ਦੀ ਮੰਗ ਕਰਨ ਵਾਲੇ ਸੱਤ ਮੈਂਬਰਾਂ 'ਚ ਸ਼ਾਮਲ ਸਨ, ਨੇ ਕਿਹਾ ਕਿ ਜੇ ਸੂਚੀਬੱਧ ਕੰਮ-ਕਾਜ ਨੂੰ ਮੁਅੱਤਲ ਕਰ ਦਿੱਤਾ ਜਾਵੇ ਤਾਂ ਆਪੋਜ਼ੀਸ਼ਨ ਪਾਰਟੀਆਂ ਇਹ ਬਿਆਨ ਕਰ ਸਕਦੀਆਂ ਹਨ ਕਿ ਕਿਵੇਂ ਇਹ ਬਹੁਤ ਅਹਿਮ ਮੁੱਦਾ ਪੂਰੇ ਦੇਸ਼ ਨੂੰ ਪ੍ਰਭਾਵਤ ਕਰ ਰਿਹਾ ਹੈ। ਉਨ੍ਹਾ ਦੋਸ਼ ਲਾਇਆ ਕਿ ਵਿਸ਼ਵ ਪੱਧਰ 'ਤੇ ਦੇਸ਼ ਦਾ ਅਕਸ ਖਰਾਬ ਹੋਇਆ ਹੈ ਅਤੇ ਫਿਰ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਡਾਨੀ ਦਾ ਸਮਰਥਨ ਕਰ ਰਹੇ ਹਨ।

ਇਸ 'ਤੇ ਧਨਖੜ ਨੇ ਆਦੇਸ਼ ਦਿੱਤਾ ਕਿ ਖੜਗੇ ਜੋ ਵੀ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਕਾਂਗਰਸ ਅਤੇ ਖੱਬੀਆਂ ਪਾਰਟੀਆਂ ਵੱਲੋਂ ਚਰਚਾ ਲਈ ਜ਼ੋਰ ਦਿੱਤੇ ਜਾਣ ਅਤੇ ਮੈਂਬਰਾਂ ਦੇ ਹੰਗਾਮੇ ਕਾਰਨ ਕਾਰਵਾਈ 15 ਮਿੰਟ ਲਈ ਮੁਲਤਵੀ ਕਰ ਦਿੱਤੀ ਗਈ। ਜਦੋਂ ਸਦਨ 11.45 ਵਜੇ ਦੁਬਾਰਾ ਜੁੜਿਆ ਤਾਂ ਚੇਅਰਮੈਨ ਨੇ ਕਿਹਾ ਕਿ ਉਹ ਸਦਨ ਦੇ ਮੈਂਬਰਾਂ ਦਾ ਸਭ ਤੋਂ ਵੱਧ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਸੂਚੀਬੱਧ ਕੰਮਕਾਜ ਨੂੰ ਜਾਰੀ ਰੱਖਣ ਦੇਣ ਦੀ ਅਪੀਲ ਕੀਤੀ, ਪਰ ਆਪੋਜ਼ੀਸ਼ਨ ਦੇ ਕੁਝ ਮੈਂਬਰਾਂ ਨੂੰ ਵੱਖ-ਵੱਖ ਮਾਮਲੇ ਉਠਾਉਂਦਿਆਂ ਸੁਣਿਆ ਗਿਆ। ਇਸ ਤੋਂ ਬਾਅਦ ਚੇਅਰਮੈਨ ਨੇ ਸਦਨ ਦੀ ਕਾਰਵਾਈ ਦਿਨ-ਭਰ ਲਈ ਮੁਲਤਵੀ ਕਰ ਦਿੱਤੀ।

ਨਿਯਮ 267 ਦੇ ਅਧੀਨ ਹੋਰ ਨੋਟਿਸਾਂ 'ਚ ਮਨੀਪੁਰ 'ਚ ਜਾਰੀ ਹਿੰਸਾ, ਯੂ ਪੀ ਦੇ ਸੰਭਲ 'ਚ ਹਿੰਸਕ ਝੜਪਾਂ ਅਤੇ ਹੜ੍ਹਾਂ ਲਈ ਵਿਸ਼ੇਸ਼ ਸਹਾਇਤਾ ਨਾਲ ਸੰਬੰਧਤ ਉਠਾਏ ਜਾਣ ਵਾਲੇ ਮੁੱਦਿਆਂ 'ਤੇ ਚਰਚਾ ਕਰਨ ਲਈ ਸਦਨ ਦੇ ਸੂਚੀਬੱਧ ਕੰਮਕਾਜ ਨੂੰ ਮੁਅੱਤਲ ਕਰਨ ਦੀ ਮੰਗ ਕੀਤੀ ਗਈ ਸੀ।

### ਪੰਜਾਬ ਖੇਤ ਮਜ਼ਦੂਰ ...

ਫ਼ੈਸਲਾ ਕੀਤਾ ਗਿਆ ਸੀ। ਆਗੂਆਂ ਨੇ ਕਿਹਾ ਕਿ ਉਕਤ ਪ੍ਰੋਗਰਾਮ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤ ਨੂੰ ਯਕੀਨੀ ਬਣਾਉਣ ਅਤੇ ਫ਼ਸਲਾਂ ਦਾ ਘੱਟੋ ਸਮਰਥਨ ਮੁੱਲ ਅਤੇ ਸਭ ਲਈ ਰੁਜ਼ਗਾਰ ਅਤੇ ਸਮਾਜਕ ਸੁਰੱਖਿਆ ਨੂੰ ਯਕੀਨੀ ਬਣਾਉਣ ਵੱਲ ਕਦਮ ਹੈ। ਪ੍ਰੀਤਮ ਸਿੰਘ ਨਿਆਮਤਪੁਰ ਅਤੇ ਦੇਵੀ ਕੁਮਾਰੀ ਸਰਾਹਲੀ ਕਲਾਂ ਨੇ ਅੱਗੇ ਕਿਹਾ ਕਿ ਮਨਰੇਗਾ ਤਹਿਤ ਘੱਟੋ-ਘੱਟ !ਉਜ਼ਰਤ, 200 ਦਿਨ ਕੰਮ ਅਤੇ 500 ਰੁਪਏ ਦਿਹਾੜੀ ਵਰਗੀਆ ਹੋਰ ਮੰਗਾਂ 26 ਨਵੰਬਰ ਦੇ ਅੰਦੋਲਨ ਵਿੱਚ ਸ਼ਾਮਲ ਹਨ। ਜ਼ਿਲ੍ਹਾ ਪੱਧਰ 'ਤੇ ਉਲੀਕੇ ਗਏ ਪ੍ਰਦਰਸ਼ਨਾਂ ਦੀ ਸਫ਼ਲਤਾ ਲਈ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂਆਂ ਦੀ ਡਿਊਟੀ ਲਾਈ ਗਈ ਹੈ। ਉਨ੍ਹਾਂ ਕਿਹਾ ਕਿ 26 ਨਵੰਬਰ ਦਾ ਪ੍ਰੋਗਰਾਮ ਖੇਤੀਬਾੜੀ ਦਾ ਕਾਰਪੋਰੇਟੀਕਰਨ ਅਤੇ ਕਿਰਤੀ ਲੋਕਾਂ ਦੇ ਹੱਕਾਂ ਦੇ ਮੱਦੇਨਜ਼ਰ ਕਿਸਾਨਾਂ ਅਤੇ ਮਜ਼ਦੂਰ ਦੀ ਏਕਤਾ ਨੂੰ ਵੀ ਬਲ ਬਖਸ਼ੇਗਾ।ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਨਾਨਕ ਚੰਦਲੰਬੀ, ਨਿਰੰਜਣ ਦਾਸ ਮੇਹਲੀ, ਨਿਰੰਜਣ ਸਿੰਘ ਚੋਨਾਗਰਾ ਆਦਿ ਵੀ ਹਾਜ਼ਰ ਸਨ।

### ਕੈਨੇਡਾ ਪੰਜਾਬੀਆਂ...

ਕੌਮਾਂਤਰੀ ਵਿਦਿਆਰਥੀਆਂ ਦੀ ਕੈਨੇਡਾ ਵਿਚ ਸ਼ਰਨ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਦੂਜੇ ਪਾਸੇ ਕੈਨੇਡਾ ਵਿਚ ਆਰਜ਼ੀ ਵੀਜ਼ਾ 'ਤੇ ਮੌਜੂਦ ਲੋਕਾਂ ਦੀ ਗਿਣਤੀ 30 ਲੱਖ ਤੋਂ ਟੱਪ ਚੁੱਕੀ ਹੈ ਅਤੇ ਫੈਡਰਲ ਸਰਕਾਰ ਇਸ ਵਿਚ ਵੱਡੀ ਕਟੌਤੀ ਕਰਨਾ ਚਾਹੁੰਦੀ ਹੈ। ਬਗੈਰ ਲਾਇਸੈਂਸ ਤੋਂ ਕੰਮ ਕਰ ਰਹੇ ਇਮੀਗ੍ਰੇਸ਼ਨ ਸਲਾਹਕਾਰ ਇਸ ਦਾ ਸਭ ਤੋਂ ਵੱਧ ਫਾਇਦਾ ਉਠਾ ਰਹੇ ਹਨ ਅਤੇ ਪੰਜਾਬੀ ਨੌਜਵਾਨਾਂ ਨੂੰ ਐੱਲ ਐੱਮ ਆਈ ਏ ਰਾਹੀਂ ਪੱਕੇ ਕਰਵਾਉਣ ਦਾ ਲਾਰਾ ਲਾਇਆ ਜਾਂਦਾ ਹੈ।

ਇਮੀਗ੍ਰੇਸ਼ਨ ਬਾਬਤ ਨਿੱਤ ਦਿਨ ਹੋ ਰਹੇ ਘਪਲਿਆਂ ਨੂੰ ਰੋਕਣ ਦੇ ਇਰਾਦੇ ਨਾਲ ਓਂਟਾਰੀਓ ਸਰਕਾਰ ਨੇ ਇਕ ਨਵੀਂ ਪਹਿਲਕਦਮੀ ਕਰਦਿਆਂ ਸ਼ੋਸ਼ਣ ਕਰਨ ਵਾਲੇ ਇਮੀਗ੍ਰੇਸ਼ਨ ਕੰਸਲਟੈਂਟਸ 'ਤੇ ਸ਼ਿਕੰਜਾ ਕੱਸਣ ਲਈ ਇਕ ਬਿੱਲ ਲਿਆਉਣ ਦੀ ਤਜਵੀਜ਼ ਰੱਖੀ ਹੈ। ਇਸ 'ਚ ਇਮੀਗ੍ਰੇਸ਼ਨ ਕੰਸਲਟੈਂਟਸ, ਰੁਜ਼ਗਾਰਦਾਤਾਵਾਂ ਅਤੇ ਪ੍ਰੋਗਰਾਮ ਲਈ ਅਰਜ਼ੀ ਦੇਣ ਵਾਲੇ ਬਿਨੈਕਾਰਾਂ ਵਿਚਕਾਰ ਵਧੇਰੇ ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਲੋੜ 'ਤੇ ਜ਼ੋਰ ਦਿੱਤਾ ਜਾਣਾ ਹੈ।

ਸਰਕਾਰ ਕੰਸਲਟੈਂਟਸ ਅਤੇ ਬਿਨੈਕਾਰਾਂ ਵਿਚਕਾਰ ਲਿਖਤੀ ਇਕਰਾਰਨਾਮਾ ਕਰਨ ਦੀ ਲੋੜ, ਕੰਸਲਟੈਂਟਸ ਨੂੰ ਉਨ੍ਹਾਂ ਦੀ ਰਜਿਸਟਰੇਸ਼ਨ ਜਾਂ ਲਾਇਸੈਂਸ ਦਾ ਸਬੂਤ ਦੇਣ, ਬਿਨੈਕਾਰਾਂ ਨੂੰ ਆਪਣੀ ਫਾਈਲ ਤੱਕ ਵਧੇਰੇ ਪਹੁੰਚ ਜਿਹੇ ਕਰਾਰ ਲੈ ਕੇ ਆਉਣ 'ਤੇ ਵਿਚਾਰ ਕਰ ਰਹੀ ਹੈ।

## ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਪੰਜਾਬ ਭਰ 'ਚ ਹੋਣਗੇ ਰੋਸ ਵਿਖਾਵੇ

**ਜਲੰਧਰ 'ਚ 10 ਦਸੰਬਰ ਨੂੰ ਵਿਖਾਵੇ ਦੀ ਤਿਆਰੀ ਸੰਬੰਧੀ ਹੋਈ ਮੀਟਿੰਗ**



**ਜਲੰਧਰ (ਕੇਸਰ, ਰਾਜੇਸ਼ ਥਾਪਾ)**-ਮੋਦੀ ਹਕੂਮਤ ਵੱਲੋਂ ਭਾਰਤੀ ਨਾਗਰਿਕਾਂ ਦੇ ਮੁੱਢਲੇ ਮਾਨਵੀ ਅਧਿਕਾਰਾਂ ਉਪਰ ਹਮਲੇ ਤੇਜ਼ ਕਰਨ, ਕੌਮੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਨਾਲ ਲੇਖਕਾਂ, ਬੁੱਧੀਜੀਆਂ, ਵਕੀਲਾਂ ਅਤੇ ਪੱਤਰਕਾਰਾਂ ਨੂੰ ਜ਼ੇਲ੍ਹਾਂ ਅੰਦਰ ਬੰਦ ਕਰਨ ਖਿਲਾਫ ਪੰਜਾਬ ਦੀਆਂ ਤਿੰਨ ਦਰਜਨ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਪੰਜਾਬ ਭਰ 'ਚ ਜ਼ਿਲ੍ਹਾ ਹੈੱਡਕੁਆਟਰਾਂ 'ਤੇ ਮਨੁੱਖੀ ਅਧਿਕਾਰ ਦਿਵਸ ਮੌਕੇ 10 ਦਸੰਬਰ ਨੂੰ ਰੋਸ ਮਾਰਚ ਕੀਤੇ ਜਾਣਗੇ।ਸੂਬਾ ਪੱਧਰੀ ਇਸ ਸਰਗਰਮੀ ਦੀ ਲੜੀ ਵਜੋਂ 10 ਦਸੰਬਰ ਨੂੰ ਜਲੰਧਰ ਵਿਖੇ ਰੋਸ ਮਾਰਚ ਕਰਨ ਦੀ ਤਿਆਰੀ ਲਈ ਸੋਮਵਾਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਜਨਤਕ ਜਮਹੂਰੀ ਜੱਥੇਬੰਦੀਆਂ ਨੇ ਪੰਜਾਬੀ ਲੇਖਕ ਸਭਾ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਹਰਜਿੰਦਰ ਸਿੰਘ ਅਟਵਾਲ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ। ਮੀਟਿੰਗ ਵਿੱਚ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਦੇਸ਼ ਭਗਤ ਯਾਦਗਾਕ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਤੀਰਥ ਬਾਸੀ ਤੇ ਪ੍ਰਨਾਮ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮੋਹਨ ਸਿੰਘ ਬੱਲ ਤੇ ਮਲਕੀਤ ਸਿੰਘ ਈਦਾ ਅਤੇ ਜਮਹੂਰੀ ਅਧਿਕਾਰ ਸਭਾ (ਪੰਜਾਬ) ਜ਼ਿਲ੍ਹਾ ਜਲੰਧਰ ਦੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਭੋਗਲ, ਸਕੱਤਰ ਮੰਗਤ ਰਾਏ, ਵਿੱਤ ਸਕੱਤਰ ਕਰਨੈਲ ਸਿੰਘ, ਪਰਮਜੀਤ ਕਲਸੀ, ਸੂਬਾ ਕਮੇਟੀ ਮੈਂਬਰ ਗੁਰਮੀਤ ਸਿੰਘ ਕੋਟਲੀ ਤੇ ਪਰਮਜੀਤ ਕੜਿਆਣਾ ਸ਼ਾਮਲ ਹੋਏ। ਡਾ. ਮੰਗਤ ਰਾਏ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਲੋਕ ਪੱਖੀ ਕਲਮਕਾਰਾਂ, ਬੁੱਧੀਜੀਵੀਆਂ, ਤਰਕਸ਼ੀਲਾਂ ਜਮਹੂਰੀ ਇਨਕਲਾਬੀ ਕਾਮਿਆਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਮਨੁੱਖੀ ਅਧਿਕਾਰਾਂ ਦਾ ਲਗਾਤਾਰ ਘਾਣ ਕਰਦੀ ਆ ਰਹੀ ਹੈ।ਕੇਂਦਰੀ ਜਾਂਚ ਏਜੰਸੀ ਤੇ ਹੋਰ ਖੁਫੀਆਂ ਏਜੰਸੀਆਂ ਬੁੱਧੀਜੀਵੀਆਂ, ਪੱਤਰਕਾਰਾਂ, ਲੇਖਕਾਂ ਅਤੇ ਲੋਕਾਂ ਦੇ ਹੱਕਾਂ ਦੀ ਅਵਾਜ ਬੁਲੰਦ ਕਰਨ ਵਾਲਿਆਂ ਦੇ ਘਰਾਂ ਵਿੱਚ ਛਾਪੇਮਾਰੀ ਕਰਕੇ ਦੇਸ਼ ਅੰਦਰ ਦਹਿਸਤ ਦਾ ਮਾਹੌਲ ਪੈਦਾ ਕਰ ਰਹੀਆਂ ਹਨ।ਭਾਜਪਾ ਹਕੂਮਤ ਦੇ ਅਜਿਹੀ ਲੋਕ ਵਿਰੋਧੀ ਨੀਤੀ ਖਿਲਾਫ ਜ਼ਿਲ੍ਹੇ ਦੀਆਂ ਜਨਤਕ ਤੇ ਜਮਹੂਰੀ ਜਥੇਬੰਦੀਆਂ 10 ਦਸੰਬਰ ਨੂੰ ਜਲੰਧਰ ਵਿੱਚ ਰੋਸ਼ ਮਾਰਚ ਕਰਨਗੀਆਂ।ਉਨ੍ਹਾਂ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਵਕੀਲਾਂ, ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਅਤੇ ਇਨਸਾਫ ਪਸੰਦ ਲੋਕਾਂ ਨੂੰ 10 ਦਸੰਬਰ ਨੂੰ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਪੁੱਜਣ ਦੀ ਅਪੀਲ ਕੀਤੀ।

## ਦੋ ਰੋਜ਼ਾ ਗੁਰਮਤਿ ਸਮਾਗਮ ਜੋਸ਼ੋ-ਖਰੋਸ਼ ਨਾਲ ਸੰਪੰਨ



**ਨਾਭਾ (ਵਰਿੰਦਰ ਵਰਮਾ)**

ਧਾਰਮਿਕ ਨਗਰੀ ਦੇ ਨਾਮ ਤੇ ਜਾਣੇ ਜਾਂਦੇ ਰਿਆਸਤੀ ਸ਼ਹਿਰ ਨਾਭਾ ਵਿਖੇ ਤਿਲਕ ਜੰਞੂ ਕੇ ਰਾਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਅਤੇ ਬਾਬਾ ਜੱਸਾ ਸਿੰਘ ਜੀ ਦੀ ਸਲਾਨਾ ਨਿੱਘੀ ਯਾਦ ਨੂੰ ਸਮਰਪਿਤ ਗੁਰਦੁਆਰਾ ਟਿੱਬੀ ਸਾਹਿਬ ਨਾਭਾ ਵਿਖੇ ਕਰਵਾਇਆ ਗਿਆ ਦੋ ਰੋਜ਼ਾ ਸਲਾਨਾ ਗੁਰਮਤਿ ਸਮਾਗਮ ਪੂਰੇ ਜੋਸ਼ੋ-ਖਰੋਸ ਨਾਲ ਸੰਪੰਨ ਹੋਇਆ, ਜਿਸ ਵਿੱਚ ਮਿਤੀ 23 ਨਵੰਬਰ ਨੂੰ ਰਾਤ 7 ਵਜੇ ਤੋਂ 9 ਵਜੇ ਤੱਕ ਦੀਵਾਨ ਸਜਾਏ ਗਏ ਜਿਸ ਦੌਰਾਨ ਗੁ: ਟਿੱਬੀ ਸਾਹਿਬ ਦੇ ਹਜ਼ੂਰੀ ਕੀਰਤਨੀ ਜਥੇ ਭਾਈ ਅੰਮ੍ਰਿਤਪਾਲ ਸਿੰਘ ਹੈਡ ਗ੍ਰੰਥੀ, ਰਾਗੀ ਭਾਈ ਅਵਤਾਰ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਤੋਂ ਇਲਾਵਾ ਭਾਈ ਗੁਰਸਰਨ ਸਿੰਘ ਨਾਭਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਚਾਰਕ ਭਾਈ ਜਸਵਿੰਦਰ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਗੁਰਮਤ ਵਿਚਾਰਾਂ ਅਤੇ ਗੁਰ ਇਤਿਹਾਸ ਦੀਆਂ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਗੁਰੂਆਂ ਦੇ ਦਿਹਾੜੇ ਮਨਾਉਣੇ ਤਾਂ ਹੀ ਸਫਲੇ ਹਨ, ਜੇਕਰ ਅਸੀਂ ਗੁਰੂ ਸਾਹਿਬ ਦੇ ਬਖਸ਼ੇ ਹੋਏ ਸਿਧਾਂਤ ਅਨੁਸਾਰ ਆਪਣਾ ਜੀਵਨ ਬਸਰ ਕਰ ਸਕੀਏ ਉਨ੍ਹਾਂ ਸਿੱਖ ਸਮਾਜ ਵਿੱਚ ਆਈਆਂ ਕੁਰੀਤੀਆਂ ਤੇ ਬੋਲਦਿਆਂ ਕਿਹਾ ਕਿ ਸਾਡੇ ਗੁਰੂ ਸਾਹਿਬਾਂ ਨੇ ਕੁਰਬਾਨੀਆਂ ਕਰਕੇ ਸਾਨੂੰ ਸਰਦਾਰੀ ਬਖ਼ਸ਼ੀ ਸੀ ਪ੍ਰੰਤੂ ਅਸੀਂ ਗੁਰੂਆਂ ਦੇ ਕੀਤੇ ਹੋਏ ਪਰਉਪਕਾਰਾਂ ਨੂੰ ਭੁੱਲ ਚੁੱਕੇ ਹਾਂ ਗੁਰਮਤਿ ਦੇ ਰਸਤੇ ਤੋਂ ਭਟਕ ਰਹੀ ਸਾਡੀ ਨੌਜਵਾਨੀ ਨੂੰ ਸਹੀ ਦਿਸ਼ਾ ਦੇਣ ਲਈ ਹਰ ਇੱਕ ਗੁਰਸਿੱਖ ਨੂੰ ਪ੍ਰਚਾਰਕ ਬਣਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਬੱਚਿਆਂ ਨੂੰ ਸਹੀ ਸੇਧ ਦੇ ਸਕੀਏ। 24 ਨਵੰਬਰ ਨੂੰ ਅੰਮ੍ਰਿਤ ਵੇਲੇ ਪਿਛਲੇ ਤਕਰੀਬਨ ਦੋ ਮਹੀਨਿਆਂ ਤੋਂ ਚੱਲ ਰਹੀ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਦੇ ਭੋਗ ਪਾਏ ਗਏ ਉਪਰੰਤ ਧੰਨ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀ ਪਾਵਨ ਨਗਰੀ ਅੰਮ੍ਰਿਤਸਰ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਹਜ਼ੂਰੀ ਰਾਗੀ ਸੱਚਖੰਡਿ ਸ੍ਰੀ ਦਰਬਾਰ ਸਾਹਿਬ ਭਾਈ ਭੁਪਿੰਦਰ ਸਿੰਘ ਜੀ ਨੇ ਆਪਣੀ ਮਿੱਠੀ ਰਸਨਾਂ ਤੋਂ ਇਲਾਹੀ ਬਾਣੀ ਦੇ ਕੀਰਤਨ ਦੀ ਛਹਿਬਰ ਲਾ ਸੰਗਤਾਂ ਨੂੰ ਇਲਾਹੀ ਧੁਨਾਂ ਰਾਹੀਂ ਮੰਤਰ ਮੁਗਧ ਕੀਤਾ,ਸਟੇਜ ਸਕੱਤਰ ਦੀ ਸੇਵਾ ਗੁਰਮੁੱਖ ਸਿੰਘ ਭੋਜੋ ਮਾਜਰੀ ਦੁਆਰਾ ਬਾਖੂਬੀ ਨਿਭਾਈ ਗਈ ਗੁਰਦੁਆਰਾ ਟਿੱਬੀ ਸਾਹਿਬ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ ਬਲੋ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ ਸਿੱਖੀ ਸਰੂਪ ਵਿੱਚ ਜੁੜੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਜਥੇਦਾਰ ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਗੁਰਦਿਆਲ ਇੰਦਰ ਸਿੰਘ ਬਿੱਲੂ ਸਾਬਕਾ ਚੇਅਰਮੈਨ, ਗੁਰਚਰਨ ਸਿੰਘ ਘਮਰੌਦਾ, ਹਰਮਿੰਦਰ ਸਿੰਘ ਨਾਭਾ ਇੰਚਾਰਜ ਧਰਮ ਪ੍ਰਚਾਰ ਸਬ ਆਫ਼ਿਸ ਸ੍ਰੀ ਅਨੰਦਪੁਰ ਸਾਹਿਬ, ਮੇਜਰ ਸਿੰਘ ਲੁਬਾਣਾ, ਮਲਕੀਤ ਸਿੰਘ ਮਾਨ, ਦਵਿੰਦਰ ਸਿੰਘ ਜੀ ਕੈਸ਼ੀਅਰ, ਲਖਵਿੰਦਰ ਸਿੰਘ, ਹਰਦਿਆਲ ਸਿੰਘ ਚੇਅਰਮੈਨ, ਬੰਤ ਸਿੰਘ, ਜਸਵਿੰਦਰ ਸਿੰਘ ਸਾਲੂਵਾਲ, ਦਰਸ਼ਨ ਸਿੰਘ, ਬਲਵਿੰਦਰ ਸਿੰਘ, ਗੁਰਮੇਲ ਸਿੰਘ, ਸਰਬਜੀਤ ਸਿੰਘ ਖੋਖ, ਕੁਲਵੰਤ ਸਿੰਘ, ਬਹਾਦਰ ਸਿੰਘ ਖੱਟੜਾ, ਬੀਬੀ ਅੰਗਰੇਜ਼ ਕੌਰ, ਬੀਬੀ ਰਾਜ ਕੌਰ, ਬੀਬੀ ਸ਼ਿੰਦਰ ਕੌਰ, ਬੀਬੀ ਕੁਲਵੰਤ ਕੌਰ, ਬੀਬੀ ਜਸਵਿੰਦਰ ਕੌਰ, ਜਸਕਰਨ ਸਿੰਘ, ਅਮਰਿੰਦਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

### ਪੀ ਐੱਸ ਪੀ ਸੀ ਐੱਲ...

ਚਾੜ੍ਹਿਆ ਗਿਆ ਹੈ। ਉਨ੍ਹਾ ਮਾਰਚ, 2022 ਵਿੱਚ ਅਹੁਦਾ ਸੰਭਾਲਿਆ ਸੀ ਅਤੇ ਕੁਝ ਮਹੀਨਿਆਂ ਬਾਅਦ ਉਨ੍ਹਾ ਨੂੰ ਪਛਵਾੜਾ ਕੋਲ ਖਾਣ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋ ਗਈ ਸੀ। ਸੂਬੇ ਨੇ ਇੱਕ ਨਿੱਜੀ ਕੰਪਨੀ ਜੀ ਵੀ ਕੇ ਪਾਵਰ ਦੀ ਮਲਕੀਅਤ ਵਾਲਾ ਗੋਇੰਦਵਾਲ ਪਾਵਰ ਪਲਾਂਟ ਖਰੀਦ ਕੇ ਇਤਿਹਾਸ ਰਚਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮਾੜੇ ਸਿਸਟਮ ਤੋਂ ਨਿਰਾਸ਼ ਹੋ ਕੇ ਵਿਦੇਸ਼ ਜਾਣ ਲਈ ਮਜਬੂਰ ਨੌਜਵਾਨ ਹੁਣ ਵਾਪਸ ਪਰਤ ਰਹੇ ਹਨ, ਜੋ ਕਿ ਸੂਬੇ ਵਿੱਚ ਵਤਨ ਵਾਪਸੀ ਦਾ ਹਾਂ-ਪੱਖੀ ਰੁਝਾਨ ਹੈ। ਉਨ੍ਹਾ ਦੀ ਸਰਕਾਰ ਨੇ ਤਿੰਨ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ 49,427 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ, ਜੋ ਕਿ ਪੰਜਾਬ ਦੇ ਇਤਿਹਾਸ ਵਿੱਚ ਇੱਕ ਰਿਕਾਰਡ ਹੈ। ਇਨ੍ਹਾਂ ਸਰਕਾਰੀ ਨੌਕਰੀਆਂ ਹਾਸਲ ਕਰਨ ਵਾਲਿਆਂ ਵਿੱਚ ਕੁਝ ਵਿਦੇਸ਼ਾਂ ਤੋਂ ਪਰਤੇ ਨੌਜਵਾਨ ਵੀ ਹਨ।ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਮੁੱਖ ਮੰਤਰੀ ਅਤੇ ਪਤਵੰਤਿਆਂ ਦਾ ਸਵਾਗਤ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com** * **Web : www.nawanzamana.in**

CMYK

# ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਲਈ ਡੀਸੀ ਦਫਤਰ ਅੱਗੇ ਧਰਨਾ ਅੱਜ




**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਅੱਜ ਦੇ ਦਿਨ ਸਾਰੇ ਪੰਜਾਬ ਵਿੱਚ ਵਿੱਚ ਸਾਂਝਾ ਕਿਸਾਨ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਲੰਬੇ ਸੰਘਰਸ਼ ਦੇ ਬਾਅਦ ਕੇਂਦਰ ਸਰਕਾਰ ਵੱਲੋਂ 16 ਨਵੰਬਰ 2021 ਨੂੰ ਮੋਦੀ ਸਰਕਾਰ ਵੱਲੋਂ ਬਣਾਏ ਹੋਏ ਕਾਲੇ ਕਾਨੂੰਨ ਵਾਪਸ ਲੈਣੇ ਪਏ ਸਨ।ਕਿਸਾਨਾਂ ਮਜ਼ਦੂਰਾਂ ਦੀ ਵੱਡੀ ਜਿੱਤ ਹੋਈ ਸੀ।ਉਸ ਦੀ ਯਾਦ ਨੂੰ ਤਾਜ਼ਾ ਕਰਨ ਲਈ ਅਤੇ ਜੋ ਵਾਅਦੇ ਲਿਖਤੀ ਰੂਪ 'ਚ ਉਸ ਸਮੇਂ ਕੀਤੇ ਗਏ ਸਨ। ਉਹਨਾਂ ਨੂੰ ਲਾਗੂ ਕਰਾਉਣ ਲਈ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੱਜ 26 ਨਵੰਬਰ ਨੂੰ ਡੀਸੀ ਦਫਤਰਾਂ ਅੱਗੇ ਧਰਨੇ ਦਿੱਤੇ ਜਾਣੇ ਹਨ।ਗੁਰਦਾਸਪੁਰ ਦੇ ਕਿਸਾਨ ਮਜ਼ਦੂਰ ਪਹਿਲਾਂ 11 ਵਜੇ ਗੁਰੂ ਨਾਨਕ ਪਾਰਕ ਇਕੱਤਰ ਹੋਣਗੇ ਅਤੇ ਫਿਰ ਡੀਸੀ ਦਫਤਰ ਅੱਗੇ ਧਰਨਾ ਸ਼ੁਰੂ ਕੀਤਾ ਜਾਵੇਗਾ। ਸਭ ਨੂੰ ਇਸ ਵਿੱਚ ਸ਼ਾਮਿਲ ਹੋਣ ਦੀ ਅਪੀਲ ਕਰਦਿਆਂ ਇਸ ਦੀ ਤਿਆਰੀ ਲਈ ਕੀਤੀ ਗਈ ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਮੱਖਣ ਸਿੰਘ ਕੁਹਾੜ, ਹਰਜੀਤ ਸਿੰਘ ਕਾਹਲੋਂ, ਤਰਲੋਕ ਸਿੰਘ ਬਹਿਰਾਮਪੁਰ, ਗੁਰਵਿੰਦਰ ਸਿੰਘ ਜੀਵਨ ਚੱਕ, ਸੁਖਦੇਵ ਸਿੰਘ ਭਾਗੋਕਾਵਾਂ, ਬਲਵਿੰਦਰ ਸਿੰਘ ਰਾਜੂ, ਰਾਜ ਗੁਰਵਿੰਦਰ ਸਿੰਘ, ਲਾਡੀ ਘੁਮਾਣ ਸੁਰਿੰਦਰ ਸਿੰਘ ਕੋਠੇ, ਬਲਬੀਰ ਸਿੰਘ ਕੱਤੋਵਾਲ, ਕਰਨੈਲ ਸਿੰਘ ਸ਼ੇਰਪੁਰ, ਪੁਲਵਿੰਦਰ ਸਿੰਘ ਵਿਠਵਾਂ ਆਦਿ ਨੇ ਦੱਸਿਆ ਕਿ ਇਸ ਸਮੇਂ ਪ੍ਰਧਾਨ ਮੰਤਰੀ ਦੇ ਨਾਮ ਇੱਕ ਚੇਤਾਵਨੀ ਪੱਤਰ ਵੀ ਦਿੱਤਾ ਜਾਵੇਗਾ ।ਜੇ ਫਿਰ ਵੀ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਲੀ ਮੋਰਚੇ ਵਰਗਾ ਇੱਕ ਵੱਡਾ ਸੰਘਰਸ਼ ਫੇਰ ਤੋਂ ਸ਼ੁਰੂ ਕੀਤਾ ਜਾਵੇਗਾ।ਇਸ ਵਾਰ ਜੋ ਕਿਸਾਨਾਂ ਦੀ ਖੱਜਲ ਖੁਆਰੀ ਹੋਈ ਹੈ। ਇਸ ਮਸਲੇ ਲਈ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਤੋਂ ਮੁਆਵਜ਼ੇ ਦੀ ਪੂਰਤੀ ਦੀ ਮੰਗ ਵੀ ਕੀਤੀ ਜਾਵੇਗੀ।

# ਗੁਰੂ ਨਾਨਕ ਦੇਵ 'ਵਰਸਿਟੀ ਨੇ ਮਨਾਇਆ ਆਪਣਾ 55ਵਾਂ ਸਥਾਪਨਾ ਦਿਵਸ

## ਮਨੁੱਖੀ ਨਾਬਰਾਬਰੀ ਨਾਲ ਆਧੁਨਿਕਤਾ ਅਸੱਭਿਅਕ ਹੋਣ ਦੀ ਨਿਸ਼ਾਨੀ ਬਣ ਰਹੀ : ਡਾ. ਰਾਜੇਸ਼ ਗਿੱਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ 55ਵਾਂ ਸਥਾਪਨਾ ਦਿਵਸ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿਤੀਆਂ ਗਈਆਂ ਸਿੱਖਿਆਵਾਂ ਅਤੇ ਉਨ ਾਂ ਦੇ ਅਮਲ ਲਈ ਮਨੁੱਖੀ ਮਾਨਸਿਕਤਾ ਦੀ ਸਮਝ ਪੈਦਾ ਕਰਨ 'ਤੇ ਕੇਂਦਰਿਤ ਹੋ ਨਿਬੜਿਆ। ਅਕਾਦਮਿਕ ਭਾਸ਼ਣ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ ਤੋਂ ਡਾ. ਰਾਜੇਸ਼ ਗਿੱਲ, ਦਿੱਲੀ ਯੂਨੀਵਰਸਿਟੀ ਤੋਂ ਪ੍ਰੋਫੈਸਰ, ਪੰਜਾਬੀ ਵਿਭਾਗ ਅਤੇ ਡੀਨ, ਕਲਚਰ ਕੌਂਸਲ ਡਾ. ਰਵੀ ਰਵਿੰਦਰ ਅਤੇ ਗੁਰੂ ਨਾਨਕ ਦੇਵ ਯੂਨਵਿਰਸਿਟੀ ਦੇ ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਡਾਇਰੈਕਟਰ ਡਾ. ਅਮਰਜੀਤ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਮਨੁੱਖੀ ਹੋਂਦ ਨੂੰ ਦਰਪੇਸ਼ ਵਿਸ਼ਵਵਿਆਪੀ ਸਮੱਸਿਆਵਾਂ ਦਾ ਹੱਲ ਦੱਸਿਆ। ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ ਵਿੱਦਿਅਕ ਮਾਮਲੇ, ਡਾ. ਪਲਵਿੰਦਰ ਸਿੰਘ ਨੇ ਸਵਾਗਤੀ ਭਾਸ਼ਣ ਦਿੰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦੱਸੀਆਂ ਅਤੇ ਭੱਵਿਖ ਵਿਚ ਕੀਤੇ ਜਾਣ ਵਾਲੇ ਕੰਮਾਂ ਤੋਂ ਵੀ ਜਾਣੂ ਕਰਵਾਇਆ। ਉਨ ਾਂ ਯੂਨੀਵਰਸਿਟੀ ਦੇ ਸਮੂਹ ਭਾਈਚਾਰੇ ਦਾ ਇਸ ਨੂੰ ਸਫਲਤਾ ਤਕ ਲੈ ਕੇ ਜਾਣ ਦੇ ਲਈ ਧੰਨਵਾਦ ਕੀਤਾ। ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਨੇ ਅਕਾਦਮਿਕ ਭਾਸ਼ਣ ਦੇ ਇਸ ਸਮਾਗਮ ਨੂੰ ਵਿਧੀਵਤ ਤਰੀਕੇ ਨਾਲ ਨੇਪਰੇ ਚੜ 'ਇਆ। ਯੂਨੀਵਰਸਿਟੀ ਦੇ ਵੱਖ-ਵੱਖ ਸਥਾਨਾਂ ਤੇ ਹੋਏ ਇਨ ਾਂ ਜਸ਼ਨਾਂ ਵਿਚ ਸ਼ਹਿਰ ਦੀਆਂ ਉਘੀਆਂ ਸਖਸ਼ੀਅਤਾਂ, ਅਕਾਦਮਿਕ ਮਾਹਿਰਾਂ, ਵਿਦਵਾਨਾਂ, ਅਧਿਆਪਕਾਂ, ਖੋਜਾਰਥੀਆਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਨੇ ਵਧ ਚੜ ਕੇ ਹਿੱਸਾ ਲਿਆ ਅਤੇ ਰਲ ਮਿਲ ਕੇ ਗੁਰੂ ਕਾ ਲੰਗਰ ਛਕਿਆ।

ਡਾ. ਰਾਜੇਸ਼ ਗਿੱਲ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਹਵਾਲੇ ਨਾਲ ਸਮਾਨਤਾ, ਧਰਮ ਨਿਰਪੱਖਤਾ ਅਤੇ ਬਿਬੇਕਸ਼ੀਲਤਾ ਦੇ ਉਨ ਾਂ ਦੇ ਦੂਰਅੰਦੇਸ਼ੀ ਆਦਰਸ਼ਾਂ ਨੂੰ ਉਭਾਰਦਿਆਂ ਕਿਹਾ ਕਿ ਇਹ 555 ਸਾਲ ਪਹਿਲਾਂ ਜਿਨੇ ਪ੍ਰਸੰਗਿਕ ਸਨ ਉਨੇ ਹੀ ਅੱਜ ਹਨ। ਡਾ. ਰਵੀ ਰਵਿੰਦਰ ਨੇ ਪੰਜਾਬੀ ਸੱਭਿਆਚਾਰ ਦੇ ਵਿਕਾਸ ਅਤੇ ਚੁਣੌਤੀਆਂ ਦੇ ਹਵਾਲੇ ਨਾਲ ਇਸਦੀ ਸ਼ੁਰੂਆਤ ਤੋਂ ਲੈ ਕੇ ਇਸ ਦੇ ਆਧੁਨਿਕ ਰੂਪ ਤੱਕ ਦੀ ਚਰਚਾ ਕੀਤੀ। ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਮਨੁੱਖਤਾ ਨੂੰ ਸਦੀਵੀ ਸੇਧ ਪ੍ਰਦਾਨ ਕਰਦੀ, ਪਿਆਰ, ਸ਼ਾਂਤੀ, ਸਮਾਜਿਕ ਨਿਆਂ ਅਤੇ ਵਿਸ਼ਵ ਭਾਈਚਾਰੇ ਦੀ ਵਕਾਲਤ ਕਰਦੀ ਹੈ। ਆਪਣਾ ਭਾਸ਼ਣ ਜਾਰੀ ਰੱਖਦਿਆਂ ਡਾ. ਰਾਜੇਸ਼ ਗਿੱਲ ਨੇ ਕਿਹਾ ਕਿ ਉਹ ਇਸ ਵੱਕਾਰੀ ਯੂਨੀਵਰਸਿਟੀ ਦੇ 55ਵੇਂ ਸਥਾਪਨਾ ਦਿਵਸ ਸਮਾਗਮਾਂ ਦਾ ਹਿੱਸਾ ਬਣ ਕੇ ਮਾਣ ਮਹਿਸੂਸ ਕਰ ਰਹੇ ਹਨ। ਉਨ ਾਂ ਕਿਹਾ ਕਿ ਅਸੀਂ ਅੱਜ ਵਾਤਾਵਰਨ ਅਤੇ ਕੁਦਰਤ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਾਂ ਪਰ ਗੁਰੂ ਨਾਨਕ ਦੇਵ ਜੀ ਨੇ 555 ਸਾਲ ਪਹਿਲਾਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਦਾ ਸੰਦੇਸ਼ ਦਿੱਤਾ ਸੀ। ਉਨ ਾਂ ਕਿਹਾ ਕਿ ਉੱਚ ਸਿੱਖਿਆ ਸੰਸਥਾਵਾਂ ਵਿੱਚ ਅਧਿਆਪਕ ਹੋਣ ਦੇ ਨਾਤੇ ਸਾਡੀ ਵੱਡੀ ਜ਼ਿੰਮੇਵਾਰੀ ਹੈ ਕਿ ਅਸੀਂ ਨੌਜਵਾਨ ਮਨਾਂ ਨੂੰ 'ਜੀਵਨ', 'ਸਫਲਤਾ' ਅਤੇ 'ਖੁਸ਼ੀ' ਦੇ ਨਵੇਂ ਅਰਥਾਂ ਨੂੰ ਵਿਕਸਿਤ ਕਰਨ, ਅਤੇ ਇੱਕ ਅਜਿਹੀ ਦੁਨੀਆਂ ਦਾ ਵਿਕਾਸ ਕਰਨ ਵਿੱਚ ਮਦਦ ਕਰੀਏ, ਜੋ ਅਸਲ ਅਰਥਾਂ ਵਿੱਚ ਜ਼ਿੰਦਗੀ ਹੈ ਜਿਸ ਵਿਚ ਸਭ ਬਰਾਬਰ ਹਨ ਅਤੇ ਜਿੱਥੇ ਧਰਮ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਂਦਾ ਹੈ। ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਵਿਸ਼ਵ ਦੇ ਧਾਰਮਿਕ ਰਹਿਬਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਵੇਕਲਾ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਜੀ ਦੀ ਦਰਜ ਬਾਣੀ, ਉਨ ਾਂ ਦੀ ਵਿਚਾਰਧਾਰਾ ਤੇ ਆਧੁਨਿਕ ਦੌਰ ਵਿਚ ਉਸ ਦੀ ਪ੍ਰਸੰਗਗਿਤਾ ਗੁਰੂ ਜੀ ਨੂੰ ਇਕ ਨਿਵੇਕਲਾ ਰਹਿਬਰ ਬਣਾਉਂਦੇ ਹਨ। ਉਨ ਾਂ ਕਿਹਾ ਕਿ ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਜਗਤ ਇਕ ਹਕੀਕਤ ਹੈ ਤੇ ਮਨੁੱਖ ਲਈ ਧਰਮ ਕਮਾਉਣ ਲਈ ਧਰਮਸਾਲ ਹੈ। ਉਨ ਾਂ ਕਿਹਾ ਕਿ ਗੁਰੂ ਸਾਹਿਬ ਅਨੁਸਾਰ ਬਾਣੀ ਅੰਦਰ ਪ੍ਰਮਾਤਮਾ ਦਾ ਇਕ ਨਾਮ ਕਰਤਾ, ਕਰਨਹਾਰ ਤੇ ਕਰਤਾਰ ਪ੍ਰਯੋਗ ਕੀਤਾ ਤੇ ਕਿਰਤ ਦਾ ਸਿਧਾਂਤ ਦੇ ਕੇ ਵੰਡ ਛਕਣ ਲਈ ਪ੍ਰੇਰਿਆ। ਉਨ ਾਂ ਕਿਹਾ ਕਿ ਧਰਮ ਸਾਨੂੰ ਜਾਤ-ਪਾਤ, ਉਚ-ਨੀਚ, ਧਰਮ, ਨਸਲ, ਸਭਿਆਚਾਰ, ਖੇਤਰਵਾਦ, ਲਿੰਗ, ਰੰਗ ਆਦਿ ਦੇ ਆਧਾਰ 'ਤੇ ਕੀਤੇ ਜਾਣ ਵਾਲੇ ਵਿਤਕਰੇ ਤੋਂ ਵਰਜਦਾ ਹੈ। ਉਨ ਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਸਰਬਕਾਲੀ ਤੇ ਸਮੁੱਚੀ ਮਾਨਵਤਾ ਨੂੰ ਸੇਧ ਦੇਣ ਵਾਲੀਆਂ ਹਨ। ਉਨ ਾਂ ਕਿਹਾ ਕਿ ਗੁਰੂ ਸਾਹਿਬ ਨੇ ਸਮੁੱਚੀ ਮਾਨਵਤਾ ਦੇ ਜੀਵਨ ਨੂੰ ਰੁਸ਼ਨਾਉਣ ਲਈ ਪਿਆਰ, ਸ਼ਾਂਤੀ, ਭਗਤੀ, ਸਮਾਜਿਕ ਨਿਆ, ਧਾਰਮਿਕ ਸਹਿਣਸ਼ੀਲਤਾ, ਵਿਸ਼ਵ ਭਾਈਚਾਰਾ ਦੀ ਸਿੱਖਿਆ ਦ੍ਰਿੜ ਕਰਵਾਈ ਅਤੇ ਮੁਹੱਬਤ ਦਾ ਸੰਦੇਸ਼ ਦਿੱਤਾ।

## ਮਾਤਾ ਮਹਿੰਦਰ ਕੌਰ ਵਿਛੋੜਾ ਦੇ ਗਏ



**ਤਰਨ ਤਾਰਨ (ਨਜ਼ਸ)**—ਭਾਰਤੀ ਕਮਿਊਨਿਸਟ ਪਾਰਟੀ ਦੇ ਸਾਬਕਾ ਜ਼ਿਲ ਾ ਸਕੱਤਰ ਅਤੇ ਟਰੇਡ ਯੂਨੀਅਨ ਆਗੂ ਕਾਮਰੇਡ ਤਾਰਾ ਸਿੰਘ ਖਹਿਰਾ ਦੀ ਸੱਸ ਮਾਂ ਮਹਿੰਦਰ ਕੌਰ ਜੋ ਸਾਢੇ ਚਾਰ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਆਪਣੀ ਇਕਲੌਤੀ ਧੀ ਦੇ ਘਰ ਰਹਿ ਕੇ ਜੀਵਨ ਬਤੀਤ ਕਰ ਰਹੇ ਸਨ, ਸੰਸਾਰ ਨੂੰ ਅਲਵਿਦਾ ਕਹਿ ਗਏ। ਧਾਰਮਿਕ ਬਿਰਤੀ ਦੇ ਪੱਕੇ ਹੋਣ ਕਰਕੇ ਆਪਣੇ ਜੀਵਨ ਦੀਆਂ ਅਨੇਕਾਂ ਮੁਸ਼ਕਿਲਾਂ ਨੂੰ ਖਿੜੇ ਮੱਥੇ ਝੱਲ ਕੇ ਵੀ ਉਮਰ ਦੇ ਅਖੀਰਲੇ ਵਕਤ ਤੱਕ ਰੋਜ਼ਾਨਾ ਅਖਬਾਰ ਪੜ ਨ ਦੇ ਇਲਾਵਾ ਜ਼ਿੰਦਗੀ ਦੇ ਰੋਜ਼ਾਨਾ ਕੰਮ-ਕਾਰ ਚੜ ਦੀ ਕਲਾ ਨਾਲ ਕਰਦੇ ਸਨ। ਇੱਕ ਸਦੀ ਤੋਂ ਵੱਧ ਦਾ ਜੀਵਨ ਹੰਢਾ ਕੇ ਮਾਮੂਲੀ ਬੀਮਾਰ ਰਹਿਣ ਉਪਰੰਤ 103 ਸਾਲ ਉਮਰ ਭੋਗ ਕੇ ਇਸ ਫਾਨੀ ਸੰਸਾਰ ਤੋਂ ਅਲਵਿਦਾ ਹੋ ਗਏ ਜਿਨ ਾਂ ਦਾ ਅੰਤਿਮ ਸੰਸਕਾਰ ਸੱਚਖੰਡ ਰੋਡ ਵਾਲੀ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ।ਮ੍ਰਿਤਕ ਦੇਹ ਨੂੰ ਅਗਨੀ ਉਨ ਾਂ ਦੇ ਦਾਮਾਦ ਕਾਮਰੇਡ ਤਾਰਾ ਸਿੰਘ ਖਹਿਰਾ ਨੇ ਵਿਖਾਈ।ਅੰਤਿਮ ਯਾਤਰਾ ਵਿੱਚ ਰਿਸ਼ਤੇਦਾਰਾਂ, ਸਾਕ ਸਬੰਧੀਆਂ ਤੋਂ ਇਲਾਵਾ ਮੋਹਤਬਰ ਵਿਅਕਤੀ ਸ਼ਾਮਲ ਹੋਏ ਜਿਨ ਾਂ ਵਿੱਚ ਸਰਬਰਿੰਦਰ ਸਿੰਘ ਭਰੋਵਾਲ ਐੱਮਸੀ, ਕੁਲਵਿੰਦਰ ਸਿੰਘ ਐੱਸਡੀਓ, ਨਰਿੰਦਰ ਸਿੰਘ ਐੱਸਡੀਓ, ਕਾਮਰੇਡ ਦਵਿੰਦਰ ਸੋਹਲ ਜ਼ਿਲ ਾ ਸਕੱਤਰ ਸੀਪੀਆਈ, ਆਸ਼ਾ ਵਰਕਰ ਆਗੂ ਸੀਮਾ ਸੋਹਲ, ਏਟਕ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ, ਮਨਿਸਟੀਰੀਅਲ ਕਾਮਿਆਂ ਦੇ ਸਾਬਕਾ ਜ਼ਿਲ ਾ ਪ੍ਰਧਾਨ ਸੁਖਵਿੰਦਰ ਸਿੰਘ ਸੰਧੂ, ਕਿਸਾਨ ਆਗੂ ਮਨਿੰਦਰ ਸਿੰਘ ਲਾਲੀ, ਹਿੰਮਤ ਸਿੰਘ ਮੁਗਲਾਣੀ, ਪਾਵਰਕਾਮ ਟ੍ਰਾਂਸਕੋ ਪੈਨਸ਼ਨ ਯੂਨੀਅਨ ਦੇ ਆਗੂ ਅਵਤਾਰ ਕ੍ਰਿਸ਼ਨ, ਰਾਕੇਸ਼ ਕੁਮਾਰ ਮਲਹੋਤਰਾ, ਖੇਤ ਮਜ਼ਦੂਰ ਸਭਾ ਦੇ ਆਗੂ ਕਾਮਰੇਡ ਚਰਨ ਸਿੰਘ, ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ, ਡਾ. ਦਵਿੰਦਰ ਸਿੰਘ ਗੋਰਾਇਆ, ਮੁਖਤਾਰ ਸਿੰਘ ਪੰਡੋਰੀ ਆਦਿ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਦੀਨਾਨਗਰ-ਗਾਹਲੜੀ ਸੜਕ ਕੰਢੇ ਉੱਗੀ ਘਾਹ ਬੂਟੀ ਰਾਹਗੀਰਾਂ ਲਈ ਬਣ ਰਹੀ ਪ੍ਰੇਸ਼ਾਨੀ ਦਾ ਸਬੱਬ



**ਗੁਰਦਾਸਪੁਰ (ਜਨਕ ਮਹਾਜਨ)**-ਦੀਨਾਨਗਰ-ਗਾਹਲੜੀ ਸੜਕ ਕੰਢੇ ਜੰਗਲੀ ਘਾਹ ਬੂਟੀ ਭੰਗ ਆਦਿ ਕਾਫੀ ਮਾਤਰਾ ਵਿੱਚ ਉੱਗੀ ਹੋਣ ਕਾਰਨ ਰਾਹਗੀਰਾਂ ਲਈ ਕਈ ਮੁਸ਼ਕਲਾਂ ਖੜੀਆਂ ਹੋ ਰਹੀਆਂ ਹਨ। ਇਸ ਜੰਗਲੀ ਘਾਹ ਬੂਟੀ ਕਾਰਨ ਸੜਕਾਂ ਦੀ ਚੌੜਾਈ ਘੱਟ ਗਈ ਹੈ ਅਤੇ ਕਈ ਜਗ ਾ ਤਾਂ ਬਰ ਮ ਵੀ ਨਜ਼ਰ ਨਹੀਂ ਆਉਂਦੇ, ਜੜੀ ਬੂਟੀ ਉੱਗੀ ਹੋਣ ਕਰਕੇ ਸੜਕ ਤੋਂ ਦੋ ਵਾਹਨਾਂ ਦਾ ਆਹਮਣੇ-ਸਾਹਮਣੇ ਤੋਂ ਲੰਘਣਾ ਮੁਸ਼ਕਿਲ ਹੋ ਗਿਆ ਹੈ। ਦੂਜੇ ਪਾਸੇ ਜੜੀ ਬੂਟੀ ਵਿੱਚ ਕੀੜੇ-ਮਕੌੜਿਆਂ ਦੀ ਭਰਮਾਰ ਹੋ ਜਾਂਦੀ ਹੈ ਜਿਸ ਨਾਲ ਰਾਹਗੀਰਾਂ ਨੂੰ ਪ੍ਰੇਸ਼ਾਨੀ ਆਉਂਦੀ ਹੈ। ਗੱਲਬਾਤ ਕਰਦਿਆਂ ਰਾਹਗੀਰਾਂ ਨੇ ਦੱਸਿਆ ਕਿ ਕਈ ਵਾਰ ਵੱਡੀ-ਵੱਡੀ ਜੜੀ ਬੂਟੀ ਕਾਰਨ ਇਲਾਕਾ ਵਾਸੀਆਂ ਦੀ ਲੋਕ ਨਿਰਮਾਣ ਅਤੇ ਸਬੰਧਿਤ ਵਿਭਾਗ ਪਾਸੋਂ ਮੰਗ ਹੈ ਕਿ ਇਹ ਜੰਗਲੀ ਭੰਗ ਬੂਟੀ ਆਦਿ ਕਟਵਾ ਦਿੱਤੀ ਜਾਵੇ ਜਿਸ ਨਾਲ ਸੜਕ ਖੁੱਲ ੀ ਨਜ਼ਰ ਆਵੇ ਅਤੇ ਵਾਹਨ ਚਾਲਕਾਂ ਨੂੰ ਰਾਹਤ ਮਹਿਸੂਸ ਹੋ ਸਕੇ।

## ਸ਼੍ਰੀ ਭੈਰੋਂ ਬਾਬਾ ਦੀ ਅਸ਼ਟਮੀ ਮਨਾਈ, ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਥਾਨਕ ਮੇਨ ਬਜਾਰ ਵਿਖੇ ਸ਼੍ਰੀ ਭੈਰੋਂ ਬਾਬਾ ਜੀ ਦੀ ਅਸ਼ਟਮੀ ਬੜੀ ਧੂਮਧਾਮ ਅਤੇ ਸ਼ਰਧਾਪੂਰਵਕ ਧਰਮਸ਼ਾਲਾ ਸ਼੍ਰੀ ਸਨਾਤਨ ਧਰਮ ਮਹਾਵੀਰ ਦਲ (ਰਜਿ) ਵੱਲੋਂ ਪ੍ਰਧਾਨ ਪਵਨ ਕੁਮਾਰ ਵਿੱਕੀ ਭਾਮੜੀ ਅਤੇ ਵਾਈਸ ਪ੍ਰਧਾਨ ਅਮਿਤ ਭਾਟੀਆ ਦੀ ਅਗਵਾਈ ਵਿੱਚ ਮਨਾਈ।ਇਸ ਮੌਕੇ ਸਭ ਤੋਂ ਪਹਿਲਾਂ ਮੰਦਰ ਵਿੱਚ ਹਵਨ ਯੱਗ ਕੀਤਾ। ਉਪਰੰਤ ਝੰਡੇ ਦੀ ਰਸਮ ਅਦਾ ਕੀਤੀ ਗਈ।ਇਸ ਮੌਕੇ ਰਾਤ ਮੰਦਿਰ ਸ਼੍ਰੀ ਕਾਲੀ ਦਵਾਰਾ ਮੇਨ ਬਜ਼ਾਰ ਕਾਦੀਆਂ ਦੀ ਕਿਰਤਨ ਮੰਡਲੀ ਧਾਰਮਿਕ ਗਾਇਕ ਲਲਿਤ ਭਨੋਟ (ਬਿੱਟਾ), ਭਗਤ ਮੋਤੀ ਲਾਲ, ਕਰਤਾਰ ਚੰਦ, ਭਗਤ ਸੂਰਜ, ਮੋਤੀ ਲਾਲ ਟੇਲਰ ਅਤੇ ਹੋਰਨਾਂ ਵਲੋਂ ਕੀਰਤਨ ਕੀਤਾ ਅਤੇ ਭੈਰੋਂ ਬਾਬਾ ਦੇ ਭਜਨਾਂ ਅਤੇ ਮਾਤਾ ਰਾਣੀ ਦੀਆਂ ਭੇਟਾ ਗੁਣਗਾਨ ਕੀਤਾ ਗਿਆ।ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਗਵਾਈ।ਇਸ ਮੌਕੇ ਵਰਿੰਦਰ ਪ੍ਰਭਾਕਰ, ਭਾਜਪਾ ਜ਼ਿਲ ਾ ਗੁਰਦਾਸਪੁਰ ਦੀ ਵਾਈਸ ਪ੍ਰਧਾਨ ਬੀਬੀ ਕੁਲਵਿੰਦਰ ਕੌਰ ਗੋਰਾਇਆ, ਨਰੇਸ਼ ਅਰੋੜਾ, ਗੁਲਸ਼ਨ ਵਰਮਾ, ਵਿੱਕੀ ਪੰਡਿਤ, ਪਵਨ ਕੁਮਾਰ ਭਾਟੀਆ ਸਲਾਹਕਾਰ, ਰਜਿੰਦਰ ਭਾਟੀਆ ਸਰਪ੍ਰਸਤ, ਡਾ. ਤਿਲਕ ਰਾਜ, ਮੋਹਿਤ ਵਿੱਜ, ਲਲਿਤ ਭਨੋਟ, ਬੱਬਲ ਮਹਾਜਨ, ਅਸ਼ੋਕ ਨਈਅਰ, ਸਵਰਨ ਸਿੰਘ ਲਾਡੀ, ਸ਼ੀਤਲਾ ਮੰਦਿਰ ਕਮੇਟੀ ਦੇ ਪ੍ਰਧਾਨ ਰਾਮ ਪ੍ਰਕਾਸ਼ ਲੱਡਾ, ਸੂਰੀ ਸਰਾਫ, ਕ੍ਰਿਸ਼ਨਾ ਕਮੇਟੀ ਦੇ ਪ੍ਰਧਾਨ ਮਨੋਜ ਕੇਅਰ, ਬਾਵਾ ਲਾਲ ਮੰਦਰ ਕਮੇਟੀ ਵੱਲੋਂ ਦੀਪਕ ਭਾਟੀਆ, ਗੌਰਵ ਭਨੋਟ, ਰੱਜਤ ਮਹਾਜਨ, ਡਿਪਲ ਵਰਮਾ, ਸ਼ਾਮ ਸ਼ਰਮਾ, ਮੰਗਾ ਭਾਟੀਆ, ਗੁਲਸ਼ਨ, ਯੁਵਰਾਜ ਸਲੋਤਰਾ, ਰੋਹਿਤ ਭਨੋਟ, ਵਿਸ਼ਾਲ ਭਾਮੜੀ, ਪੰਕਜ ਸਿੰਘ, ਅਰਸ਼ ਭਾਟੀਆ, ਰੋਹਿਤ, ਹਨੀ ਭਨੋਟ, ਰੋਹਿਤ ਗੁਪਤਾ, ਸਤਨਾਮ ਸਿੰਘ, ਅਵਤਾਰ ਸਿੰਘ, ਅਮਿਤ ਸ਼ਰਮਾ, ਵੀਰੂ ਸੇਠ, ਸ਼ੁਭਮ ਮਹਾਜਨ, ਰਾਹੁਲ, ਕੋਮਲ, ਰੋਬਿਨ, ਅਨੀਸ਼ ਬਲੱਗਣ ਆਦਿ ਹਾਜ਼ਰ ਸਨ।

## ਜੇਲਬੰਦ ਹਵਾਲਾਤੀ ਪਾਸੋਂ ਮੋਬਾਇਲ, ਸਿੰਮ ਅਤੇ ਹੋਰ ਸਾਮਾਨ ਬਰਾਮਦ, ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਸੁਪਰਡੈਂਟ ਕੇਂਦਰੀ ਜੇਲ ਗੁਰਦਾਸਪੁਰ ਵਲੋਂ ਪੱਤਰ ਦੇ ਤਹਿਤ ਜੇਲ ਵਿਚ ਬੰਦ ਕੈਦੀ ਪਾਸੋਂ ਮੋਬਾਈਲ ਮਿਲਣ 'ਤੇ ਮਾਮਲਾ ਦਰਜ ਕੀਤਾ ਗਿਆ ਹੈ।

ਸੁਪਰਡੈਂਟ ਕੇਂਦਰੀ ਜੇਲ ਗੁਰਦਾਸਪੁਰ ਨੇ ਪੱਤਰ ਨੰਬਰ 9452 ਵਿਚ ਦੱਸਿਆ ਕਿ ਹਵਾਲਾਤੀ ਸਰਵਨ ਸਿੰਘ ਜੁਰਮ 302, 25 ਆਰਮਜ਼ ਐਕਟ ਥਾਣਾ ਘੁੰਮਣ ਕਲਾ ਦੇ ਦੋਸ਼ਾਂ ਤਹਿਤ ਕੇਂਦਰੀ ਜੇਲ ਗੁਰਦਾਸਪੁਰ ਵਿਖੇ ਬੰਦ ਹੈ। ਤਲਾਸ਼ੀ ਦੌਰਾਨ ਉਕਤ ਹਵਾਲਾਤੀ ਦੀ ਸੱਜੀ ਜੇਬ ਵਿੱਚੋਂ ਇੱਕ ਮਬਾਇਲ ਫੋਨ ਕੀ-ਪੈਡ ਵਾਲਾ ਸਮੇਤ ਸਿੰਮ ਬ੍ਰਾਮਦ ਹੋਇਆ ਹੈ।

ਪੁਲਸ ਨੇ ਉਕਤ ਹਵਾਲਾਤੀ ਖ਼ਿਲਾਫ਼ ਜ਼ੇਰੇ ਧਾਰਾ 52 ਏ ਜੇਲ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਇਸੇ ਤਰ ਾਂ ਕੇਂਦਰੀ ਜੇਲ ਗੁਰਦਾਸਪੁਰ ਦੇ ਸੁਪਰਡੈਂਟ ਨੇ ਪੱਤਰ ਨੰਬਰ 9588 ਤਹਿਤ ਦੱਸਿਆ ਕਿ 24.11.24 ਨੂੰ ਇੱਕ ਟੈਲੀਫੋਨ ਕੇਂਦਰੀ ਜੇਲ ਗੁਰਦਾਸਪੁਰ ਤੋਂ ਮੁੱਖ ਅਫਸਰ ਥਾਣਾ ਨੂੰ ਮਿਲਿਆ ਹੋਇਆ ਕਿ ਜੇਲ ਦੀ ਬੈਕ ਸਾਈਡ ਇੱਕ ਵਿਅਕਤੀ ਨੂੰ ਜੇਲ ਅੰਦਰ ਸੁਟਦੇ ਨੂੰ ਕਾਬੂ ਕੀਤਾ ਹੈ। ਇਸ ਬਾਰੇ ਇਤਲਾਹ ਮਿਲਣ 'ਤੇ ਏ. ਐੱਸ. ਆਈ. ਅਜੇ ਰਾਜਨ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਕੇ ਕਾਬੂ ਕੀਤੇ ਵਿਅਕਤੀ ਰਜਿੰਦਰ ਕੁਮਾਰ ਉਰਫ ਘੁੱਗੀ ਪਾਸੋਂ ਮਿਲੇ ਦੋ ਪੈਕਟਾਂ ਨੂੰ ਚੈੱਕ ਕੀਤਾ ਜਿਨਾਂ ਵਿਚੋਂ 5 ਮੋਬਾਇਲ ਸਮੇਤ ਬੈਟਰੀਆ, 5 ਡਾਟਾ ਕੇਬਲਾਂ, 90 ਲਾਲ ਰੰਗ ਦੇ ਕੈਪਸੂਲ ਨਸ਼ੀਲੇ, 354 ਨਸ਼ੀਲੀਆਂ ਗੋਲੀਆਂ, ਖੁੱਲਾ ਤੰਬਾਕੂ ਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਹੋਏ ਹਨ। ਸਾਰੇ ਸਾਮਾਨ ਨੂੰ ਕਬਜ਼ੇ ਵਿਚ ਲੈ ਕੇ ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਬਲਾਕ ਕਸੇਲ 'ਚ ਵਿਸ਼ੇਸ਼ ਟੀਕਾਕਰਨ ਹਫਤੇ ਦੀ ਸ਼ੁਰੂਆਤ

## ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਤੇ ਗਰਭਵਤੀ ਔਰਤਾਂ ਦੀ ਕੀਤੀ ਭਾਲ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)** - ਜ਼ਿਲਾ ਤਰਨ ਤਾਰਨ ਦੇ ਕਾਰਜਕਾਰੀ ਸਿਵਲ ਸਰਜਨ ਕਮ ਜ਼ਿਲਾ ਟੀਕਾਕਰਨ ਅਫਸਰ ਡਾ. ਵਰਿੰਦਰ ਪਾਲ ਕੌਰ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸੀਨੀਅਰ ਮੈਡੀਕਲ ਅਫਸਰਾਂ ਡਾ. ਜਤਿੰਦਰ ਕੌਰ ਦੀ ਅਗਵਾਈ ਹੇਠ ਸੋਮਵਾਰ ਨੂੰ ਵਿਸ਼ੇਸ਼ ਟੀਕਾਕਰਨ ਹਫਤਾ (ਸਪੈਸ਼ਲ ਇੰਮੂਨਾਈਜੇਸ਼ਨ ਵੀਕ) ਦੀ ਬਲਾਕ ਕਸੇਲ ਵਿਚ ਸ਼ੁਰੂਆਤ ਕੀਤੀ ਗਈ।ਇਸ ਹਫਤੇ ਦੌਰਾਨ ਯੋਗ ਲਾਭਪਾਤਰੀ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦਾ ਟੀਕਾਕਰਨ ਕੀਤਾ ਜਾਵੇਗਾ। ਡਾ. ਜਤਿੰਦਰ ਕੌਰ ਨੇ ਕਿਹਾ ਕਿ ਇਹ ਹਫਤਾ 25 ਨਵੰਬਰ ਤੋਂ 30 ਨਵੰਬਰ ਤੱਕ ਚਲੇਗਾ ਅਤੇ ਸਿਹਤ ਕਰਮੀਆਂ ਵੱਲੋਂ ਯੋਗ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦਾ ਟੀਕਾਕਰਨ ਕੀਤਾ ਜਾਵੇਗਾ।ਉਹਨਾਂ ਕਿਹਾ ਕਿ ਇਸ ਮੁਹਿੰਮ ਦੌਰਾਨ ਟੀਕਾਕਰਨ ਕਰਵਾਉਣ ਤੋਂ ਵਾਂਝੇ ਰਹਿ ਗਏ ਯੋਗ ਬੱਚਿਆਂ ਤੇ ਗਰਭਵਤੀ ਮਹਿਲਾਵਾਂ ਦੀ ਭਾਲ ਕੀਤੀ ਗਈ ਹੈ ਤਾਂ ਜੋ ਲਾਭਪਾਤਰੀਆਂ ਦਾ ਟੀਕਾਕਰਨ ਯਕੀਨੀ ਬਣਾਇਆ ਜਾ ਸਕੇ।ਡਾ. ਜਤਿੰਦਰ ਕੌਰ ਨੇ ਕਿਹਾ ਕਿ ਇਸ ਹਫਤੇ ਦੌਰਾਨ ਸਿਹਤ ਕਰਮੀਆਂ ਵਲੋਂ ਹਾਈ ਰਿਸਕ ਅਬਾਦੀ ਵਾਲੇ ਖੇਤਰਾਂ ਤੱਕ ਵੀ ਪਹੁੰਚ ਕਰਕੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਜਾਵੇਗਾ।ਉਹਨਾਂ ਦੱਸਿਆ ਕਿ ਇਸ ਟੀਕਾਕਰਨ ਮੁਹਿੰਮ ਦੌਰਾਨ ਵੱਖ ਵੱਖ ਮਾਰੂ ਬਿਮਾਰੀਆਂ ਤੋਂ ਬਚਾਅ ਲਈ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦਾ ਟੀਕਾਕਰਨ ਕੀਤਾ ਜਾਵੇਗਾ।ਬਲਾਕ ਐਜੂਕੇਟਰ ਨਵੀਨ ਕਾਲੀਆ ਨੇ ਕਿਹਾ ਕਿ ਮਾਸ ਮੀਡਿਆ ਵਿੰਗ ਅਤੇ ਫ਼ੀਲਡ ਸਟਾਫ ਵਲੋਂ ਵਿਸ਼ੇਸ਼ ਟੀਕਾਕਰਨ ਹਫਤੇ ਬਾਰੇ ਵੱਧ ਵੱਧ ਜਾਗਰੂਕਤਾ ਫੈਲਾਈ ਜਾ ਰਹੀ ਹੈ ਤਾਂ ਜੋ ਬਲਾਕ ਦੇ ਨਾਗਰਿਕ ਇੱਸ ਦਾ ਲਾਭ ਲੈ ਸਕਣ।ਇਸ ਮੌਕੇ ਐੱਲ ਐੱਚ ਵੀ ਕੁਲਵਿੰਦਰ ਕੌਰ ਵੀ ਮੌਜੂਦ ਸਨ।

## ਖਿਡਾਰਨਾਂ ਦਾ ਮੁੱਕੇਬਾਜ਼ੀ 'ਚ ਸ਼ਾਨਦਾਰ ਪ੍ਰਦਰਸ਼ਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਸ਼ਹੀਦ ਗੁਰਦਾਸ ਰਾਮ ਮੈਮੋਰੀਅਲ ਸੀ. ਸੈਕੰ. ਸਕੂਲ ਲੜਕੀਆਂ ਜ਼ੀਰਾ (ਫਿਰੋਜ਼ਪੁਰ) ਵਿਖੇ ਅੰਡਰ 17-19 ਦੇ '68ਵੀਂ ਇੰਟਰ ਸਕੂਲ ਬਾਕਸਿੰਗ ਟੂਰਨਾਮੈਂਟ' 'ਚ ਮੁੱਕੇਬਾਜ਼ੀ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਜ਼ਿਲ ਾ, ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਸਕੂਲ ਪ੍ਰਿੰ. ਪੁਨੀਤ ਕੌਰ ਨਾਗਪਾਲ ਨੇ ਵਿਦਿਆਰਥਣਾਂ ਦੀ ਉਕਤ ਜਿੱਤ ਅਤੇ ਮਿਹਨਤ ਲਈ ਬਾਕਸਿੰਗ ਕੋਚ ਬਲਜਿੰਦਰ ਸਿੰਘ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੰਡਰ-17 'ਚ ਸਕੂਲ ਦੀਆਂ ਖਿਡਾਰਨਾਂ ਆਸਮੀਨ ਕੌਰ ਨੇ 70 ਕਿਲੋਗ੍ਰਾਮ ਭਾਰ ਅਤੇ ਪਾਵਨੀ ਸ਼ਰਮਾ ਨੇ 44 ਕਿਲੋ: ਭਾਰ 'ਚ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਅੰਡਰ-19 'ਚ ਪਰੀ ਪਰਗਤੀ ਸਿੰਘ ਨੇ 80 ਕਿਲੋ: 'ਚ ਚਾਂਦੀ ਅਤੇ ਰੁਪਿੰਦਰ ਕੌਰ ਨੇ 57 ਕਿਲੋ 'ਚ ਕਾਂਸੀ ਦਾ ਤਮਗਾ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ।

# ਗੁਰਦਾਸਪੁਰ ਮੇਰਾ ਦੂਜਾ ਘਰ ਹੈ ਜਿੱਥੋਂ ਮੈਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ : ਪ੍ਰਦੀਪ ਸੱਭਰਵਾਲ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਗੁਰਦਾਸਪੁਰ ਜ਼ਿਲ ਾ ਮੇਰਾ ਦੂਜਾ ਘਰ ਹੈ ਅਤੇ ਗੁਰਦਾਸਪੁਰ ਤੋਂ ਹੀ ਮੈਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਇਸ ਕਰਕੇ ਗੁਰਦਾਸਪੁਰ ਹਮੇਸ਼ਾ ਮੇਰੇ ਜ਼ਿਹਨ ਵਿੱਚ ਵਸਿਆ ਰਹੇਗਾ।ਇਹ ਪ੍ਰਗਟਾਵਾ ਪ੍ਰਦੀਪ ਸੱਭਰਵਾਲ ਕਮਿਸ਼ਨਰ ਜਲੰਧਰ ਡਵੀਜ਼ਨ ਨੇ ਗੁਰਦਾਸਪੁਰ ਵਿਖੇ ਆਉਣ ਤੇ ਪੱਤਰਕਾਰਾਂ ਨਾਲ ਗੱਲ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ।ਪੱਤਰਕਾਰਾਂ ਨਾਲ ਗੱਲ ਕਰਦਿਆਂ ਕਮਿਸ਼ਨਰ, ਜਲੰਧਰ ਡਵੀਜ਼ਨ ਨੇ ਕਿਹਾ ਕਿ ਉਨ ਾਂ ਗੁਰਦਾਸਪੁਰ ਵਿਖੇ ਐੱਸ.ਡੀ.ਐੱਮ, ਵਧੀਕ ਡਿਪਟੀ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਵਜੋਂ ਗੁਰਦਾਸਪੁਰ ਲੋਕਾਂ ਦੀ ਸੇਵਾ ਕੀਤੀ ਹੈ ਅਤੇ ਗੁਰਦਾਸਪੁਰ ਦੇ ਲੋਕਾਂ ਨੇ ਮਣਾਂ ਮੂੰਹੀਂ ਪਿਆਰ ਉਨ ਾਂ ਨੂੰ ਦਿੱਤਾ ਹੈ।ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ ਾਂ ਨੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਬਿਤਾਏ ਸੁਨਹਿਰੇ ਦਿਨ ਾਂ ਨੂੰ ਯਾਦ ਕਰਦਿਆ ਉਨ ਾਂ ਕਿਹਾ ਕਿ ਉਨ ਾਂ ਦੀ ਹਮੇਸ਼ਾ ਪਹਿਲ ਰਹੀ ਸੀ ਕਿ ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾਣ ਅਤੇ ਜ਼ਿਲ੍ਹੇ ਦੇ ਸਾਰੇ ਦਫਤਰਾਂ ਵਿੱਚ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ, ਉਹ ਖੁਦ ਜ਼ਿਲ੍ਹੇ ਦੇ ਵੱਖ-ਵੱਖ ਦਫਤਰਾਂ ਵਿੱਚ ਰੁਟੀਨ ਵਿਜ਼ਟ ਕਰਦੇ ਸਨ।ਉਨ ਾਂ ਦੱਸਿਆ ਕਿ ਬਤੌਰ ਡਿਪਟੀ ਕਮਿਸ਼ਨਰ ਗੁਰਦਾਸੁਪਰ ਦੌਰਾਨ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਲਈ ਮੈਰੀਟੋਰੀਅਸ ਸਕੂਲ ਗੁਰਦਾਸਪੁਰ ਦੀ ਸਥਾਪਨਾ, ਬੱਬਰੀ ਬਾਈਪਾਸ ਵਿਖੇ ਨਵੇਂ ਹਸਪਤਾਲ ਦੀ ਸ਼ੁਰੂਆਤ, ਆਵਾਜਾਈ ਅਤੇ ਗੁਰਦਾਸਪੁਰ ਸ਼ਹਿਰ ਨੂੰ ਸਾਫ-ਸੁਥਰਾ ਤੇ ਸੁੰਦਰੀਕਰਨ ਲਈ ਵਿਸ਼ੇਸ ਉਪਰਾਲੇ ਕੀਤੇ ਗਏ।ਜਹਾਜ਼ ਚੌਕ ਨੂੰ ਚੌੜਿਆਂ ਕਰਕੇ ਖੂਬਸੂਰਤ ਦਿਖ ਦਿੱਤੀ ਗਈ।ਪੁਰਾਣੇ ਸਿਵਲ ਹਸਪਤਾਲ ਗੁਰਦਾਸਪੁਰ ਸਮੇਤ ਜ਼ਿਲ੍ਹੇ ਦੀ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਦੀ ਸਹੂਲਤ ਲਈ ਅਤਿ ਆਧੁਨਿਕ ਮਸ਼ੀਨਰੀ ਮੁਹੱਈਆ ਕਰਵਾਈ ਗਈ ਅਤੇ ਬਹੁਤ ਸਾਰੇ ਵਿਕਾਸ ਕੰਮ, ਗੁਰਦਾਸਪੁਰ ਜ਼ਿਲ੍ਹੇ ਵਿੱਚ ਕਰਵਾਏ ਗਏ।ਕਮਿਸ਼ਨਰ ਜਲੰਧਰ ਡਵੀਜ਼ਨ ਨੇ ਕਿਹਾ ਕਿ ਗੁਰਦਾਸਪੁਰ ਦੇ ਸਮਾਜ ਸੇਵੀ, ਸੰਸਥਾਵਾਂ, ਵਿਦਿਅਕ ਸੰਸਥਾਵਾਂ ਦੇ ਮੁਖੀ, ਸਿਹਤ ਸੰਸਥਾਵਾਂ ਦੇ ਮੁਖੀਆਂ ਅਤੇ ਡਾਕਟਰਾਂ ਵਲੋਂ ਵੀ ਗੁਰਦਾਸਪੁਰ ਦੇ ਲੋੜਵੰਦਾਂ ਲੋਕਾਂ ਦੀ ਮਦਦ ਕਰਨ ਲਈ ਹਮੇਸ਼ਾ ਯੋਗਦਾਨ ਪਾਇਆ ਹੈ ਅਤੇ ਮਨੁੱਖਤਾ ਦੀ ਸੇਵਾ ਲਈ ਇਹ ਲੋਕ ਹਮੇਸ਼ਾ ਤਤਪਰ ਰਹਿੰਦੇ ਹਨ।ਪੱਤਰਕਾਰਾਂ ਨਾਲ ਗੱਲ ਕਰਦਿਆ ਉਨ ਾਂ ਗੁਰਦਾਸਪੁਰ ਦੇ ਮੌਜੂਦਾ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਵੱਲੋਂ ਗੁਰਦਾਸਪੁਰ ਵਿੱਚ ਕਰਵਾਏ ਜਾ ਰਹੇ ਕਾਰਜਾਂ ਦੀ ਰੱਜਵੀਂ ਸਰਾਹਨਾ ਕੀਤੀ।ਉਨ ਾਂ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਸਭ ਤੋਂ ਮਹੱਤਵਪੂਰਨ ਮਸਲਾ ਨੈਸ਼ਨਲ ਹਾਈਵੇ ਦੀ ਜ਼ਮੀਨ ਨੂੰ ਐਕਵਾਈਰ ਕਰਨਾ ਸੀ, ਜੋ ਉਨ ਾਂ ਨੇ ਬਹੁਤ ਵਧੀਆ ਢੰਗ ਨਾਲ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਸੁਲਝਾਇਆ।ਉਨ ਾਂ ਦੱਸਿਆ ਕਿ ਸਟੱਬਲ ਬਰਨਿੰਗ ਵਿੱਚ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਜ਼ਿਲ ਾ ਪ੍ਰਸ਼ਾਸਨ ਨੇ ਜ਼ਿਕਰਯੋਗ ਕਾਰਜ ਕੀਤੇ ਹਨ ਅਤੇ ਅੱਗ ਲੱਗਣ ਦੀਆ ਘਟਨਾਵਾਂ ਨੂੰ ਖੁਦ ਖੇਤਾਂ ਵਿੱਚ ਜਾ ਕੇ ਬੁਝਾਇਆ।ਪਿਛਲੇ ਸਾਲ ਨਾਲੋਂ ਐਤਕੀਂ 51 ਫੀਸਦੀ ਖੇਤਾਂ ਵਿੱਚ ਪਰਾਲੀ/ਨਾੜ ਸਾੜਨ ਦੀਆਂ ਘਟਨਾਵਾਂ ਘਟੀਆ ਹਨ ਜੋ ਕਾਬਲੇ ਤਾਰੀਫ਼ ਹਨ।ਇਸ ਮੌਕੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ, ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ, ਕਰਮਜੀਤ ਸਿੰਘ ਐੱਸ.ਡੀ.ਐੱਮ. ਗੁਰਦਾਸਪੁਰ ਆਦਿਤਿਆ ਗੁਪਤਾ ਸਹਾਇਕ ਕਮਿਸ਼ਨਰ (ਜ) ਵੀ ਮੌਜੂਦ ਸਨ।

## ਲੁਟੇਰੇ ਰੇਹੜੀ ਫੜ੍ਹੀ ਲਾਉਂਦੀ ਔਰਤ ਦੀਆਂ ਨਾਟਕੀ ਢੰਗ ਨਾਲ ਵਾਲੀਆਂ ਲਾਹ ਕੇ ਰਫੂ ਚੱਕਰ



**ਗੁਰਦਾਸਪੁਰ (ਜਨਕ ਮਹਾਜਨ)**-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਨਵਾਂ ਸ਼ਾਲਾ ਵਿਖੇ ਰੇਹੜੀ ਲਗਾ ਕੇ ਕੰਮ ਕਰਨ ਵਾਲੀ ਇੱਕ ਪ੍ਰਵਾਸੀ ਔਰਤ ਕੋਲੋਂ ਤਿੰਨ ਨੌਜਵਾਨਾਂ ਅਤੇ ਇੱਕ ਔਰਤ ਨੇ ਨਾਟਕੀ ਢੰਗ ਨਾਲ ਕੰਨ ਦੀਆਂ ਵਾਲੀਆਂ ਲਾਹ ਲਈਆਂ। ਪੀੜਤ ਔਰਤ ਪੂਰੀਆ ਪਤਨੀ ਰਾਮਪਾਲ ਵਾਸੀ ਬਰੇਲੀ ਹਾਲ ਨਵਾਂ ਸ਼ਾਲਾ ਨੇ ਦੱਸਿਆ ਕਿ ਉਹ ਦੁਪਹਿਰ ਵੇਲੇ 1 ਵਜੇ ਦੇ ਕਰੀਬ ਆਪਣੀ ਦੁਕਾਨ 'ਤੇ ਬੈਠੀ ਹੋਈ ਸੀ ਕਿ ਕਾਰ ਸਵਾਰ ਤਿੰਨ ਵਿਅਕਤੀ ਅਤੇ ਇੱਕ ਔਰਤ ਮੇਰੇ ਕੋਲ ਆਏ ਅਤੇ ਮੈਨੂੰ ਸ਼ਿਵ ਮੰਦਰ ਬਾਰੇ ਪੁੱਛਣ ਲੱਗ ਪਏ। ਉਨ ਾਂ ਨੇ ਮੈਨੂੰ ਆਪਣੀਆਂ ਗੱਲਾਂ ਵਿੱਚ ਉਲਝਾ ਲਿਆ। ਫਿਰ ਔਰਤ ਨੇ ਮੇਰੇ ਪੈਰਾਂ ਤੋਂ ਲੈ ਕੇ ਸਿਰ ਤੱਕ ਹੱਥ ਫੇਰਿਆ ਜਿਸ ਕਾਰਨ ਮੈਨੂੰ ਕੁਝ ਹੋਸ਼ ਨਹੀਂ ਰਿਹਾ ਅਤੇ ਲੁਟੇਰੇ ਮੇਰੇ ਕੰਨ ਦੀਆਂ ਵਾਲੀਆਂ ਲਾਹ ਕੇ ਰਫੂ ਚੱਕਰ ਹੋ ਗਏ। ਇੱਥੇ ਜ਼ਿਕਰਯੋਗ ਹੈ ਕਿ ਕਸਬਾ ਪੁਰਾਣਾ ਸ਼ਾਲਾ ਅੰਦਰ ਲੁਟੇਰਿਆਂ ਦਾ ਗਿਰੋਹ ਕਾਫੀ ਸਰਗਰਮ ਹੈ ਅਤੇ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਲੋਕਾਂ ਦਾ ਪੁਲਸ ਪ੍ਰਸ਼ਾਸਨ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ ਾਂ ਦੱਸਿਆ ਕਿ ਵਾਲੀਆਂ ਲਾਉਣ ਸਬੰਧੀ ਥਾਣਾ ਪੁਰਾਣਾ ਸ਼ਾਲਾ ਨੂੰ ਸ਼ਿਕਾਇਤ ਕਰ ਦਿੱਤੀ ਹੈ ਪਰ ਅਜੇ ਤੀਕ ਕੋਈ ਵੀ ਪੁਲਸ ਦਾ ਕਰਮਚਾਰੀ ਮੇਰੇ ਬਿਆਨ ਲੈਣ ਨਹੀਂ ਆਇਆ। ਉਨ ਾਂ ਦੱਸਿਆ ਕਿ ਮੇਰਾ 25 ਹਜ਼ਾਰ ਦੇ ਕਰੀਬ ਨੁਕਸਾਨ ਹੋ ਗਿਆ ਹੈ। ਉਨ ਾਂ ਜ਼ਿਲ ਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਲੁੱਟ-ਖੋਹ ਕਰਨ ਵਾਲੇ ਲੁਟੇਰਿਆਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਮੈਨੂੰ ਇਨਸਾਫ ਦਿਵਾਇਆ ਜਾਵੇ। ਇਲਾਕਾ ਵਾਸੀਆਂ ਨੇ ਕਿਹਾ ਕਿ ਇਲਾਕੇ ਵਿੱਚ ਲਗਾਤਾਰ ਵਾਪਰ ਰਹੀਆਂ ਲੁੱਟ-ਖੋਹ ਦੀਆਂ ਘਟਨਾਵਾਂ ਕਾਰਨ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ। ਉਨ ਾਂ ਕਿਹਾ ਹਲਕੇ ਅੰਦਰ ਪੁਲਸ ਦੀ ਨਫਰੀ ਨੂੰ ਵਧਾਉਣ ਚਾਹੀਦਾ ਹੈ ਅਤੇ ਅਜਿਹੇ ਲੁਟੇਰਿਆਂ ਨੂੰ ਕਾਬੂ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

## ਸ਼ੰਭੂ ਬਾਰਡਰ 'ਤੇ ਜਾਣ ਲਈ ਕਿਸਾਨ ਅਤੇ ਮਜ਼ਦੂਰ ਵੱਡੀ ਗਿਣਤੀ 'ਚ ਤਿਆਰ : ਮੀਆਂਵਿੰਡ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਧੀਨ ਆਉਂਦੇ ਪਿੰਡਾਂ ਵਿੱਚ 23 ਤਰੀਕ ਤੋਂ ਕਿਸਾਨ ਆਗੂਆਂ ਵੱਲੋਂ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜਿਸ ਦੀ ਅਗਵਾਈ ਜ਼ਿਲ ਾ ਤਰਨਤਾਰਨ ਦੇ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ, ਜ਼ੋਨ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ ਅਤੇ ਜ਼ੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਕਰ ਰਹੇ ਹਨ। ਇਸ ਦੀ ਜਾਣਕਾਰੀ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਘੱਗੇ ਦਿੰਦੇ ਹੋਏ ਦੱਸਿਆ ਕਿ ਇੰਨਾਂ ਮੀਟਿੰਗਾਂ ਦੇ ਮਕਸਦ ਬਾਰੇ ਬੋਲਦਿਆਂ ਦਿਆਲ ਸਿੰਘ ਮੀਆਵਿੰਡ, ਮੁਖਤਾਰ ਸਿੰਘ ਬਿਹਾਰੀਪੁਰ ਅਤੇ ਸਤਨਾਮ ਸਿੰਘ ਖੋਜਕੀਪੁਰ ਨੇ ਕਿਹਾ ਕਿ ਜੋ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਪਿਛਲੇ 9 ਮਹੀਨਿਆਂ ਤੋਂ ਚਲ ਰਹੇ ਅੰਦੋਲਨ ਨੂੰ ਤੇਜ਼ ਕਰਨ ਵਾਸਤੇ ਜੋ ਦੋਹਾਂ ਫੋਰਮਾਂ ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਵੱਲੋਂ ਜੋ ਪ੍ਰੋਗਰਾਮ ਉਲੀਕੇ ਹੋਏ ਹਨ ਉਸ ਦੇ ਤਹਿਤ 26 ਤਰੀਕ ਨੂੰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਖਨੌਰੀ ਬਾਰਡਰ ਤੇ ਭੁੱਖ ਹੜਤਾਲ ਤੇ ਬੈਠਣਗੇ ਅਤੇ 6 ਦਸੰਬਰ ਨੂੰ ਸ਼ੰਭੂ ਬਾਰਡਰ ਤੋਂ ਕਿਸਾਨ ਮਜ਼ਦੂਰ ਮੋਰਚੇ ਦੇ ਆਗੂ ਸਤਨਾਮ ਸਿੰਘ ਪੰਨੂੰ, ਸਵਿੰਦਰ ਸਿੰਘ ਚੁਤਾਲਾ ਅਤੇ ਸੁਰਜੀਤ ਸਿੰਘ ਫੂਲ ਦੀ ਅਗਵਾਈ ਹੇਠ ਇਕ ਜਥਾਂ ਜੋ ਹਰਿਆਣਾ ਸਰਕਾਰ ਵੱਲੋਂ ਕੰਧ ਬਣਾਈ ਹੈ ਉਸ ਨੂੰ ਪਾਰ ਕੀਤਾ ਜਾਵੇਗਾ, ਭਾਵੇਂ ਸਰਕਾਰ ਜਿੰਨਾ ਮਰਜ਼ੀ ਤਸ਼ੱਦਦ ਕਰਨਾ ਕਰ ਲਵੇ, ਜਾਂ ਗੋਲੀਆਂ ਮਾਰ ਕੇ ਸ਼ਹੀਦ ਕਰ ਦੇਵੇ। ਉਨ ਾਂ ਕੇਂਦਰ ਦੀ ਮੋਦੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਇਸਤੋ ਪਹਿਲਾਂ ਸਰਕਾਰ ਜੇਕਰ ਗੱਲਬਾਤ ਰਾਹੀਂ ਕੋਈ ਮਸਲਾ ਹੱਲ ਕਲ ਦੇਵੇ ਜਾਂ ਕਿਸਾਨੀ ਮੰਗਾਂ ਜੋ 23 ਫਸਲਾਂ ਉਪਰ ਐੱਮ ਐੱਸ ਪੀ ਦੇ ਦੇਵੇ ਮਜ਼ਦੂਰਾਂ ਵਾਸਤੇ 200 ਦਿਨ ਮਨਰੇਗਾ ਤਹਿਤ 700 ਰੁਪਏ ਦਿਹਾੜੀ ਦਾ ਗਰੰਟੀ ਕਨੂੰਨ ਅਤੇ ਬੇਘਰਿਆਂ ਲਈ ਘਰ ਪੰਜ ਪੰਜ ਮਰਲੇ ਦੇ ਪਲਾਟ, ਹਰੇਕ ਘਰਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਾ ਕਨੂੰਨ ਲਾਗੂ ਕਰੇ ਤਾਂ ਫ਼ੈਸਲੇ ਬਾਰੇ ਸੋਚਿਆ ਜਾ ਸਕਦਾ ਨਹੀ ਤਾਂ 6 ਦਸੰਬਰ ਨੂੰ ਸਾਡੇ ਨਾਲ ਨਿਬੜਨ ਲਈ ਸਰਕਾਰ ਤਿਆਰ ਰਹੇ ਅਸੀ ਸਰਕਾਰ ਦੇ ਹਰ ਤਸ਼ੱਦਦ ਦਾ ਖਿੜੇ ਮੱਥੇ ਟਾਕਰਾ ਕਰਾਂਗੇ। ਉਨ ਾਂ ਵੱਖ ਵੱਖ ਪਿੰਡਾਂ ਵਿਚ ਮੀਟਿੰਗ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਕਿ 4 ਦਸੰਬਰ ਨੂੰ ਸ਼ੰਭੂ ਬਾਰਡਰ ਤੇ ਜਾਣ ਲਈ ਬਜ਼ੁਰਗ, ਨੌਜਵਾਨ, ਬੀਬੀਆਂ ਭੈਣਾਂ ਵੱਡੀ ਪੱਧਰ ਤੇ ਤਿਆਰੀ ਕਰ ਲੈਣ। ਇਸ ਮੌਕੇ ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਬਲਜਿੰਦਰ ਸਿੰਘ ਆਲਮਪੁਰ, ਸਾਹਿਬ ਸਿੰਘ ਨਰੋਤਮਪੁਰ, ਪ੍ਰਮਜੀਤ ਸਿੰਘ ਬਾਠ ਦਾਰਾਪੁਰ, ਪ੍ਰਤਾਪ ਸਿੰਘ ਰਾਮਪੁਰ, ਸੁਖਚੈਨ ਸਿੰਘ ਦਾਰਾਪੁਰ, ਬਜ਼ੁਰਗ ਆਗੂ ਬਾਪੂ ਕਰਤਾਰ ਸਿੰਘ, ਮੁਖ਼ਤਾਰ ਸਿੰਘ ਦਾਰਾਪੁਰ, ਸ਼ਾਮ ਲਾਲ, ਮੋਹਨ ਸਿੰਘ, ਕੁਲਵਿੰਦਰ ਸਿੰਘ ਮੁਖਤਾਰ ਸਿੰਘ ਨਰੋਤਮਪੁਰ, ਸੁਖਚੈਨ ਸਿੰਘ ਨਰੋਤਮਪੁਰ, ਕਸ਼ਮੀਰ ਸਿੰਘ ਵੈਰੋਵਾਲ ਬਾਵਿਆਂ,ਬਸੰਤ ਸਿੰਘ ਵੈਰੋਵਾਲ ਬਾਵਿਆਂ ਅਤੇ ਹਰਪਾਲ ਸਿੰਘ ਹਾਜ਼ਰ ਸਨ।

## ਲਿਟਲ ਫਲਾਵਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ 'ਚ ਮਾਡਲ ਪ੍ਰਦਰਸ਼ਨੀ ਲਗਾਈ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਲਿਟਲ ਫਲਾਵਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਵਿਖੇ ਡਾਇਓਸਿਸ ਆਫ ਜਲੰਧਰ ਦੇ ਨਿਰਦੇਸ਼ਾਂ ਤੇ ਡਾਇਰੈਕਟਰ ਫਾਦਰ ਜ਼ੋਸ ਪਡਿਆਟੀ ਦੇ ਆਦੇਸ਼ਾਂ ਅਨੁਸਾਰ ਪ੍ਰਿੰਸੀਪਲ ਸਿਸਟਰ ਰਜੀਨਾ ਪੌਲ ਦੀ ਅਗਵਾਈ ਵਿੱਚ ਬੱਚਿਆਂ ਵਲੋਂ ਤਿਆਰ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਪ੍ਰੋਜੈਕਟ ਅਤੇ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਸਕੂਲੀ ਬੱਚਿਆਂ ਵਲੋਂ ਤਿਆਰ ਵਾਤਾਵਰਣ, ਵਾਟਰ ਟ੍ਰੀਟਮੈਂਟ ਪਲਾਂਟ, ਕੰਪਿਊਟਰ, ਸਮਾਰਟ ਸਿਟੀ, ਇਤਿਹਾਸ, ਪੰਜਾਬੀ, ਹਿੰਦੀ, ਅੰਗਰੇਜ਼ੀ, ਸਾਇੰਸ, ਡਰਾਇੰਗ ਆਦਿ ਨਾਲ ਸਬੰਧਿਤ ਵੱਖ ਵੱਖ ਪ੍ਰੋਜੈਕਟ ਤੇ ਮਾਡਲਾਂ ਅਤੇ ਪੰਜਾਬੀ ਵਿਰਸਾ ਆਦਿ ਨੂੰ ਬਾਖੂਬੀ ਨਾਲ ਪ੍ਰਦਰਸ਼ਿਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਦੇ ਡੀਨ ਡਾ: ਆਰ. ਪੀ. ਐੱਸ. ਬੇਦੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਮਹਿਮਾਨ ਡਾ: ਬੇਦੀ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸਿਸਟਰ ਰਜੀਨਾ ਪੌਲ ਤੇ ਸਟਾਫ ਮੈਂਬਰਾਂ ਨੇ ਸਵਾਗਤ ਕਰਦਿਆਂ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਮੁੱਖ ਮਹਿਮਾਨ ਡਾ: ਆਰ.ਪੀ.ਐਸ. ਬੇਦੀ ਨੇ ਇਸ ਪ੍ਰਦਰਸ਼ਨੀ ਦਾ ਜਾਇਜ਼ਾ ਲਿਆ ਅਤੇ ਇਸ ਕਾਰਜ ਲਈ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਡਾ: ਬੇਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਵਿਗਿਆਨ ਦੇ ਯੁੱਗ ਵਿੱਚ ਮਨੁੱਖ ਨੇ ਹਰੇਕ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ ਅਤੇ ਇੰਟਰਨੈੱਟ ਹਰੇਕ ਸ਼ਹਿਰ/ਪਿੰਡ ਘਰ ਘਰ ਪਹੁੰਚ ਚੁੱਕਾ ਹੈ, ਜੋ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ। ਉਨ ਾਂ ਨੇ ਵਿਦਿਆਰਥੀਆਂ ਨੂੰ ਪੜ ਾਈ ਨਾਲ ਸਬੰਧਿਤ ਹਰੇਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇੰਟਰਨੈੱਟ ਦੀ ਸਹੀ ਵਰਤੋਂ ਕਰਨ ਨਾਲ ਹੀ ਤਰੱਕੀ ਵੱਲ ਵਧਿਆ ਜਾ ਸਕਦਾ ਹੈ। ਉਨ ਾਂ ਨੇ ਬੱਚਿਆਂ ਨੂੰ ਜੀਵਨ ਵਿੱਚ ਸਖਤ ਮਿਹਨਤ ਕਰਕੇ ਆਪਣੇ ਸਕੂਲ, ਇਲਾਕੇ ਅਤੇ ਮਾਤਾ ਪਿਤਾ ਦਾ ਨਾਮ ਸੰਸਾਰ ਭਰ ਵਿੱਚ ਰੌਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਸਕੂਲ ਪ੍ਰਿੰਸੀਪਲ ਸਿਸਟਰ ਰਜੀਨਾ ਪੌਲ ਨੇ ਵਿਦਿਆਰਥੀਆਂ ਨੂੰ ਵਿਗਿਆਨਿਕ ਸੋਚ ਦੇ ਧਾਰਨੀ ਨਾਲ ਜੁੜੇ ਰਹਿ ਕੇ ਬੁਲੰਦੀਆਂ ਛੂਹਣ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮੁੱਖ ਮਹਿਮਾਨ ਡਾ: ਆਰ.ਪੀ.ਐੱਸ. ਬੇਦੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਿਸਟਰ ਮਰਸੀ, ਸਿਸਟਰ ਫਰਾਂਸਿਸਕਾ, ਪੀ.ਆਰ.ਓ. ਸਵਰਨ ਸਿੰਘ, ਸਟਾਫ ਸੈਕਟਰੀ ਨੇਹਾ ਚੋਪੜਾ, ਨਾਰਮਨ ਇਜ਼ੈਕੀਅਲ, ਮਨੀਰਾ ਬੱਲ, ਪੂਨਮਜੀਤ ਕੌਰ, ਪ੍ਰੋਗਰਾਮ ਕੋਆਰਡੀਨੇਟਰ ਜਸਮੀਤ ਕੌਰ, ਸੁਦਰਸ਼ਨ ਸਿੱਧੂ, ਰਜਨੀ ਬਾਲਾ, ਮੈਡਮ ਮੰਜੂ, ਨਵਜੋਤ ਕੌਰ, ਅੰਜੂ ਖੋਖਰ ਸੋਫੀਆ, ਪੂਜਾ ਖੋਸਲਾ, ਹੈੱਡ ਗਰਲ ਸੀਆ ਸੋਫੀਆ, ਹੈੱਡ ਬੁਆਏ ਅਰਮਾਨਦੀਪ ਸਿੰਘ, ਐੱਲ. ਐੱਮ. ਸੀ. ਮੈਂਬਰ ਬਿਕਰਮਜੀਤ ਸਿੰਘ ਘੁੰਮਣ, ਡਾ: ਅੰਜੂ ਡੱਬ, ਨਿੰਧੀ ਮੋਦਗਿੱਲ, ਗੁਰਦੀਪ ਕੌਰ, ਮੱਧੂ ਕਾਲੀਆ, ਪ੍ਰਵੀਨ ਬਰਨਾਰਡ, ਗਗਨਦੀਪ ਸਿੰਘ, ਵਿਸ਼ਾਲ ਵੋਹਰਾ, ਪ੍ਰਦੀਪ ਕੁਮਾਰ, ਰਜਿੰਦਰ ਕੁਮਾਰ ਆਦਿ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਪੰਜਾਬ ਦੀਆਂ ਅੱਠ 'ਵਰਸਿਟੀਆਂ ਬਿਨਾਂ ਵਾਈਸ ਚਾਂਸਲਰਾਂ ਤੋਂ ਕੰਮ ਕਰ ਰਹੀਆਂ : ਔਜਲਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਸਰਕਾਰ ਜਲਦੀ ਤੋਂ ਜਲਦੀ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਨਿਯੁਕਤ ਕਰੇ। ਉਨ ਾਂ ਕਿਹਾ ਕਿ ਪੰਜਾਬ ਦੀਆਂ 6 ਯੂਨੀਵਰਸਿਟੀਆਂ ਪਹਿਲਾਂ ਹੀ ਵੀਸੀ ਤੋਂ ਬਿਨਾਂ ਕੰਮ ਕਰ ਰਹੀਆਂ ਹਨ ਅਤੇ ਹੁਣ ਦੋ ਹੋਰ ਨਾਮਵਰ ਯੂਨੀਵਰਸਿਟੀਆਂ ਇਸ ਵਿੱਚ ਸ਼ਾਮਲ ਹੋ ਗਈਆਂ ਹਨ। ਪੰਜਾਬ ਦੀਆਂ ਵੱਕਾਰੀ ਯੂਨੀਵਰਸਿਟੀਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ, ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ, ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਗੁਰਦਾਸਪੁਰ, ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਹੁਸ਼ਿਆਰਪੁਰ ਅਤੇ ਐੱਮ. ਬੀ. ਐੱਸ. ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਪਹਿਲਾਂ ਤੋਂ ਤਿੰਨ ਮਹੀਨੇ ਤੋਂ ਲੈ ਕੇ ਚਾਰ ਸਾਲ ਤੱਕ ਬਿਨਾਂ ਵਾਈਸ ਚਾਂਸਲਰਾਂ ਦੇ ਕੰਮ ਕਰ ਰਹੀਆਂ ਹਨ ਅਤੇ ਹੁਣ ਰਾਜ ਦੀ ਇੱਕ ਹੋਰ ਵੱਕਾਰੀ ਯੂਨੀਵਰਸਿਟੀ ਗੁਰੂ ਨਾਨਕ ਦੇਵ ਵਿਸ਼ਵਵਿਦਿਆਲਿਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਤਰਨਤਾਰਨ ਵੀ ਬਿਨਾਂ ਵਾਈਸ ਚਾਂਸਲਰ ਤੋਂ ਹੋ ਗਈਆਂ ਹਨ। ਐੱਮ. ਪੀ. ਔਜਲਾ ਨੇ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ਼ ਲਾਅ ਤਰਨਤਾਰਨ ਦੇ ਮੌਜੂਦਾ ਉਪ ਕੁਲਪਤੀ ਡਾ: ਜਸਪਾਲ ਸਿੰਘ ਦਾ ਵਧਾਇਆ ਗਿਆ ਕਾਰਜਕਾਲ 16 ਨਵੰਬਰ, 2024 ਨੂੰ ਸਮਾਪਤ ਹੋ ਗਿਆ ਹੈ। ਰਾਜ ਸਰਕਾਰ ਤੋਂ ਕੋਈ ਹਦਾਇਤਾਂ ਨਾ ਮਿਲਣ ਤੋਂ ਬਾਅਦ ਉਨ ਾਂ ਨੇ ਸੋਮਵਾਰ 18,2024 ਨੂੰ ਸਬੰਧਤ ਵਿਭਾਗ, ਅਧਿਕਾਰੀਆਂ ਨੂੰ ਆਪਣਾ ਰਾਹਤ ਪੱਤਰ ਭੇਜ ਦਿੱਤਾ। ਹੁਣ ਯੂਨੀਵਰਸਿਟੀ ਵਿੱਚ ਕੋਈ ਰੈਗੂਲਰ ਵਾਈਸ ਚਾਂਸਲਰ ਨਹੀਂ ਹੈ। ਉਨ ਾਂ ਕਿਹਾ ਕਿ ਚਾਂਸਲਰ ਦਫ਼ਤਰ (ਪੰਜਾਬ ਦੇ ਰਾਜਪਾਲ) ਨੇ ਸਕੱਤਰ ਉਚੇਰੀ ਸਿੱਖਿਆ ਨੂੰ ਦੋਵਾਂ ਯੂਨੀਵਰਸਿਟੀਆਂ ਦਾ ਚਾਰਜ ਦੇਣ ਦਾ ਕੋਈ ਹੁਕਮ ਜਾਰੀ ਨਹੀਂ ਕੀਤਾ ਹੈ।

ਉਨ ਾਂ ਦੱਸਿਆ ਕਿ ਇਸ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਦਾ ਚਾਰਜ ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਕੇ. ਕੇ. ਯਾਦਵ ਕੋਲ ਹੈ। ਕਾਰਜਕਾਰੀ ਵਾਈਸ ਚਾਂਸਲਰ ਕੇ. ਕੇ. ਯਾਦਵ ਦਾ ਵਧਿਆ ਕਾਰਜਕਾਲ ਵੀ 25 ਨਵੰਬਰ 2024 ਨੂੰ ਖਤਮ ਹੋ ਰਿਹਾ ਹੈ। ਉਨ ਾਂ ਦੱਸਿਆ ਕਿ ਸੀਨੀਅਰ ਫੈਕਲਟੀ ਮੈਂਬਰ ਡਾ: ਸੰਦੀਪ ਕਾਂਸਲ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨਾਲੋਜੀ ਯੂਨੀਵਰਸਿਟੀ, ਬਠਿੰਡਾ ਦਾ ਕਾਰਜਕਾਰੀ ਚਾਰਜ ਸੰਭਾਲ ਰਹੇ ਹਨ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਚੇਰੀ ਸਿੱਖਿਆ ਬਹੁਤ ਜ਼ਰੂਰੀ ਹੈ ਪਰ ਸਰਕਾਰ ਇਸ ਵੱਲ ਧਿਆਨ ਨਾ ਦੇ ਕੇ ਬੱਚਿਆਂ ਦੇ ਭਵਿੱਖ ਨਾਲ ਖੇਡ ਰਹੀ ਹੈ। ਉਨ ਾਂ ਕਿਹਾ ਕਿ ਯੂਨੀਵਰਸਿਟੀਆਂ ਦਾ ਵੀਸੀ ਅਹਿਮ ਅਹੁਦਾ ਹੈ ਅਤੇ ਕਈ ਅਹਿਮ ਫੈਸਲੇ ਲਏ ਜਾਂਦੇ ਹਨ ਜੋ ਵੀਸੀ ਤੋਂ ਬਿਨਾਂ ਨਹੀਂ ਲਏ ਜਾ ਸਕਦੇ ਸਨ। ਇਸੇ ਲਈ ਉਨ ਾਂ ਬੱਚਿਆਂ ਦੇ ਭਵਿੱਖ ਨੂੰ ਮੁੱਖ ਰੱਖਦਿਆਂ ਅਪੀਲ ਕੀਤੀ ਕਿ ਯੂਨੀਵਰਸਿਟੀਆਂ ਵਿੱਚ ਵੀ.ਸੀ. ਜਲਦੀ ਤੋਂ ਜਲਦੀ ਨਿਯੁਕਤ ਕੀਤੇ ਜਾਣ। ਉਨ ਾਂ ਕਿਹਾ ਕਿ ਜੇਕਰ ਇਸ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਉਹ ਇਸ ਸਮੱਸਿਆ ਨੂੰ ਜਨਤਾ ਦੇ ਸਾਹਮਣੇ ਰੱਖਣ ਪਰ ਇਸ ਮਾਮਲੇ ਨੂੰ ਅਣਗੌਲਿਆ ਨਾ ਕੀਤਾ ਜਾਵੇ। ਇਹ ਬਹੁਤ ਅਹਿਮ ਮੁੱਦਾ ਹੈ ਅਤੇ ਇਹ ਯੂਨੀਵਰਸਿਟੀਆਂ ਵਿਸ਼ਵ ਪ੍ਰਸਿੱਧ ਹਨ ਪਰ ਵੀਸੀ ਦੀ ਅਣਹੋਂਦ ਕਾਰਨ ਉਨ ਾਂ ਦਾ ਅਕਸ ਖਰਾਬ ਹੋ ਰਿਹਾ ਹੈ, ਕਾਰਜਕਾਰੀ ਵੀਸੀ ਨਿਯੁਕਤ ਕਰਨ ਦੀ ਬਜਾਏ ਰੈਗੂਲਰ ਵੀਸੀ ਨਿਯੁਕਤ ਕੀਤੇ ਜਾਣ ਤਾਂ ਜੋ ਬੱਚਿਆਂ ਦਾ ਭਵਿੱਖ ਸੰਵਾਰਨ ਵਾਲੀ ਸੰਸਥਾ ਦਾ ਵੀ ਵਿਕਾਸ ਹੋ ਸਕੇ।

ਨਵਾਂ ਜ਼ਮਾਨਾ
ਮੰਗਲਵਾਰ, 26 ਨਵੰਬਰ 2024

# ਸੰਭਲ ਦੀ ਹਿੰਸਾ

*ਯੂ ਪੀ ਅਸੰਬਲੀ ਦੀਆਂ ਜ਼ਿਮਨੀ ਚੋਣਾਂ 'ਚ 9 ਵਿੱਚੋਂ 7 ਸੀਟਾਂ 'ਤੇ ਭਾਜਪਾ ਦੀ ਜਿੱਤ ਦਾ ਐਤਵਾਰ ਸੰਭਲ ਕਸਬੇ ਦੀ ਹਿੰਸਾ, ਜਿਸ 'ਚ ਪੰਜ ਮੁਸਲਮ ਨੌਜਵਾਨਾਂ ਦੀ ਮੌਤ ਹੋ ਗਈ, ਨਾਲ ਕੀ ਰਿਸ਼ਤਾ ਹੋ ਸਕਦਾ ਹੈ? ਚੋਣਾਂ ਦੌਰਾਨ ਪੁਲਸ ਤੇ ਪ੍ਰਸ਼ਾਸਨ ਦੀ ਭੂਮਿਕਾ ਅਤੇ ਸੰਭਲ ਦੀ ਜਾਮਾ ਮਸਜਿਦ ਦੇ ਸਰਵੇਖਣ ਦੇ ਅਦਾਲਤੀ ਹੁਕਮ ਤੇ ਸਰਵੇਖਣ ਦੌਰਾਨ ਹੋਈ ਹਿੰਸਾ 'ਚ ਪੁਲਸ ਦੇ ਰਵੱਈਏ ਨੂੰ ਦੇਖੀਏ ਤਾਂ ਇਸ ਰਿਸ਼ਤੇ ਨੂੰ ਸਮਝਿਆ ਜਾ ਸਕਦਾ ਹੈ। ਸੰਭਲ ਦੇ ਨਾਲ ਲੱਗਦੀ ਮੁਸਲਮ ਬਹੁਗਿਣਤੀ ਵਾਲੀ ਕੁੰਦਰਕੀ ਸੀਟ ਭਾਜਪਾ ਭਾਰੀ ਬਹੁਮਤ ਨਾਲ ਜਿੱਤੀ ਹੈ। ਪੋਲਿੰਗ ਵਾਲੇ ਦਿਨ ਚੱਲੇ ਵੀਡੀਓਜ਼ 'ਚ ਪੁਲਸ ਮੁਸਲਮ ਵੋਟਰਾਂ ਨੂੰ ਬੂਥ ਤੱਕ ਜਾਣ ਤੋਂ ਰੋਕਦੀ, ਵੋਟਰ ਪਰਚੀਆਂ ਖੋਂਹਦੀ ਤੇ ਗੋਲੀ ਚਲਾਉਣ ਦੀ ਧਮਕੀ ਦਿੰਦੀ ਨਜ਼ਰ ਆਈ। ਸੰਭਲ ਦੀ ਜਾਮਾ ਮਸਜਿਦ ਤੋਂ ਪਹਿਲਾਂ ਉੱਥੇ ਕੀ ਸੀ? ਇਸ ਨੂੰ ਜਾਨਣ ਲਈ ਇਕ ਪੁਜਾਰੀ ਵੱਲੋਂ 19 ਨਵੰਬਰ ਨੂੰ ਲਾਈ ਗਈ ਅਰਜ਼ੀ ਦੇ ਤਿੰਨ ਘੰਟਿਆਂ ਦੇ ਵਿੱਚ-ਵਿੱਚ ਸਿਵਲ ਜੱਜ (ਸੀਨੀਅਰ ਡਵੀਜ਼ਨ) ਆਦਿੱਤਿਆ ਸਿੰਘ ਨੇ ਮਸਜਿਦ ਦੇ ਸਰਵੇਖਣ ਦਾ ਆਦੇਸ਼ ਦੇ ਦਿੱਤਾ ਤੇ ਇਸ ਲਈ ਐਡਵੋਕੇਟ ਕਮਿਸ਼ਨਰ ਦੀ ਨਿਯੁਕਤੀ ਵੀ ਕਰ ਦਿੱਤੀ। ਨਾਲ ਹੀ 29 ਨਵੰਬਰ ਨੂੰ ਰਿਪੋਰਟ ਦਾਖਲ ਕਰਨ ਲਈ ਕਹਿ ਦਿੱਤਾ। ਅਦਾਲਤ ਨੇ ਮਸਜਿਦ ਕਮੇਟੀ ਨੂੰ ਨੋਟਿਸ ਜਾਰੀ ਕਰਕੇ ਉਸ ਦਾ ਪੱਖ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ। ਕੀ ਸਿਵਲ ਜੱਜ ਸਥਿਤੀ ਜਿਉਂ ਦੀ ਤਿਉਂ ਰੱਖਣ ਵਾਲੇ ਕਾਨੂੰਨ ਤੋਂ ਨਾਵਾਕਫ ਹਨ? ਪਰ ਉਹ ਕਹਿ ਸਕਦੇ ਹਨ ਕਿ ਸੁਪਰੀਮ ਕੋਰਟ ਨੇ ਗਿਆਨਵਾਪੀ ਮਸਜਿਦ ਦੇ ਸਰਵੇਖਣ ਨੂੰ ਵਾਜਬ ਮੰਨਿਆ ਤਾਂ ਉਨ੍ਹਾ ਸੰਭਲ ਦੀ ਮਸਜਿਦ ਦੇ ਸਰਵੇਖਣ ਦਾ ਆਦੇਸ਼ ਦੇ ਕੀ ਗਲਤ ਕੀਤਾ? ਅਦਾਲਤ ਦਾ ਆਦੇਸ਼ ਲੋਕਾਂ ਤੱਕ ਪੁੱਜਾ ਹੀ ਨਹੀਂ ਸੀ ਕਿ ਟੀਮ ਉਸੇ ਦਿਨ ਸਰਵੇਖਣ ਕਰਨ ਪੁੱਜ ਗਈ। ਸਥਾਨਕ ਮੁਸਲਮਾਨਾਂ ਵੱਲੋਂ ਇਸ 'ਤੇ ਪ੍ਰਤੀਕਿਰਿਆ ਹੋਣੀ ਸੰਭਵ ਸੀ, ਪਰ ਸਾਂਸਦ ਨੇ ਲੋਕਾਂ ਨੂੰ ਸ਼ਾਂਤ ਕਰਕੇ ਸਰਵੇਖਣ ਕਰਨ ਵਿੱਚ ਪੁਲਸ ਤੇ ਪ੍ਰਸ਼ਾਸਨ ਦੀ ਮਦਦ ਕੀਤੀ। ਫਿਰ ਅਚਾਨਕ 24 ਨਵੰਬਰ ਦੀ ਸਵੇਰ ਸਰਵੇਖਣ ਟੀਮ ਦੁਬਾਰਾ ਪੁੱਜ ਗਈ। ਟੀਮ ਦੇ ਨਾਲ ਲੋਕ ਜੈ ਸ੍ਰੀ ਰਾਮ ਦੇ ਨਾਅਰੇ ਵੀ ਲਾ ਰਹੇ ਸਨ। ਕੀ ਇਹ ਦੂਜੀ ਧਿਰ ਨੂੰ ਉਕਸਾਉਣ ਲਈ ਕਾਫੀ ਨਹੀਂ ਸੀ। ਪ੍ਰਸ਼ਾਸਨ ਤੇ ਪੁਲਸ ਨੂੰ ਵੀ ਪਤਾ ਹੋਣਾ ਚਾਹੀਦਾ ਸੀ ਕਿ ਇਨ੍ਹਾਂ ਹਾਲਤਾਂ ਵਿੱਚ ਲੋਕ ਭੜਕ ਸਕਦੇ ਹਨ। ਹਿੰਸਾ ਦੇ ਬਾਅਦ ਇਕ ਅਧਿਕਾਰੀ ਨੇ ਕਿਹਾ ਕਿ ਹਿੰਸਾ ਗਿਣ-ਮਿੱਥ ਕੇ ਕੀਤੀ ਗਈ, ਪਰ ਜਦ ਸਰਵੇਖਣ ਟੀਮ ਅਚਾਨਕ ਬਿਨਾਂ ਦੱਸੇ ਪੁੱਜੀ ਤਾਂ ਹਿੰਸਾ ਗਿਣ-ਮਿੱਥ ਕੇ ਕਿਵੇਂ ਹੋ ਸਕਦੀ ਹੈ?*

*ਹੁਣ ਪੁਲਸ ਨੇ ਸਪਾ ਸਾਂਸਦ ਜ਼ਿਆ-ਉਰ-ਰਹਿਮਾਨ ਬਰਕ ਤੇ ਵਿਧਾਇਕ ਨਵਾਬ ਇਕਬਾਲ ਮਹਿਮੂਦ ਦੇ ਬੇਟੇ ਸੁਹੇਲ ਇਕਬਾਲ ਸਣੇ ਛੇ ਲੋਕਾਂ ਦੇ ਨਾਂਅ ਲੈ ਕੇ ਤੇ 2750 ਹੋਰਨਾਂ ਖਿਲਾਫ ਐੱਫ ਆਈ ਆਰ ਦਰਜ ਕਰ ਲਈ ਹੈ। ਏਨੇ ਲੋਕਾਂ ਖਿਲਾਫ ਐੱਫ ਆਈ ਆਰ ਬਲਦੀ 'ਤੇ ਤੇਲ ਪਾਉਣ ਦਾ ਹੀ ਕੰਮ ਕਰੇਗੀ।*

*ਧਰਮ ਸਥਾਨ (ਵਿਸ਼ੇਸ਼ ਮੱਦਾਂ) ਐਕਟ 1991 ਕਹਿੰਦਾ ਹੈ ਕਿ 15 ਅਗਸਤ 1947 ਤੱਕ ਮੌਜੂਦ ਧਰਮ ਸਥਾਨਾਂ ਦੀ ਸ਼ਕਲ ਨਹੀਂ ਬਦਲੀ ਜਾਵੇਗੀ, ਪਰ ਅਯੁੱਧਿਆ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਤੇ ਉਸ ਤੋਂ ਬਾਅਦ ਗਿਆਨਵਾਪੀ ਦੇ ਸਰਵੇਖਣ 'ਤੇ ਇਤਰਾਜ਼ ਨਾ ਕਰਨ ਤੋਂ ਬਾਅਦ ਆਏ ਦਿਨ ਅਦਾਲਤਾਂ ਵਿਚ ਅਰਜ਼ੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਫਲਾਂ ਮਸਜਿਦ ਤੋਂ ਪਹਿਲਾਂ ਉੱਥੇ ਮੰਦਰ ਹੁੰਦਾ ਸੀ ਤੇ ਅਦਾਲਤਾਂ ਵੀ ਸਰਵੇਖਣ ਦੇ ਆਦੇਸ਼ ਸੁਣਾਈ ਜਾ ਰਹੀਆਂ ਹਨ। ਪੁਲਸ ਤੇ ਪ੍ਰਸ਼ਾਸਨ ਵੀ ਇਨ੍ਹਾਂ ਮਾਮਲਿਆਂ ਵਿੱਚ ਨਿਰਪੱਖ ਨਜ਼ਰ ਨਹੀਂ ਆ ਰਹੇ। ਭਾਜਪਾ ਦੀ ਜਿੱਤ ਦਾ ਨੌਕਰਸ਼ਾਹੀ, ਪੁਲਸ ਤੇ ਅਦਾਲਤ ਦੇ ਰੁਖ 'ਤੇ ਕੀ ਅਸਰ ਹੋਇਆ, ਇਹ ਸੰਭਲ ਦੀ ਘਟਨਾ ਦੱਸ ਰਹੀ ਹੈ।*

# ਸਹਿਕਾਰਤਾ ਖੇਤਰ ਦੇ ਨਿਘਾਰ ਦੌਰਾਨ ਕੇਂਦਰ ਤੇ ਸੂਬਾਈ ਸਰਕਾਰਾਂ ਖ਼ਾਮੋਸ਼ ਕਿਉਂ

ਜੇਕਰ ਗੰਭੀਰਤਾ ਨਾਲ ਵੇਖਿਆ ਜਾਵੇ ਤਾਂ ਇਹ ਗੱਲ ਨਿਖਰ ਕੇ ਸਾਹਮਣੇ ਆਵੇਗੀ ਕਿ ਪੰਜਾਬ ਵਿੱਚ ਸਹਿਕਾਰਤਾ ਲਹਿਰ ਸੂਬੇ ਦੇ ਹਰ ਖੇਤਰ ਵਿੱਚ ਬੁਰੀ ਤਰ੍ਹਾਂ ਖਤਮ ਹੋ ਚੁੱਕੀ ਹੈ ਜਾਂ ਆਖਰੀ ਦੌਰ ਵਿੱਚ ਪਹੁੰਚ ਕੇ ਆਖ਼ਰੀ ਸਾਹ ਲੈ ਰਹੀ ਹੈ, ਜੋ ਬਹੁਤ ਹੀ ਦੁਖਦਾਈ ਅਤੇ ਅਸਹਿ ਘਟਨਾ ਹੈ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਦੇਸ਼ ਦੇ ਨੇਤਾਵਾਂ ਨੇ ਦੁਨੀਆ ਅੰਦਰ ਚੱਲ ਰਹੀ ਸਹਿਕਾਰਤਾ ਲਹਿਰ ਨੂੰ ਭਾਰਤ ਅੰਦਰ ਲਾਗੂ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ । ਦੇਸ਼ ਨਵਾਂ-ਨਵਾਂ ਆਜ਼ਾਦ ਹੋਇਆ ਸੀ, ਉਸ ਵੇਲੇ ਦੇ ਲੀਡਰਾਂ ਨੇ ਦੇਸ਼ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਕ ਸਾਂਝੀਵਾਲ ਲਹਿਰ ਦੁਆਰਾ ਸ਼ਹਿਰਾਂ ਤੋਂ ਪਿੰਡ ਪੱਧਰ ਤੱਕ ਲੋਕਾਂ ਦਾ ਸਹਿਯੋਗ ਲੈਣ ਲਈ ਸਹਿਕਾਰਤਾ ਲਹਿਰ ਨੂੰ ਪਹਿਲ ਦੇ ਆਧਾਰ 'ਤੇ ਦੇਸ਼ ਦੇ ਹਰ ਖੇਤਰ ਵਿੱਚ ਚਾਲੂ ਕਰਨ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਸਕੀਮਾਂ ਤਹਿਤ ਅਮਲ ਵਿੱਚ ਲਿਆ ਕੇ ਇਹ ਲਾਗੂ ਕਰ ਦਿੱਤੀਆਂ। ਇੰਝ ਦੇਸ਼ ਅੰਦਰ ਸਹਿਕਾਰਤਾ ਲਹਿਰ ਜ਼ੋਰ-ਸ਼ੋਰ ਨਾਲ ਚਾਲੂ ਕੀਤੀ ਗਈ ਅਤੇ ਥੋੜ੍ਹੇ ਸਮੇਂ ਵਿੱਚ ਹੀ ਸਾਰਾ ਦੇਸ਼ ਇਸ ਲਹਿਰ ਦੇ ਘੇਰੇ ਵਿੱਚ ਆ ਗਿਆ। ਇਸ ਤਰ੍ਹਾਂ ਇਹ ਸਾਂਝੀਵਾਲਤਾ ਦੀ ਲਹਿਰ ਸਾਰੇ ਦੇਸ਼ ਵਿਚ ਪੂਰੀ ਤਰ੍ਹਾਂ ਫੈਲ ਗਈ ਅਤੇ ਦੇਸ਼ ਦੀ 80 ਫੀਸਦੀ ਤੋਂ ਉਪਰ ਆਮ ਜਨਤਾ ਇਸ ਸਕੀਮ ਦੇ ਘੇਰੇ ਵਿੱਚ ਆ ਕੇ ਇਸ ਦੀਆਂ ਆਮ ਲੋਕਾਂ ਦੇ ਪੱਖ ਵਿੱਚ ਚੱਲਦੀਆਂ ਯੋਜਨਾਵਾਂ ਤੋਂ ਹਰ ਤਰ੍ਹਾਂ ਦੀ ਮਾਲੀ ਮਦਦ ਲੈ ਕੇ ਆਪਣੇ ਛੋਟੇ ਤੋਂ ਛੋਟੇ ਕਾਰੋਬਾਰ ਚਾਲੂ ਕਰਨ ਵਿੱਚ ਜੁਟ ਗਈ । ਇਸ ਲਹਿਰ ਨੇ ਆਪਣਾ ਦਾਇਰਾ ਏਨਾ ਵਿਸ਼ਾਲ ਕਰ ਲਿਆ ਕਿ ਹੌਲੀ-ਹੌਲੀ ਇਸ ਸਕੀਮ ਤਹਿਤ ਦੇਸ਼ ਅੰਦਰ ਨਵੀਂ ਕ੍ਰਾਂਤੀ ਦੀ ਇਕ ਲਹਿਰ ਜਿਹੀ ਨਜ਼ਰ ਆਉਣ ਲੱਗ ਪਈ। ਦੇਸ਼ ਅੰਦਰ ਇਸ ਲਹਿਰ ਦੇ ਘੇਰੇ ਵਿੱਚ ਬਹੁਤ ਸਾਰੇ ਵੱਡੇ-ਵੱਡੇ ਸਹਿਕਾਰੀ ਅਦਾਰੇ ਹੋਂਦ ਵਿੱਚ ਆਉਣੇ ਸ਼ੁਰੂ ਹੋ ਗਏ, ਜਿਵੇਂ ਕਿ ਮਾਰਕਫੈੱਡ, ਹਾਊਸਫੈੱਡ, ਵੇਅਰ ਹਾਊਸ, ਸਪਿੰਨ ਫੈੱਡ, ਸ਼ੂਕਰ ਫੈੱਡ ਅਤੇ ਹੋਰ ਬਹੁਤ ਸਾਰੇ ਅਦਾਰਿਆਂ ਨੇ ਇਸ ਲਹਿਰ ਦੇ ਤਹਿਤ ਆਪਣੇ ਕਾਰੋਬਾਰ ਵੱਡੀ ਪੱਧਰ 'ਤੇ ਸ਼ੁਰੂ ਕਰ ਦਿੱਤੇ। ਇਹ ਲਹਿਰ ਸ਼ਹਿਰਾਂ ਤੋਂ ਲੈ ਕੇ ਪਿੰਡ ਪੱਧਰ ਤੱਕ ਪੂਰੀ ਤਰ੍ਹਾਂ ਫੈਲ ਗਈ। ਕਿਸਾਨੀ ਖੇਤਰ ਵਿਚ ਹਰ ਵਰਗ ਦੇ ਕਿਸਾਨਾਂ ਦੀ ਮਦਦ ਕਰਨ ਵਿਚ ਇਸ ਲਹਿਰ ਦਾ ਬਹੁਤ ਵੱਡਾ ਯੋਗਦਾਨ ਹੈ, ਇਸ ਲਹਿਰ ਤਹਿਤ ਵੱਡੇ ਤੋਂ ਵੱਡੇ ਅਤੇ ਛੋਟੇ ਤੋਂ ਛੋਟੇ ਕਿਸਾਨ ਲਈ ਪੇਂਡੂ ਸਹਿਕਾਰੀ ਸੁਸਾਇਟੀਆਂ ਤੋਂ ਲੈ ਕੇ ਕੇਂਦਰੀ ਸਹਿਕਾਰੀ ਬੈਂਕਾਂ ਅਤੇ ਖੇਤੀਬਾੜੀ ਸਹਿਕਾਰੀ ਬੈਂਕਾਂ ਤੱਕ ਦੀਆਂ ਸਹੂਲਤਾਂ ਸ਼ੁਰੂ ਹੋ ਗਈਆਂ, ਜਿਨ੍ਹਾਂ ਨਾਲ ਹਰ ਦੇਸ਼ ਵਾਸੀ ਨੂੰ ਮਾਲੀ ਮਦਦ ਲੈ ਕੇ ਤਰੱਕੀ ਕਰਨ ਦਾ ਮੌਕਾ ਮਿਲਿਆ।


ਜੰਗੀਰ ਸਿੰਘ ਦਿਲਬਰ

ਜਦੋਂ ਸਾਰਾ ਦੇਸ਼ ਇਸ ਸਹਿਕਾਰਤਾ ਲਹਿਰ ਦੇ ਘੇਰੇ ਵਿਚ ਆ ਕੇ ਹਰ ਖੇਤਰ ਵਿਚ ਬੁਲੰਦੀਆਂ ਨੂੰ ਛੂਹ ਰਿਹਾ ਸੀ ਤਾਂ ਹੌਲੀ-ਹੌਲੀ ਇਸ ਲਹਿਰ ਨੂੰ ਇਕ ਸਾਜ਼ਿਸ਼ ਤਹਿਤ ਦੇਸ਼ ਦੇ ਕੁਝ ਲੀਡਰਾਂ ਅਤੇ ਸੀਨੀਅਰ ਅਫਸਰ ਜਮਾਤ ਨੇ ਇਸ ਲਹਿਰ ਦੇ ਉਡਾਰੀ ਭਰਨ ਵਾਲੇ ਖੰਭਾਂ ਨੂੰ ਹੌਲੀ-ਹੌਲੀ ਕੁਤਰਨਾ ਸ਼ੁਰੂ ਕਰ ਦਿੱਤਾ। ਇਸ ਲਹਿਰ ਦਾ ਪੂਰੀ ਤਰ੍ਹਾਂ ਮਲੀਆਮੇਟ ਕਰਕੇ ਭੋਗ ਪਾਉਣ ਅਤੇ ਆਪਣੇ ਚਹੇਤਿਆਂ ਨੂੰ ਨਿੱਜੀ ਲਾਭ ਦੇਣ ਲਈ ਇਸ ਦੇ ਹਰ ਅਦਾਰੇ ਵਿਚ ਸਰਕਾਰੀ ਦਖਲ ਦੇਣ ਲਈ ਆਪਣੇ ਚਹੇਤੇ ਸਰਕਾਰੀ ਅਫਸਰਾਂ ਦੀ ਹਰ ਦਫ਼ਤਰ ਵਿੱਚ ਹਰ ਪੋਸਟ 'ਤੇ ਤਇਨਾਤੀ ਕਰਕੇ ਸਾਰੇ ਸਹਿਕਾਰੀ ਅਦਾਰਿਆਂ ਦਾ ਕਾਰੋਬਾਰ ਆਪਣੇ ਅਧਿਕਾਰ ਖੇਤਰ ਵਿੱਚ ਲੈ ਕੇ ਇਸ ਲਹਿਰ ਦੇ ਅਧੀਨ ਕੰਮ ਕਰਨ ਵਾਲੇ ਹਰ ਅਦਾਰੇ ਨੂੰ ਘਾਟੇ ਵਿੱਚ ਵਿਖਾ ਕੇ ਦੀਵਾਲੀਆ ਸਾਬਤ ਕਰਕੇ ਨਿੱਜੀ ਹੱਥਾਂ ਵਿੱਚ ਕੌਡੀਆਂ ਦੇ ਭਾਅ ਵੇਚਣ ਦਾ ਪ੍ਰਬੰਧ ਕਰ ਦਿੱਤਾ।

ਦੇਸ਼ ਵਿੱਚ ਖਾਸ ਕਰਕੇ ਪੰਜਾਬ ਵਿੱਚ ਸਹਿਕਾਰਤਾ ਲਹਿਰ ਨੂੰ ਖਤਮ ਕਰਨ ਲਈ ਸੂਬਿਆਂ ਦੀਆਂ ਸਰਕਾਰਾਂ ਨੇ ਇਸ ਦੇ ਅਸਲੀ ਵਾਰਸ ਭਾਵ ਇਸ ਦੇ ਮੁਲਾਜ਼ਮਾਂ ਨੂੰ ਨੁੱਕਰੇ ਲਾ ਕੇ ਇਸ ਲਹਿਰ ਤਹਿਤ ਕੰਮ ਕਰ ਰਹੇ ਸਾਰੇ ਅਦਾਰਿਆਂ ਨੂੰ ਘਾਟੇ ਵਿਚ ਵਿਖਾ ਕੇ ਇਨ੍ਹਾਂ ਦੇ ਕੰਮ-ਕਾਰ ਦੀ ਦੇਖ-ਭਾਲ ਕਰਨ ਲਈ ਹਰ ਖੇਤਰ ਵਿੱਚ ਆਪਣੇ ਚਹੇਤਿਆਂ ਦੇ ਅਮਲੇ-ਫੈਲੇ ਨੂੰ ਬਤੌਰ ਪ੍ਰਬੰਧਕ ਜਾਂ ਪ੍ਰਕਾਸ਼ਕ ਨਿਯੁਕਤ ਕਰਕੇ ਹੌਲੀ-ਹੌਲੀ ਇਹਨਾਂ ਦੇ ਕਾਰੋਬਾਰ ਨੂੰ ਨਿਘਾਰ ਵੱਲ ਤੋਰ ਕੇ ਇਹਨਾਂ ਦਾ ਪੱਕੇ ਤੌਰ 'ਤੇ ਭੋਗ ਪਾਉਣ ਦਾ ਪ੍ਰਬੰਧ ਕਰਨ ਦੀਆਂ ਕਾਰਵਾਈਆਂ ਸ਼ੁਰੂ ਕਰਕੇ ਅਖੀਰ ਆਪਣੇ ਵੱਡੇ-ਵੱਡੇ ਚਹੇਤੇ ਵਪਾਰਕ ਘਰਾਣਿਆਂ ਜਾਂ ਕਾਰਪੋਰੇਟਰਾਂ ਨੂੰ ਅੰਦਰਖਾਤੇ ਕੌਡੀਆਂ ਦੇ ਭਾਅ ਵੇਚ ਕੇ ਉਹਨਾਂ ਦੀ ਹੋਂਦ ਹੀ ਖਤਮ ਕਰ ਦਿੱਤੀ। ਦੇਸ਼ ਦੇ ਅਤੇ ਸੂਬਿਆਂ ਦੀਆਂ ਸਰਕਾਰਾਂ ਦੇ ਨਾਲ-ਨਾਲ ਦੇਸ਼ ਦੇ ਆਮ ਵਰਗਾਂ ਅਤੇ ਖਾਸ ਕਰਕੇ ਛੋਟੇ ਕਿਸਾਨਾਂ-ਮਜ਼ਦੂਰਾਂ ਲਈ ਇੰਝ ਇਹਨਾਂ ਅਦਾਰਿਆਂ ਦਾ ਪੂਰਨ ਤੌਰ 'ਤੇ ਹੀ ਬੰਦ ਹੋਣਾ ਬਹੁਤ ਹੀ ਮੰਦਭਾਗੀ ਘਟਨਾ ਹੈ। ਇਹਨਾਂ ਸਹਿਕਾਰੀ ਅਦਾਰਿਆਂ ਦਾ ਖ਼ਾਤਮਾ ਅਤੇ ਸਹਿਕਾਰਤਾ ਲਹਿਰ ਦੇ ਰਸਤੇ ਵਿੱਚ ਆਈ ਰੁਕਾਵਟ ਦੀ ਜ਼ਿੰਮੇਵਾਰ ਇਕੱਲੀਆਂ ਸੂਬਿਆਂ ਦੀਆਂ ਸਰਕਾਰਾਂ ਜਾਂ ਕੇਂਦਰੀ ਸਰਕਾਰ ਹੀ ਨਹੀਂ, ਇਸ ਦੇ ਪਿੱਛੇ ਦੇਸ਼ ਦੀ ਅਫਸਰਸ਼ਾਹੀ, ਕਾਰਪੋਰੇਟ ਘਰਾਣੇ, ਵੱਡੇ-ਵੱਡੇ ਵਪਾਰਕ ਘਰਾਣੇ, ਦੇਸ਼ ਦੇ 95 ਫੀਸਦੀ ਲੀਡਰ ਅਤੇ ਦੇਸ਼ ਦੇ 90 ਫੀਸਦੀ ਵੱਡੇ-ਵੱਡੇ ਕਿਸਾਨ ਪਰਵਾਰ, ਵੱਡੇ ਕਿਸਾਨਾਂ ਦੇ ਪਿੱਛੇ ਲੱਗ ਛੋਟੇ ਕਿਸਾਨ ਵੀ ਹਨ। ਪਿੰਡਾਂ ਦੇ ਵੱਡੇ-ਵੱਡੇ ਕਿਸਾਨਾਂ ਨੇ ਰੀਸੋ-ਰੀਸ ਕੇਂਦਰੀ ਸਹਿਕਾਰੀ ਬੈਂਕਾਂ, ਸਹਿਕਾਰੀ ਸੁਸਾਇਟੀਆਂ ਅਤੇ ਸਹਿਕਾਰੀ ਖੇਤੀਬਾੜੀ ਬੈਂਕਾਂ ਤੋਂ ਦਿਲ ਖੋਲ੍ਹ ਕੇ ਲੋਨ ਦੇ ਰੂਪ ਵਿੱਚ ਵੱਖ-ਵੱਖ ਸਕੀਮਾਂ ਤਹਿਤ ਪੈਸਾ ਚੁੱਕ ਲਿਆ, ਕੁਝ ਵੱਡੇ ਕਿਸਾਨਾਂ ਨੇ ਤਾਂ ਬੈਂਕਾਂ ਤੋਂ ਸਕੀਮਾਂ ਤਹਿਤ ਪੈਸਾ ਚੁੱਕ ਕੇ ਜਿਸ ਮਕਸਦ ਲਈ ਪੈਸਾ ਲਿਆ ਸੀ, ਉਸ ਮਤਲਬ ਲਈ ਪੈਸਾ ਵਰਤਣ ਦੀ ਬਜਾਏ ਪੈਸਾ ਛੋਟੇ ਕਿਸਾਨਾਂ ਦੀਆਂ ਨਾਲ ਲੱਗਦੀਆਂ ਜ਼ਮੀਨਾਂ ਖਰੀਦ ਲਈਆਂ, ਮਹਿੰਗੀਆਂ ਕਾਰਾਂ, ਮਹਿੰਗੀ ਖੇਤੀ ਮਸ਼ੀਨਰੀ ਜਾਂ ਲੱਖਾਂ ਰੁਪਏ ਖਰਚ ਕਰਕੇ ਬੱਚੇ ਵਿਦੇਸ਼ਾਂ ਵਿੱਚ ਭੇਜਣ ਦੇ ਨਾਲ-ਨਾਲ ਫੋਕੀ ਸ਼ੋਹਰਤ ਖੱਟਣ ਲਈ ਛੱਤਾਂ 'ਤੇ ਪਾਣੀ ਵਾਲੀਆਂ ਦੀ ਸ਼ਕਲ ਕਾਰਾਂ ਵਾਲੀਆਂ ਵੱਡੀਆਂ ਕੋਠੀਆਂ ਪਾ ਲਈਆਂ। ਜਦੋਂ ਜਿਸ ਮਕਸਦ ਲਈ ਪੈਸਾ ਲਿਆ ਸੀ, ਉਸ ਮਤਲਬ ਲਈ ਪੈਸਾ ਵਰਤਿਆ ਹੀ ਨਹੀਂ ਤਾਂ ਬੈਂਕਾਂ ਦੀਆਂ ਕਿਸ਼ਤਾਂ ਕਿਵੇਂ ਵਾਪਸ ਹੋਣਗੀਆਂ।

ਉਸ ਤੋਂ ਬਾਅਦ ਤਾਂ ਇੰਝ ਹੋਇਆ, ਜਿਵੇਂ ਟਿੰਡਾਂ ਵਾਲੇ ਖੂਹ ਖੜੇ ਹੋਣ ਤੋਂ ਬਾਅਦ ਟਿੰਡਾਂ ਦੇ ਪਾਣੀ ਵਾਲੇ ਚੁਣ ਕੇ ਖਾਲੀ ਹੋ ਗਏ। ਖਾਲੇ ਸੁੱਕ ਗਏ, ਪਾਣੀ ਬਿਨਾਂ ਫ਼ਸਲਾਂ ਬਰਬਾਦ ਹੋ ਗਈਆਂ, ਭਾਵ ਕਿਸਾਨਾਂ ਨੇ ਬੈਂਕ ਤੋਂ ਪੈਸੇ ਲੈ ਕੇ ਬੈਂਕ ਦੇ ਪੈਸੇ ਵਾਪਸ ਨਹੀਂ ਕੀਤੇ। ਬਿਨਾਂ ਪੈਸਾ ਵਾਪਸੀ ਤਾਂ ਟਿੰਡਾਂ ਵਾਲੀ ਗਲ ਹੋਈ ਖੂਹ ਖੜ੍ਹ ਗਿਆ ਟਿੰਡਾਂ ਖਾਲੀ ਹੋ ਗਈਆਂ। ਸਹਿਕਾਰਤਾ ਲਹਿਰ ਦੀਆਂ ਸਾਖ਼ਾਂ ਵੀ ਕੁੰਬਲਾ ਗਈਆਂ ਭਾਵ ਸਾਰੇ ਸਹਿਕਾਰੀ ਅਦਾਰੇ ਬਰਬਾਦੀ ਵਲ ਤੁਰ ਪਏ ਅਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਵਧ ਗਈਆਂ ਕਿਉਂਕਿ ਉਹ ਛੋਟੀਆਂ ਛੋਟੀਆਂ ਮਾਲੀ ਸਹੂਲਤਾਂ ਤੋਂ ਵਾਂਝੇ ਹੋ ਗਏ।

ਇੰਝ ਕਿਸਾਨ ਬੈਂਕਾਂ ਦੇ ਡਿਫਾਲਟਰ ਹੋ ਗਏ। ਅਖੀਰ ਕੱਚੇ ਮੋਰਚੇ, ਪੱਕੇ ਮੋਰਚਿਆਂ ਦੇ ਰੂਪ ਵਿੱਚ ਕਿਸਾਨਾਂ ਨੇ ਬੈਂਕਾਂ ਦੇ ਸਾਰੇ ਕਰਜ਼ੇ ਮਾਫ਼ੀ ਲਈ ਜਥੇਬੰਦੀਆਂ ਦੇ ਰੂਪ ਵਿੱਚ ਸੰਘਰਸ਼ ਸ਼ੁਰੂ ਕਰ ਦਿੱਤੇ। ਜਿਨ੍ਹਾਂ ਨੇ ਸਾਰਾ ਦੇਸ਼ ਆਪਣੀ ਲਪੇਟ ਵਿੱਚ ਲੈ ਲਿਆ। ਇੰਝ ਇਹਨਾਂ ਜਥੇਬੰਦੀਆਂ ਨੇ ਦੇਸ਼ ਅਤੇ ਸੂਬਿਆਂ ਅੰਦਰ ਹੜਤਾਲ਼ਾਂ ਦਾ ਐਸਾ ਦੌਰ ਸ਼ੁਰੂ ਕੀਤਾ, ਜਿਸ ਨਾਲ ਸਾਰੇ ਦੇਸ਼ ਦੇ ਦਫ਼ਤਰੀ ਕਾਰੋਬਾਰ ਬੰਦ ਹੋ ਗਏ। ਕਿਸੇ ਲੋੜਵੰਦ ਦਾ ਕੋਈ ਵੀ ਸਹੀ ਕੰਮ ਸਮੇਂ ਸਿਰ ਨਹੀਂ ਹੋ ਰਿਹਾ। ਲੋਕਾਂ ਦੇ ਕੰਮ ਬੰਦ ਹੋਣ ਦੇ ਨਾਲ-ਨਾਲ ਆਉਣ-ਜਾਣ ਵਿੱਚ ਰੁਕਾਵਟਾਂ ਤੋਂ ਇਲਾਵਾ ਦੇਸ਼ ਦੇ ਕਿਸਾਨਾਂ ਦਾ ਕੀਮਤੀ ਸਮਾਂ ਅਤੇ ਕਰੋੜਾਂ ਰੁਪਏ ਦਾ ਪੈਟਰੋਲ-ਡੀਜ਼ਲ ਅਤੇ ਮਸ਼ੀਨਰੀ ਦੀ ਭੰਨਤੋੜ ਘਸਾਈ ਵੀ ਲੱਖਾਂ ਦੇ ਰੂਪ ਵਿੱਚ ਹਰ ਹੜਤਾਲ਼ ਵਿੱਚ ਹੋ ਜਾਂਦੀ ਹੈ। ਇਸ ਤੋਂ ਇਲਾਵਾ ਇਹ ਸਹਿਕਾਰੀ ਅਦਾਰੇ ਬੰਦ ਹੋਣ ਨਾਲ ਆਮ ਲੋਕਾਂ ਅਤੇ ਛੋਟੇ ਕਿਸਾਨਾਂ ਦੀਆਂ ਛੋਟੀਆਂ-ਛੋਟੀਆਂ ਪੈਸੇ ਦੀਆਂ ਲੋੜਾਂ ਖਤਮ ਹੋਣ ਦੇ ਨਾਲ-ਨਾਲ ਲੱਖਾਂ ਪੇਂਡੂ ਮੁਲਾਜ਼ਮਾਂ ਦੀਆਂ ਨੌਕਰੀਆਂ ਚਲੀਆਂ ਗਈਆਂ, ਜਿਸ ਨਾਲ ਉਹਨਾਂ ਦੇ ਚੁੱਲ੍ਹਿਆਂ ਦੀ ਅੱਗ ਠੰਢੀ ਹੋਣ ਨਾਲ ਉਹਨਾਂ ਦੇ ਬੱਚੇ ਭੁੱਖੇ ਪੇਟ ਵਿਲਕ ਰਹੇ ਹਨ। ਇੰਝ ਹੋਣਾ ਦੇਸ਼ ਲਈ, ਕਿਸਾਨਾਂ ਲਈ, ਆਮ ਜਨਤਾ ਲਈ ਅਤੇ ਦੇਸ਼ ਦੀ ਸਾਰੀ ਸਹਿਕਾਰਤਾ ਲਹਿਰ ਲਈ ਬਹੁਤ ਹੀ ਮੰਦਭਾਗੀ ਗੱਲ ਹੈ। ਇਸ ਨੂੰ ਰੋਕਣ ਲਈ ਕੇਂਦਰੀ ਸਰਕਾਰ, ਸੂਬਿਆਂ ਦੀਆਂ ਸਰਕਾਰਾਂ ਅਤੇ ਦੇਸ਼ ਦੀਆਂ ਸਾਰੀਆਂ ਹੀ ਜਥੇਬੰਦੀਆਂ ਨੂੰ ਸਹੀ ਸੋਚ ਨਾਲ ਇਕ-ਜੁਟ ਹੋ ਕੇ ਇਸ ਦਾ ਕੋਈ ਪੱਕਾ ਹੱਲ ਲੱਭਣਾ ਚਾਹੀਦਾ ਹੈ। ਇਸੇ ਵਿੱਚ ਹੀ ਗਰੀਬ ਜਨਤਾ ਦੀ, ਸਾਰੇ ਕਿਸਾਨਾਂ ਦੀ ਅਤੇ ਦੇਸ਼ ਦੀ ਭਲਾਈ ਹੈ। ਨਹੀਂ ਤਾਂ ਇਸ ਦੇਸ਼ ਦੀ ਸਹਿਕਾਰਤਾ ਲਹਿਰ ਅਤੇ ਦੀ ਨੌਜਵਾਨ ਪੀੜ੍ਹੀ ਦਾ ਰੱਬ ਹੀ ਰਾਖਾ ਹੈ।

# ਸੰਪਰਕ : 98770-33838

## ਉਲੰਪਿਕ ਵਿਵਾਦਾਂ ਦੇ ਸੰਦਰਭ 'ਚ

# ਖਿਡਾਰੀਆਂ 'ਚ ਪੈਦਾ ਹੋਈ ਨਿਰਾਸ਼ਤਾ ਨੂੰ ਕਮੇਟੀ ਕਿਵੇਂ ਦੂਰ ਕਰੇਗੀ?

ਉਲੰਪਿਕ ਖੇਡਾਂ ਸੰਸਾਰ ਪੱਧਰ ਦਾ ਵੱਡਾ ਟੂਰਨਾਮੈਂਟ ਹੁੰਦਾ ਹੈ, ਜਿਸ ਵਿੱਚ ਦੁਨੀਆ ਭਰ ਦੇ ਸਰਵ ਸ਼੍ਰੇਸ਼ਟ ਖਿਡਾਰੀ ਤੇ ਅਥਲੀਟ ਭਾਗ ਲੈਂਦੇ ਹਨ। ਇਸ ਵਰ੍ਹੇ ਹੋਈਆਂ ਇਹਨਾਂ ਖੇਡਾਂ ਦੌਰਾਨ ਛਿੜੇ ਵਿਵਾਦਾਂ ਨੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵਿੱਚ ਨਿਰਾਸ਼ਤਾ ਪੈਦਾ ਕਰ ਦਿੱਤੀ ਹੈ। ਇਹ ਖੇਡਾਂ ਦਾ ਸੰਚਾਲਨ ਕਰਨ ਵਾਲੀ ਸੰਸਥਾ ਅੰਤਰਰਾਸ਼ਟਰੀ ਉਲੰਪਿਕ ਕਮੇਟੀ 'ਤੇ ਵੀ ਕਈ ਸੁਆਲ ਖੜੇ ਹੋ ਗਏ ਹਨ, ਹੁਣ ਇਹ ਸੰਸਥਾ ਕਿਵੇਂ ਆਪਣਾ ਵਿਸ਼ਵਾਸ ਮੁੜ ਹਾਸਲ ਕਰੇਗੀ? ਇਹ ਵੀ ਵੱਡਾ ਸੁਆਲ ਹੈ।

ਅੰਤਰਰਾਸ਼ਟਰੀ ਉਲੰਪਿਕ ਕਮੇਟੀ ਇੱਕ ਫਰਾਂਸੀਸੀ ਸੰਮਤੀ ਹੈ, ਜਿਸ ਦਾ ਮੁੱਖ ਦਫ਼ਤਰ ਸਵਿਟਜ਼ਰਲੈਂਡ ਦੇ ਸ਼ਹਿਰ ਲੁਸਾਨੇ ਵਿੱਚ ਸਥਿਤ ਹੈ। ਇਸ ਵਿੱਚ ਦੁਨੀਆ ਭਰ 'ਚੋਂ 205 ਰਾਸ਼ਟਰ ਪੱਧਰ ਦੀਆਂ ਉਲੰਪਿਕ ਕਮੇਟੀਆਂ ਸ਼ਾਮਲ ਹਨ। ਹਰ ਚਾਰ ਸਾਲ ਬਾਅਦ ਇਹ ਕਮੇਟੀ ਵੱਖ-ਵੱਖ ਦੇਸ਼ਾਂ ਵਿੱਚ ਖੇਡਾਂ ਕਰਵਾਉਂਦੀ ਹੈ। ਇਸ ਕਮੇਟੀ ਦਾ ਮੌਜੂਦਾ ਪ੍ਰਮੁੱਖ ਪ੍ਰਧਾਨ ਜੈਕਸ ਰੋਗੇ ਹੈ, ਜੋ ਬੈਲਜੀਅਮ ਦਾ ਨਾਗਰਿਕ ਹੈ। ਇਸ ਤੋਂ ਇਲਾਕਾ ਪ੍ਰਧਾਨਾਂ ਵਿੱਚ ਜਰਮਨੀ ਦਾ ਥਾਮਸ ਬਾਕ, ਚੀਨ ਦਾ ਯੂ ਜੈਕਿੰਗ ਅਤੇ ਸਪੇਨ ਦੇ ਯੂਆਂਨ ਇਟੈਨਿਓ ਤੇ ਸਮਰੰਚ ਸੈਲਿਸਿਜ ਹਨ। ਇੱਥੇ ਇਹ ਵੀ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਖੇਡਾਂ ਦਾ ਇਤਿਹਾਸ ਭਾਵੇਂ ਤਿੰਨ ਹਜ਼ਾਰ ਸਾਲ ਪੁਰਾਣਾ ਹੈ ਅਤੇ ਦੁਨੀਆ ਭਰ ਵਿੱਚ ਸੈਂਕੜੇ ਕਿਸਮ ਦੀਆਂ ਖੇਡਾਂ ਖੇਡੀਆਂ ਜਾਂਦੀਆਂ ਹਨ, ਪਰ ਉਲੰਪਿਕ ਵਿੱਚ 32 ਕਿਸਮ ਦੀਆਂ ਖੇਡਾਂ ਨੂੰ ਪ੍ਰਵਾਨਗੀ ਮਿਲੀ ਹੋਈ ਹੈ। ਇਸੇ ਵਰ੍ਹੇ 26 ਜੁਲਾਈ ਤੋਂ 11 ਅਗਸਤ ਤੱਕ ਇਹ ਉਲੰਪਿਕ ਖੇਡਾਂ ਫਰਾਂਸ ਦੇ ਸ਼ਹਿਰ ਪੈਰਿਸ ਵਿੱਚ ਹੋਈਆਂ ਸਨ, ਜਿਹਨਾਂ ਵਿੱਚ ਭਾਰਤ ਦੇ ਖਿਡਾਰੀਆਂ ਨੇ ਚੰਗਾ ਪ੍ਰਦਰਸ਼ਨ ਕਰਦਿਆਂ 6 ਤਮਗੇ ਹਾਸਲ ਕੀਤੇ ਸਨ।

ਇਹਨਾਂ ਖੇਡਾਂ ਵਿੱਚ ਪਹਿਲਾ ਵਿਵਾਦ ਭਾਰਤ ਦੀ ਖਿਡਾਰਨ ਵਿਨੇਸ਼ ਫੋਗਾਟ ਦੀ ਕੁਸ਼ਤੀ ਨੂੰ ਲੈ ਕੇ ਛਿੜਿਆ ਸੀ। ਵਿਨੇਸ਼ ਕਈ ਸਾਲਾਂ ਦੀ ਮਿਹਨਤ ਸਦਕਾ ਏਸ਼ੀਆਈ ਤੇ ਰਾਸ਼ਟਰਮੰਡਲ ਖੇਡਾਂ ਵਿੱਚ ਸੋਨੇ ਦੇ ਤਮਗੇ ਜਿੱਤਣ ਉਪਰੰਤ ਉਲੰਪਿਕ ਲਈ ਚੁਣੀ ਗਈ ਸੀ। ਉਸ ਨੇ 50 ਕਿਲੋਗ੍ਰਾਮ ਕੁਸ਼ਤੀ ਮੁਕਾਬਲੇ ਵਿੱਚ ਭਾਗ ਲਿਆ। ਉਸ ਨੂੰ ਕਿਹਾ ਗਿਆ ਕਿ ਉਸ ਦਾ ਭਾਰ ਇੱਕ ਸੌ ਗਰਾਮ ਵੱਧ ਹੈ, ਉਸ ਨੇ ਰਾਤ ਭਰ ਭਾਰ ਘਟਾਉਣ ਲਈ ਮਿਹਨਤ ਵੀ ਕੀਤੀ। ਭਾਰ ਘੱਟ ਹੋਇਆ ਜਾਂ ਨਾ, ਪਰ ਉਲੰਪਿਕ


ਬਲਵਿੰਦਰ ਸਿੰਘ ਭੁੱਲਰ

ਕਮੇਟੀ ਨੇ ਉਸ ਨੂੰ ਕੁਸ਼ਤੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਸੈਮੀਫਾਈਨਲ ਵਿੱਚ ਉਸ ਨੇ ਕਿਊਬਾ ਦੀ ਪਹਿਲਵਾਨ ਵਾਈ ਗੁਜਮੈਨ ਲੋਪੇਜ਼ ਨੂੰ ਹਰਾਇਆ, ਪਰ ਫੇਰ ਫਾਈਨਲ ਮੈਚ ਖੇਡਣ ਲਈ ਕਮੇਟੀ ਨੇ ਲੋਪੇਜ਼ ਨੂੰ ਮੈਦਾਨ ਵਿੱਚ ਉਤਾਰ ਕੇ ਅਮਰੀਕਾ ਦੀ ਸਾਰਾ ਐਨ ਇਲਡਰਬ੍ਰਾਂਟ ਨਾਲ ਕੁਸ਼ਤੀ ਕਰਵਾਈ। ਇਸ ਮੁਕਾਬਲੇ ਵਿੱਚ ਹਿਲਡਰਬ੍ਰਾਂਟ ਨੂੰ ਜਿੱਤ ਪ੍ਰਾਪਤ ਹੋ ਗਈ ਤੇ ਸੋਨੇ ਦਾ ਤਮਗਾ ਉਸ ਨੇ ਹਾਸਲ ਕੀਤਾ। ਜੇਕਰ ਵਿਨੇਸ਼ ਦੀ ਕੁਸਤੀ ਕਰਵਾਈ ਜਾਂਦੀ ਤਾਂ ਉਹ ਸੋਨੇ ਦਾ ਤਗਮਾ ਅਵੱਸ਼ ਜਿੱਤ ਲੈਂਦੀ ਅਤੇ ਭਾਰਤ ਦੇ ਤਮਗਿਆਂ ਦੀ ਗਿਣਤੀ 7 ਹੋ ਸਕਦੀ ਸੀ।

ਇਸ ਤੋਂ ਬਾਅਦ ਇਹ ਮੁੱਦਾ ਪੂਰਾ ਭਖਿਆ ਰਿਹਾ ਕਿ ਜੇਕਰ ਵਿਨੇਸ਼ ਦਾ ਭਾਰ ਸੌ ਗਰਾਮ ਵੱਧ ਸੀ ਤਾਂ ਉਸ ਨੂੰ ਪਹਿਲਾਂ ਕੁਸ਼ਤੀ ਕਰਨ ਦੀ ਪ੍ਰਵਾਨਗੀ ਹੀ ਕਿਉਂ ਦਿੱਤੀ ਗਈ। ਜੇਕਰ ਭਾਰ ਸਹੀ ਸੀ ਤਾਂ ਜਿੱਤਣ ਤੋਂ ਬਾਅਦ ਅਜਿਹਾ ਦੋਸ਼ ਕਿਉਂ ਲਾਇਆ ਗਿਆ। ਇਸ ਤੋਂ ਸਪੱਸ਼ਟ ਹੁੰਦਾ ਸੀ ਕਿ ਵਿਨੇਸ਼ ਨਾਲ ਧੋਖਾ ਕੀਤਾ ਗਿਆ ਹੈ। ਇਸ ਧੋਖੇ ਸਦਕਾ ਭਾਰਤ ਦੇ ਹਿਰਦੇ ਵਲੂੰਧਰੇ ਗਏ ਅਤੇ ਦੇਸ਼ ਦੀ ਸੰਸਦ ਵਿੱਚ ਵੀ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਗਿਆ। ਇੱਥੇ ਹੀ ਬੱਸ ਨਹੀਂ, ਦੁਨੀਆ ਭਰ ਦੇ ਖਿਡਾਰੀਆਂ ਤੇ ਖੇਡ ਪ੍ਰੇਮੀਆਂ ਵਿੱਚ ਨਿਰਾਸ਼ਤਾ ਫੈਲ ਗਈ ਅਤੇ ਉਹਨਾਂ ਗੁੱਸਾ ਵੀ ਪ੍ਰਗਟ ਕੀਤਾ। ਸੰਸਾਰਕ ਸੰਸਥਾ ਯੂਨਾਈਟਿਡ ਵਰਲਡ ਰੈਸਲਿੰਗ ਦੇ ਨਿਯਮਾਂ ਮੁਤਾਬਕ ਜੇ ਕੁਝ ਗਰਾਮ ਭਾਰ ਵਧ ਹੋਵੇ ਤਾਂ ਉਹ ਵਰਜਿਸ਼ ਕਰਕੇ, ਭੱਜ ਕੇ ਜਾਂ ਸਾਈਕਲ ਚਲਾ ਕੇ ਭਾਰ ਘਟਾ ਕੇ ਦੁਬਾਰਾ ਤੁਲਾਈ ਕੀਤੀ ਜਾ ਸਕਦੀ ਹੈ, ਪਰ ਵਿਨੇਸ਼ ਦੇ ਮਾਮਲੇ ਵਿੱਚ ਪਹਿਲਾਂ ਵਾਲੀ ਤੁਲਾਈ ਨੂੰ ਆਧਾਰ ਬਣਾਇਆ ਗਿਆ। ਇਹ ਖੁਸ਼ੀ ਦਾ ਗੱਲ ਸੀ ਕਿ ਭਾਵੇਂ ਉਸ ਨੂੰ ਕੁਸ਼ਤੀ ਮੁਕਾਬਲੇ ਤੋਂ ਦੂਰ ਕਰ ਦਿੱਤਾ ਗਿਆ, ਪਰ ਭਾਰਤੀ ਲੋਕਾਂ ਨੇ ਉਸ ਨੂੰ ਉਲੰਪਿਕ ਜੇਤੂ ਖਿਡਾਰੀਆਂ ਵਾਲਾ ਮਾਣ-ਸਨਮਾਨ ਦਿੱਤਾ, ਹਰਿਆਣਾ ਸਰਕਾਰ ਨੇ ਜੇਤੂ ਖਿਡਾਰੀ ਵਾਲੀਆਂ ਸਹੂਲਤਾਂ ਦਿੱਤੀਆਂ ।

ਦੂਜਾ ਮਾਮਲਾ ਅਲਜੀਰੀਆ ਦਾ ਇਮਾਨ ਖ਼ਲੀਫਾ ਅਤੇ ਤਾਈਵਾਨ ਦੀ ਲਿਨ ਯੂ ਚਿੰਗ ਨਾਲ ਸੰਬੰਧਤ ਲਿੰਗ ਯੋਗਤਾ ਵਿਵਾਦ ਦਾ ਹੈ। 2023 ਵਿੱਚ ਭਾਰਤ ਵਿਖੇ ਹੋਈ ਵਿਸ਼ਵ ਚੈਂਪੀਅਨਸ਼ਿਪ ਸਮੇਂ ਅੰਤਰਰਾਸ਼ਟਰੀ ਸੰਘ ਨੇ ਇਹਨਾਂ ਦੋਵਾਂ ਖਿਡਾਰਨਾਂ ਨੂੰ ਮਹਿਲਾ ਵਰਗ ਵਿੱਚ ਖੇਡਣ ਤੋਂ ਅਯੋਗ ਕਰਾਰ ਦੇ ਦਿੱਤਾ ਸੀ। ਸੰਘ ਨੇ ਮੰਨਿਆ ਸੀ ਇਹਨਾਂ ਦੇ ਸਰੀਰ ਵਿੱਚ ਮਰਦਾਂ ਵਾਲੇ ਅੰਸ਼ ਹਨ, ਜਿਸ ਕਰਕੇ ਇਹਨਾਂ ਨੂੰ ਔਰਤ ਵਰਗ ਵਿੱਚ ਖੇਡਣ ਤੋਂ ਰੋਕਿਆ ਜਾਂਦਾ ਹੈ, ਪਰ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਨੇ ਉਪਰੋਕਤ ਸੰਘ 'ਤੇ ਪਾਬੰਦੀ ਲਗਾ ਦਿੱਤੀ ਸੀ। ਉਸ ਤੋਂ ਬਾਅਦ ਉਲੰਪਿਕ ਕਮੇਟੀ ਨੇ ਇਮਾਨ ਖ਼ਲੀਫਾ ਨੂੰ ਔਰਤ ਵਰਗ ਵਿੱਚ ਖੇਡਣ ਦੀ ਪ੍ਰਵਾਨਗੀ ਦੇ ਦਿੱਤੀ। ਇਸ ਮੌਕੇ ਕਮੇਟੀ ਦੇ ਪ੍ਰਧਾਨ ਬਾਕ ਨੇ ਕਿਹਾ ਕਿ ਇਹਨਾਂ ਦੋ ਮਹਿਲਾਵਾਂ ਦੇ ਲਿੰਗ ਆਧਾਰਤ ਟੈਸਟ ਗੈਰ-ਪ੍ਰਮਾਣਿਤ ਹਨ, ਉਹਨਾਂ ਕੋਲ ਔਰਤਾਂ ਦੇ ਰੂਪ ਵਿੱਚ ਪਾਸਪੋਰਟ ਹਨ ਅਤੇ ਕਈ ਸਾਲਾਂ ਤੋਂ ਔਰਤ ਵਰਗ ਵਿੱਚ ਖੇਡ ਰਹੀਆਂ ਹਨ ਅਤੇ ਉਹਨਾਂ 2021 ਵਿੱਚ ਟੋਕੀਓ ਉਲੰਪਿਕ ਵਿੱਚ ਵੀ ਮੁਕਾਬਲਾ ਕੀਤਾ ਸੀ।

ਕਮੇਟੀ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਇਮਾਨ ਖ਼ਲੀਫਾ ਨੇ 2024 ਉਲੰਪਿਕ ਵਿੱਚ ਕੁਸ਼ਤੀ ਮੁਕਾਬਲਾ ਕਰਦਿਆਂ ਇਟਲੀ ਦੀ ਐਂਜੇਲਾ ਕੈਰੀਨੀ ਨੂੰ 46 ਸੈਕਿੰਟਾਂ ਵਿੱਚ ਹੀ ਹਰਾ ਦਿੱਤਾ। ਉਸ ਨੇ ਕੈਰੀਨੀ ਦੇ ਨੱਕ 'ਤੇ ਮੁੱਕੀ ਨਾਲ ਅਜਿਹਾ ਵਾਰ ਕੀਤਾ ਕਿ ਉਹ ਮੁਕਾਬਲਾ ਹੀ ਛੱਡ ਗਈ। ਇਟਲੀ ਵੱਲੋਂ ਇਮਾਨ ਖ਼ਲੀਫਾ ਵਿਰੁੱਧ ਮਰਦਾਂ ਵਾਲੇ ਅੰਸ਼ ਹੋਣ ਦਾ ਦੋਸ਼ ਲਾਇਆ ਗਿਆ। ਉਸ ਸਮੇਂ ਇਹ ਵਿਵਾਦ ਦੁਨੀਆ ਭਰ ਵਿੱਚ ਚਰਚਾ ਦਾ ਵਿਸ਼ਾ ਬਣਿਆ। ਕਈ ਮਹੀਨੇ ਲੰਘ ਜਾਣ ਉਪਰੰਤ ਹੁਣ ਫਰਾਂਸ ਵਿੱਚ ਪ੍ਰਕਾਸ਼ਤ ਕੀਤੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ 25 ਸਾਲਾ ਇਮਾਨ ਖ਼ਲੀਫਾ ਵਿੱਚ ਪੁਰਸ਼ ਕ੍ਰੋਮੋਸੋਮ ਹਨ। ਹੁਣ ਸੁਆਲ ਉਠਦਾ ਹੈ ਕਿ ਜਦੋਂ ਖ਼ਲੀਫਾ ਨੂੰ ਅੰਤਰਰਾਸ਼ਟਰੀ ਸੰਘ ਵੱਲੋਂ ਇਹ ਕਹਿੰਦਿਆਂ ਖੇਡਣ ਤੋਂ ਰੋਕਿਆ ਗਿਆ ਸੀ, ਫੇਰ ਉਲੰਪਿਕ ਕਮੇਟੀ ਨੇ ਉਸ ਨੂੰ ਪ੍ਰਵਾਨਗੀ ਕਿਉਂ ਦਿੱਤੀ? ਜੇ ਉਸ ਦਾ ਟੈਸਟ ਕਰਵਾਉਣਾ ਸੀ ਤਾਂ ਖੇਡਣ ਤੋਂ ਪਹਿਲਾਂ ਕਰਵਾਉਣਾ ਚਾਹੀਦਾ ਸੀ ਅਤੇ ਰਿਪੋਰਟ ਆਉਣ 'ਤੇ ਖੇਡਣ ਦਾ ਫੈਸਲਾ ਕਰਨਾ ਚਾਹੀਦਾ ਸੀ।

ਦੋਵਾਂ ਮਾਮਲਿਆਂ ਨੂੰ ਵਾਚਿਆ ਜਾਵੇ ਤਾਂ ਇਹ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦੀ ਵੱਡੀ ਅਣਗਹਿਲੀ ਹੈ ਜਾਂ ਪੱਖਪਾਤੀ ਰਵੱਈਏ ਦੀ ਝਲਕ ਮਿਲਦੀ ਹੈ। ਕਮੇਟੀ ਦੇ ਫੈਸਲੇ ਸਦਕਾ ਹੀ ਭਾਰਤ ਦੀ ਵਿਨੇਸ਼ ਫੋਗਾਟ ਦਾ ਸੋਨ ਤਗਮਾ ਖੁੱਸਿਆ ਅਤੇ ਇਸੇ ਤਰ੍ਹਾਂ ਹੀ ਇਟਲੀ ਦੀ ਕੈਰੀਨੀ ਦਾ ਤਗਮਾ ਖੋਹਿਆ ਗਿਆ। ਇਹਨਾਂ ਮਾਮਲਿਆਂ ਨੇ ਖਿਡਾਰੀਆਂ ਤੇ ਖੇਡ ਪ੍ਰੇਮੀਆਂ ਵਿੱਚ ਨਿਰਾਸ਼ਤਾ ਤੇ ਰੋਸ ਪ੍ਰਗਟ ਕਰ ਦਿੱਤਾ ਹੈ। ਖਿਡਾਰੀ ਤੇ ਖੇਡ ਪ੍ਰੇਮੀ ਸੋਚਣ ਲਈ ਮਜਬੂਰ ਹਨ ਕਿ ਉਲੰਪਿਕ ਕਮੇਟੀ ਨਿਯਮਾਂ ਅਨੁਸਾਰ ਫੈਸਲੇ ਕਰਨ ਵਿੱਚ ਕੁਤਾਹੀ ਕਰਦੀ ਹੈ। ਉਹਨਾਂ ਨੂੰ ਇਸ ਡਰ ਤੋਂ ਮੁਕਤ ਕਰਨਾ ਅਤੀ ਜ਼ਰੂਰੀ ਹੈ। ਉਲੰਪਿਕ ਕਮੇਟੀ ਇਹ ਡਰ ਦੂਰ ਕਰਕੇ ਖਿਡਾਰੀਆਂ ਦਾ ਵਿਸ਼ਵਾਸ ਕਿਵੇਂ ਜਿੱਤੇਗੀ, ਇਹ ਵੀ ਇੱਕ ਵੱਡਾ ਸੁਆਲ ਹੈ।

# ਸੰਪਰਕ : 098882 75913

## ਸੰਵਿਧਾਨ ਦਿਵਸ 'ਤੇ ਵਿਸ਼ੇਸ਼

# ਵਿਲੱਖਣਤਾਵਾਂ ਨਾਲ ਭਰਪੂਰ ਭਾਰਤੀ ਸੰਵਿਧਾਨ

ਕਿਸੇ ਦੇਸ਼ ਦਾ ਸੰਵਿਧਾਨ ਉਸ ਦੀ ਤਾਕਤ ਦਾ ਥੰਮ੍ਹ ਹੁੰਦਾ ਹੈ। ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਜੇਕਰ ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਸੰਵਿਧਾਨ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਅੰਤਰਰਾਸ਼ਟਰੀ ਮਸ਼ਹੂਰ ਕ੍ਰਾਂਤੀਕਾਰੀ ਕਾਮਰੇਡ ਐੱਮ ਐੱਨ ਰਾਓ ਨੇ 1934 ਵਿੱਚ ਦਿੱਤਾ ਸੀ, ਜਿਸ ਨੂੰ ਕਾਂਗਰਸ ਨੇ 1935 ਵਿੱਚ ਸਵੀਕਾਰ ਕਰ ਲਿਆ। ਬਰਤਾਨੀਆ ਸਰਕਾਰ ਨੇ 1940 ਵਿੱਚ ਇੱਕ ਪ੍ਰਸਤਾਵ ਪੇਸ਼ ਕੀਤਾ, ਜਿਸ ਨੂੰ 'ਅਗਸਤ ਆਫਰ' ਵੀ ਕਿਹਾ ਜਾਂਦਾ ਹੈ, ਜਿਸ ਵਿੱਚ ਭਾਰਤ ਵਾਸੀਆਂ ਵਲੋਂ ਆਪਣਾ ਸੰਵਿਧਾਨ ਬਣਾਉਣ ਨੂੰ ਮਾਨਤਾ ਦੇਣਾ ਵੀ ਸ਼ਾਮਿਲ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਜੁਲਾਈ 1945 ਵਿੱਚ ਬਰਤਾਨੀਆ ਸਰਕਾਰ ਨੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਨਿਟ ਮਿਸ਼ਨ, ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ, ਭਾਰਤ ਭੇਜਿਆ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਬਣਾਏ ਗਏ ਸਨ। ਇਸ ਸੰਬੰਧੀ ਕੁੱਲ 12 ਸੈਸ਼ਨ ਹੋਏ, ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946 ਤੱਕ, ਦੂਜਾ ਸੈਸ਼ਨ 20 ਤੋਂ 25 ਜਨਵਰੀ 1947 ਤੱਕ, ਤੀਜਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947 ਤੱਕ, ਚੌਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗਸਤ 1947 ਤੱਕ, ਛੇਵਾਂ ਸੈਸ਼ਨ 27 ਜਨਵਰੀ 1948 ਨੂੰ, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949 ਤੱਕ, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949 ਤੱਕ, ਨੌਂਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949 ਤੱਕ, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949 ਤੱਕ, ਗਿਆਰਵਾਂ ਸੈਸ਼ਨ 14 ਤੋਂ 26 ਨਵੰਬਰ 1949 ਤੱਕ ਅਤੇ ਬਾਰ੍ਹਵਾਂ ਸੈਸ਼ਨ 24 ਜਨਵਰੀ 1950 ਨੂੰ ਹੋਇਆ। ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ, ਜਿਸ ਵਿੱਚ ਕੁੱਲ 389 ਮੈਂਬਰ ਸਨ, ਜਿਨ੍ਹਾਂ ਵਿੱਚ ਪੰਡਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜਿੰਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਪ੍ਰਮੁੱਖ ਮੈਂਬਰ ਸ਼ਾਮਲ ਸਨ। ਇਸ ਸਭਾ ਵਿੱਚ ਲੱਗਭੱਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸੰਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋ-ਇੰਡੀਅਨ ਕਮਿਊਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐੱਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਿਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੂਮਰ ਮੁਕਰਜੀ ਈਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਸਰਦਾਰ ਹੁਕਮ ਸਿੰਘ ਅਪ੍ਰੈਲ 1948 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਜੋਂ ਸੰਵਿਧਾਨ ਸਭਾ ਲਈ ਚੁਣੇ ਗਏ ਸਨ। ਚੁਣੇ ਜਾਣ ਤੋਂ ਕੁਝ ਮਹੀਨਿਆਂ ਬਾਅਦ ਉਸ ਨੇ ਸੰਵਿਧਾਨ ਦੇ ਅਨੁਛੇਦ ਜੋ ਅਨੁਸੂਚਿਤ ਜਾਤੀਆਂ ਦਾ ਹਵਾਲਾ ਦਿੰਦੇ ਹਨ, ਵਿੱਚ ਸੋਧ ਕਰਨ ਲਈ ਇੱਕ ਮਤਾ ਪੇਸ਼ ਕੀਤਾ, ਜਿਸ ਵਿੱਚ ਸ਼ਬਦ ਅਨੁਸੂਚਿਤ ਜਾਤੀਆਂ ਨੂੰ ਕਿਸੇ ਵੀ ਵਰਗ ਜਾਂ ਧਰਮ ਦੇ ਪੱਛੜੇ ਭਾਈਚਾਰੇ ਸ਼ਬਦਾਂ ਨਾਲ ਬਦਲਿਆ ਗਿਆ। ਉਹ ਸੰਵਿਧਾਨ ਵਿੱਚ ਸਿੱਖ ਅਨੁਸੂਚਿਤ ਜਾਤੀਆਂ ਨੂੰ ਹਿੰਦੂ ਅਨੁਸੂਚਿਤ ਜਾਤੀਆਂ ਦੇ ਹਿੱਸੇ ਵਜੋਂ ਸ਼ਾਮਲ ਕਰਨ ਅਤੇ ਭਾਈਚਾਰੇ ਨੂੰ ਇੱਕ ਵੱਖਰਾ ਧਾਰਮਕ ਦਰਜਾ ਨਾ ਦੇਣ ਦੇ ਵਿਰੁੱਧ ਸੀ। ਇੱਕ ਹੋਰ ਸਿੱਖ ਨੁਮਾਇੰਦੇ ਭੁਪਿੰਦਰ ਸਿੰਘ ਮਾਨ ਦੇ ਨਾਲ ਹੁਕਮ ਸਿੰਘ ਨੇ ਸੰਵਿਧਾਨ ਦੇ ਖਰੜੇ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਅਤੇ ਸਿੱਖਾਂ ਨੂੰ ਅਣਗੌਲਿਆ ਕੀਤਾ ਗਿਆ ਹੈ ਅਤੇ ਇਸ ਵਿੱਚ ਸਿੱਖਾਂ ਦੀ ਵੱਖਰੀ ਪਹਿਚਾਣ ਅਤੇ ਅਧਿਕਾਰ ਸੁੱਰਖਿਅਤ ਨਹੀਂ ਹਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈ ਲਕਸ਼ਮੀ ਪੰਡਤ ਵਰਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾ ਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ-ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ, ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ, ਜਿਸ ਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਤ ਗੋਬਿੰਦ ਵਲਭ ਪੰਤ, ਕੇ ਐੱਮ ਮੁਨਸ਼ੀ ਸਾਬਕਾ ਗ੍ਰਹਿ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐੱਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐੱਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਕ ਘਰਾਣੇ ਦੇ ਮੈਂਬਰ ਸਨ। ਆਈ ਸੀ ਐੱਸ ਅਧਿਕਾਰੀ ਸਰ ਬੈਨੇਗਲ ਨਾਰਸਿੰਗ ਰਾਓ, ਜੋ ਕਿ ਬੰਗਾਲ ਹਾਈ ਕੋਰਟ ਦੇ ਜੱਜ ਰਹੇ, ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ। ਬਾਅਦ ਵਿੱਚ ਇੱਕ ਮੈਂਬਰ ਬੀ ਐੱਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਦੀ ਮੌਤ ਹੋਣ ਕਾਰਨ ਟੀ ਟੀ ਕ੍ਰਿਸ਼ਨਾਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਲੱਗਭੱਗ 166 ਮੀਟਿੰਗਾਂ ਕੀਤੀਆਂ। ਇਸ ਦੀਆਂ ਬੈਠਕਾਂ ਵਿੱਚ ਪ੍ਰੈੱਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ।


ਕੁਲਦੀਪ ਚੰਦ

ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ਼ ਕੀਤਾ ਗਿਆ। ਡਰਾਫਟ ਸੰਬੰਧੀ ਸੰਵਿਧਾਨ ਸਭਾ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ ਲੱਗਭੱਗ 2000 ਸੋਧ ਕੀਤੇ ਗਏ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਵੀ ਕਾਫੀ ਕੁਝ ਲਿਆ ਗਿਆ ਹੈ, ਜਿਨ੍ਹਾਂ ਵਿੱਚ ਬ੍ਰਿਟਿਸ਼ ਦਾ ਸੰਵਿਧਾਨ, ਆਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕੈਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਭਾਰਤੀ ਸੰਵਿਧਾਨ ਸੰਬੰਧੀ ਸਾਰੀ ਕਾਰਵਾਈ 26 ਨਵੰਬਰ 1949 ਨੂੰ ਮੁਕੰਮਲ ਹੋ ਗਈ ਅਤੇ ਸੰਵਿਧਾਨ ਸਭਾ ਨੇ ਸੰਵਿਧਾਨ ਨੂੰ ਸਵੀਕਾਰ ਕਰ ਲਿਆ ਸੀ। ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤੀ ਸੰਵਿਧਾਨ ਅਸਲ ਵਿੱਚ ਅੰਗਰੇਜ਼ੀ ਵਿੱਚ ਲਿਖਿਆ ਗਿਆ ਸੀ ਅਤੇ ਅੰਗਰੇਜ਼ੀ ਤੋਂ ਇਲਾਵਾ ਹਿੰਦੀ ਵਿੱਚ ਵੀ ਹੈ, ਜੋ 1950 ਵਿੱਚ ਸੰਵਿਧਾਨ ਸਭਾ ਦੇ ਪ੍ਰਧਾਨ ਡਾਕਟਰ ਰਾਜਿੰਦਰ ਪ੍ਰਸਾਦ ਦੁਆਰਾ ਪ੍ਰਕਾਸ਼ਤ ਕੀਤਾ ਗਿਆ। ਭਾਰਤ ਦਾ ਸੰਵਿਧਾਨ ਤਿਆਰ ਕਰਨ 'ਤੇ ਉਸ ਸਮੇਂ ਲੱਗਭੱਗ 6 ਕਰੋੜ ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ-ਜੁਲਦਾ ਹੈ, ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਵਿੱਚ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੁਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦੇ ਆਰਟੀਕਲ 5,6,7,8,9, 60,324, 366, 367,379, 380, 388, 391,392,393 ਅਤੇ 394 ਆਦਿ 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸ 'ਤੇ ਕੁੱਲ 284 ਮੈਂਬਰਾਂ ਨੇ ਦਸਤਖਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜ਼ੀ ਵਿੱਚ ਅਤੇ ਇੱਕ ਹਿੰਦੀ ਵਿੱਚ, 'ਤੇ ਆਪਣੇ ਦਸਤਖਤ ਕੀਤੇ ਸਨ। ਭਾਰਤੀ ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਤ ਹੈ ਅਤੇ ਇਸ 'ਤੇ ਸ਼ਾਂਤੀਨਿਕੇਤਨ ਦੇ ਕਲਾਕਾਰਾਂ, ਜਿਨ੍ਹਾਂ ਵਿੱਚ ਰਾਮ ਮਨੋਹਰ ਸਿਨਹਾ ਅਤੇ ਨੰਦ ਲਾਲ ਬੋਸ ਸ਼ਾਮਿਲ ਸਨ, ਨੇ ਸਜਾਵਟ ਕੀਤੀ ਸੀ। 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਮੁਕੰਮਲ ਰੂਪ ਵਿੱਚ ਲਾਗੂ ਕੀਤਾ ਗਿਆ। 26 ਜਨਵਰੀ ਦਾ ਦਿਨ ਭਾਰਤੀ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸੀ, ਕਿਉਂਕਿ 26 ਜਨਵਰੀ 1930 ਨੂੰ ਹੀ ਕਾਂਗਰਸ ਨੇ ਸੰਪੂਰਨ ਸਵੈਰਾਜ ਦਿਵਸ ਮਨਾਇਆ ਸੀ ਅਤੇ ਮੁਕੰਮਲ ਅਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਸੀ।

26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸੰਵਿਧਾਨ ਵਿੱਚ ਲੋਕਾਂ ਦੀ ਬਿਹਤਰੀ ਲਈ ਬਹੁਤ ਸਾਰੇ ਨਿਯਮ ਬਣਾਏ ਹਨ। ਭਾਰਤ ਰਾਜਾਂ ਦਾ ਸੰਘ ਹੈ ਅਤੇ ਸਰਕਾਰ ਦੀ ਸੰਸਦੀ ਪ੍ਰਣਾਲੀ ਦੇ ਨਾਲ ਇੱਕ ਪ੍ਰਭੂਸੱਤਾ ਸਮਾਜਵਾਦੀ, ਧਰਮ ਨਿਰਪੱਖ ਲੋਕਤੰਤਰੀ ਗਣਰਾਜ ਹੈ। ਭਾਰਤੀ ਸੰਵਿਧਾਨ ਸਰਕਾਰ ਦੇ ਸੰਸਦੀ ਰੂਪ ਦੀ ਵਿਵਸਥਾ ਕਰਦਾ ਹੈ, ਜੋ ਕੁਝ ਇਕਸਾਰ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਢਾਂਚੇ ਵਿੱਚ ਸੰਘੀ ਹੈ। ਸੰਘ ਦੀ ਕਾਰਜਕਾਰਨੀ ਦਾ ਸੰਵਿਧਾਨਕ ਮੁਖੀ ਪ੍ਰਧਾਨ ਹੁੰਦਾ ਹੈ। ਸੰਵਿਧਾਨ ਦੇ ਅਨੁਛੇਦ 79 ਅਨੁਸਾਰ ਸੰਸਦ ਦੀ ਪ੍ਰੀਸ਼ਦ ਵਿੱਚ ਰਾਸ਼ਟਰਪਤੀ ਅਤੇ ਰਾਜ ਸਭਾ ਅਤੇ ਲੋਕ ਸਭਾ ਵਜੋਂ ਜਾਣੇ ਜਾਂਦੇ ਦੋ ਸਦਨ ਸ਼ਾਮਲ ਹੁੰਦੇ ਹਨ। ਸੰਵਿਧਾਨ ਦਾ ਅਨੁਛੇਦ 74 (1) ਉਪਬੰਧ ਕਰਦਾ ਹੈ ਕਿ ਰਾਸ਼ਟਰਪਤੀ ਦੀ ਸਹਾਇਤਾ ਅਤੇ ਸਲਾਹ ਦੇਣ ਲਈ ਪ੍ਰਧਾਨ ਮੰਤਰੀ ਦੇ ਨਾਲ ਹੀ ਇੱਕ ਪ੍ਰੀਸ਼ਦ ਹੋਵੇਗੀ। ਇਸ ਤਰ੍ਹਾਂ ਅਸਲ ਕਾਰਜਕਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਮੁਖੀ ਵਜੋਂ ਮੰਤਰੀ ਮੰਡਲ ਵਿੱਚ ਨਿਸ਼ਚਿਤ ਹੁੰਦੀ ਹੈ। ਹਰੇਕ ਰਾਜ ਵਿੱਚ ਇੱਕ ਵਿਧਾਨ ਸਭਾ ਹੈ। ਤੇਲੰਗਾਨਾ, ਉਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਆਦਿ ਕਈ ਰਾਜਾਂ ਵਿੱਚ ਇੱਕ ਉੱਪਰੀਸਦਨਹੈ ਜਿਸ ਨੂੰ ਵਿਧਾਨ ਪ੍ਰੀਸ਼ਦ ਕਿਹਾ ਜਾਂਦਾ ਹੈ। ਹਰੇਕ ਰਾਜ ਦਾ ਇੱਕ ਰਾਜਪਾਲ ਹੋਵੇਗਾ ਅਤੇ ਰਾਜ ਦੀ ਕਾਰਜਕਾਰੀ ਸ਼ਕਤੀ ਉਸ ਕੋਲ ਹੋਵੇਗੀ। ਮੰਤਰੀ ਪ੍ਰੀਸ਼ਦ ਜਿਸ ਦਾ ਪ੍ਰਮੁੱਖ ਮੁੱਖ ਮੰਤਰੀ ਹੈ, ਰਾਜਪਾਲ ਨੂੰ ਉਸ ਦੇ ਕਾਰਜਕਾਰੀ ਕੰਮਾਂ ਵਿੱਚ ਸਲਾਹ ਦਿੰਦੀ ਹੈ। ਰਾਜ ਦੀ ਮੰਤਰੀ ਪਰਿਸ਼ਦ ਸਮੂਹਕ ਤੌਰ 'ਤੇ ਰਾਜ ਦੀ ਵਿਧਾਨ ਸਭਾ ਦੇ ਪ੍ਰਤੀ ਉੱਤਰਦਾਈ ਹੈ। ਸੰਵਿਧਾਨ ਦੀ7ਵੀਂ ਅਨੁਸੂਚੀ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਵਿਧਾਨਕ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ ਅਤੇ ਲੋਕਾਂ ਦੀ ਭਲਾਈ ਲਈ ਅਧਿਕਾਰ ਮਿਲੇ ਹਨ। ਸੰਵਿਧਾਨ ਲਾਗੂ ਹੋਣ ਬਾਅਦ ਇਸ ਵਿੱਚ ਹੁਣ ਤੱਕ 106 ਵਾਰ ਸੋਧਾਂ ਕੀਤੀਆਂ ਗਈਆਂ। ਪਹਿਲੀ ਸੋਧ 18 ਜੂਨ 1951 ਨੂੰ ਕੀਤੀ ਗਈ ਸੀ ਅਤੇ ਹੁਣ ਤੱਕ ਆਖਰੀ 106ਵੀਂ ਸੋਧ 28 ਸਤੰਬਰ 2023 ਨੂੰ ਕੀਤੀ ਗਈ ਹੈ। ਸੰਵਿਧਾਨ ਵਿੱਚ ਸਭ ਤੋਂ ਵੱਧ ਸੋਧਾਂ ਦੇਸ਼ ਵਿੱਚ ਲਗਾਈ ਗਈ ਐਮਰਜੈਂਸੀ ਦੌਰਾਨ ਹੀ ਕੀਤੀਆਂ ਗਈਆਂ ਹਨ। ਸਾਲ 2015 ਵਿੱਚ ਜਦੋਂ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੀ 125ਵੀਂ ਜਯੰਤੀ ਮਨਾਉਣ ਦੀ ਘੋਸਣਾ ਕੀਤੀ ਗਈ ਤਾਂ ਨਾਲ ਹੀ 26 ਨਵੰਬਰ ਦਾ ਦਿਨ ਵੀ 'ਸੰਵਿਧਾਨ ਦਿਵਸ' ਦੇ ਤੌਰ 'ਤੇ ਮਨਾਉਣ ਦੀ ਘੋਸ਼ਣਾ ਕੀਤੀ ਗਈ। ਭਾਰਤੀ ਸੰਵਿਧਾਨ ਅਤੇ ਡਾਕਟਰ ਅੰਬੇਡਕਰ ਨੂੰ ਸ਼ਰਧਾਂਜਲੀ ਦੇਣ ਲਈ 26 ਨਵੰਬਰ 2015 ਨੂੰ ਭਾਰਤੀ ਸੰਸਦ ਦਾ ਵਿਸ਼ੇਸ਼ ਸੈਸ਼ਨ ਹੋਇਆ ਅਤੇ ਸੰਸਦ ਭਵਨ 'ਤੇ ਵਿਸ਼ੇਸ਼ ਦੀਪਮਾਲਾ ਕੀਤੀ ਗਈ।

ਖੇਡ ਵਿਭਾਗ ਨੇ 'ਰਨ ਫਾਰ ਇਕੁਆਲਿਟੀ' ਦਾ ਆਯੋਜਨ ਕੀਤਾ ਸੀ। ਵਿਦੇਸ਼ ਮੰਤਰਾਲਿਆ ਨੇ ਸਮੂਹ ਵਿਦੇਸ਼ੀ ਭਾਰਤੀ ਸਕੂਲਾਂ ਨੂੰ ਵੀ ਸੰਵਿਧਾਨ ਦਿਵਸ ਮਨਾਉਣ ਦੀ ਹਦਾਇਤ ਕੀਤੀ ਅਤੇ ਸਮੂਹ ਦੂਤਘਰਾਂ ਨੂੰ ਵੀ ਭਾਰਤੀ ਸੰਵਿਧਾਨ ਨੂੰ ਉਸ ਦੇਸ਼ ਦੀ ਸਥਾਨਕ ਭਾਸ਼ਾ ਵਿੱਚ ਅਨੁਵਾਦ ਕਰਨ ਅਤੇ ਇਸ ਨੂੰ ਵੱਖ ਵੱਖ ਅਕੈਡਮੀਆਂ, ਲਾਇਬ੍ਰੇਰੀਆਂ ਆਦਿ ਵਿੱਚ ਵੰਡਣ ਲਈ ਕਿਹਾ ਹੈ। ਭਾਰਤੀ ਸੰਵਿਧਾਨ ਦਾ ਅਰਬੀ ਵਿੱਚ ਅਨੁਵਾਦ ਮੁਕੰਮਲ ਹੋ ਗਿਆ ਹੈ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਇਹ ਕੰਮ ਤੇਜੀ ਨਾਲ ਚੱਲ ਰਿਹਾ ਹੈ। ਭਾਰਤੀ ਸੰਵਿਧਾਨ ਨੇ ਸਾਡੇ ਦੇਸ਼ ਨੂੰ ਇੱਕ ਦਿਸ਼ਾ ਅਤੇ ਸਾਡੇ ਨੇਤਾਵਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਦਿੱਤਾ ਹੈ। ਰਾਸ਼ਟਰੀ ਸੰਵਿਧਾਨ ਦਿਵਸ ਭਾਰਤੀ ਸੰਵਿਧਾਨ ਦੇ ਸਨਮਾਨ ਦਾ ਪ੍ਰਤੀਕ ਹੈ। ਇਹ ਇੱਕ ਮਜ਼ਬੂਤ ?? ਅਤੇ ਸ਼ਾਂਤੀਪੂਰਨ ਸਮਾਜ ਦਾ ਆਧਾਰ ਹੈ। ਰਾਸ਼ਟਰੀ ਸੰਵਿਧਾਨ ਦਿਵਸ ਸਾਨੂੰ ਇਸ ਦੀ ਮਹੱਤਤਾ ਨੂੰ ਯਾਦ ਕਰਾਉਣ ਅਤੇ ਇਸ ਦੀ ਹੋਂਦ ਨਮਨਾਉਣ ਦਾ ਇੱਕ ਤਰੀਕਾਹੈ। ਬੇਸ਼ੱਕ ਭਾਰਤੀ ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖ ਕੇ ਸੰਵਿਧਾਨ ਤਿਆਰ ਕੀਤਾ ਸੀ, ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਕਈ ਵਾਰ ਨਾਕਾਮੀਆਂ ਕਰਦੀਆਂ ਰਹਿੰਦੀਆਂ ਹਨ, ਜਿਸ ਕਾਰਨ ਦੇਸ਼ ਦੇ ਕਈ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਕਈ ਵਾਰ ਸੰਵਿਧਾਨ ਦੀ ਦੁਰਵਰਤੋਂ ਅਤੇ ਇਸ ਵਿੱਚ ਨਜਾਇਜ਼ ਬਦਲਾਓ ਕਰਨ ਦੀਆਂ ਕੋਸ਼ਿਸਾਂ ਵਰਗੇ ਗੰਭੀਰ ਸਵਾਲ ਚਰਚਾ ਦਾ ਵਿਸ਼ਾ ਬਣ ਰਹੇ ਹਨ। ਸੰਵਿਧਾਨ ਦੀ ਮਹੱਤਤਾ ਕਾਇਮ ਰੱਖਣ ਲਈ ਨੀਤੀ ਨਿਰਮਾਤਾਵਾਂ ਅਤੇ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ।

# ਸੰਪਰਕ : 9417563054

# ਮਿੱਡ-ਡੇ-ਮੀਲ ਕੁੱਕਾਂ ਦੀਆਂ ਮੰਗਾਂ ਨੂੰ ਜਲਦ ਲਾਗੂ ਨਾ ਕੀਤਾ ਤਾਂ ਸਿੱਖਿਆ ਬੋਰਡ ਦੇ ਦਫ਼ਤਰਾਂ ਨੂੰ ਲਾਏ ਜਾਣਗੇ ਜਿੰਦਰੇ : ਧੀਰ, ਕਮਲਜੀਤ ਕੌਰ



**ਮੋਗਾ (ਇਕਬਾਲ ਸਿੰਘ ਖਹਿਰਾ)**

ਮਿੱਡ-ਡੇ-ਮੀਲ ਕੁੱਕ ਯੂਨੀਅਨ ਬੀ.ਐਮ.ਐਸ. ਦੀ ਮੀਟਿੰਗ ਕਮਲਜੀਤ ਕੌਰ ਜ਼ਿਲ੍ਹਾ ਇੰਚਾਰਜ ਮੋਗਾ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ, ਮੋਗਾ ਵਿਖੇ ਹੋਈ।

ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਵਿਸ਼ੇਸ਼ ਤੌਰ ਤੇ ਐਡਵੋਕੇਟ ਵਿਜੇ ਧੀਰ, ਮਾਲਵਾ ਦੇ ਸੀਨੀਅਰ ਆਗੂ ਨੇ ਵੀ ਭਾਗ ਲਿਆ ਮੀਟਿੰਗ ਨੂੰ ਸੰਬੋਧਤ ਕਰਕੇ ਹੋਏ ਕਮਲਜੀਤ ਕੌਰ ਮੱਦੋਕੇ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫ਼ਤਰਾਂ ਦੇ ਸਾਹਮਣੇ ਇੱਕ ਬਹੁਤ ਭਾਰੀ ਰੈਲੀ 22 ਅਕਤੂਬਰ ਨੂੰ ਕੀਤੀ ਸੀ। ਜਿਸ ਦੇ ਸਿੱਟੇ ਵਜੋਂ ਵਿੱਤ ਮੰਤਰੀ ਡਾ: ਹਰਪਾਲ ਸਿੰਘ ਚੀਮਾ ਨੇ 28 ਅਕਤੂਬਰ ਨੂੰ ਮੀਟਿੰਗ ਆਪਣੇ ਦਫ਼ਤਰ ਵਿੱਚ ਬੁਲਾ ਕੇ 6 ਮੰਗਾਂ ਲਾਗੂ ਕਰਨ ਦਾ ਭਰੋਸਾ ਦਿੱਤਾ, ਪਰ ਅਜੇ ਤੱਕ ਉਨ੍ਹਾਂ ਮੰਗਾਂ ਪ੍ਰਤੀ ਕੋਈ ਵੀ ਪੱਤਰ ਜਾਂ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਇਸ ਮੌਕੇ ਤੇ ਵਿਜੇ ਧੀਰ ਐਡਵੋਕੇਟ ਨੇ ਵਿਸਤਾਰ ਨਾਲ ਦੱਸਿਆ ਕਿ ਮਿੱਡ-ਡੇ-ਮੀਲ ਕੁੱਕਾਂ ਦੀ ਤਨਖਾਹ ਹਰਿਆਣਾ ਦੇ ਬਰਾਬਰ 7000/- ਮੰਗੀ ਗਈ ਸੀ। ਸਰਕਾਰ ਵੱਲੋਂ 600+1400=2000 ਰੁਪਏ ਕਰਨ ਦਾ ਫੈਸਲਾ ਕੀਤਾ ਸੀ। ਪਰ ਅਜੇ ਤੱਕ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ।

ਦੂਸਰੀ ਮੰਗ ਬੱਚਿਆਂ ਦੀ ਗਿਣਤੀ ਵਿੱਚ ਤਬਦੀਲੀ ਕਰਨਾ ਬਦਲਵੇਂ ਪ੍ਰਬੰਧ ਨੂੰ ਖਤਮ ਕਰਕੇ ਨਵੇਂ ਕੁੱਕਾਂ ਦੀ ਅਡਜੱਸਟਮੈਂਟ ਕਰਨਾ, 16 ਲੱਖ ਅਤੇ 2 ਲੱਖ ਅਤੇ 1 ਲੱਖ ਬੀਮੇਂ ਦਾ ਲਾਭ ਵਿਸਥਾਰ ਨਾਲ ਦੇਣ ਲਈ ਕੋਈ ਪੱਤਰ ਅਜੇ ਜਾਰੀ ਨਹੀਂ ਕੀਤਾ ਗਿਆ ਤੇ ਐਪਰਨ, ਦਸਤਾਨੇ ਅਤੇ ਟੋਪੀਆਂ ਦੇਣ ਲਈ ਵੀ ਕੋਈ ਪੱਤਰ ਜਾਰੀ ਨਹੀਂ ਕੀਤਾ ਗਿਆ। ਮਿਤੀ 31 ਮਾਰਚ ਤੋਂ ਪਹਿਲਾਂ ਕਿਸੇ ਵੀ ਕੁੱਕ ਨੂੰ ਜੇਕਰ ਬੱਚਿਆਂ ਦੀ ਗਿਣਤੀ ਘੱਟ ਜਾਂਦੀ ਹੈ ਤਾਂ ਨਹੀਂ ਹਟਾਉਂਣ ਬਾਰੇ ਕੋਈ ਵੀ ਪੱਤਰ ਜਾਰੀ ਨਹੀਂ ਕੀਤਾ। ਜੇਕਰ ਇਸ ਸਰਕਾਰ ਦਾ ਵਤੀਰਾ ਇਸੇ ਤਰ੍ਹਾਂ ਹੀ ਰਿਹਾ ਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਕੰਮਲੈਕਸ ਵਿੱਚ ਜਿੱਥੇ ਪੰਜਾਬ ਦੇ ਅਫ਼ਸਰ ਬੈਠਦੇ ਹਨ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਫ਼ਸਰ ਬੈਠਦੇ ਹਨ ਉਨ੍ਹਾਂ ਸਾਰੇ ਦਫਤਰਾਂ ਦੇ ਗੇਟਾਂ ਨੂੰ ਜਿੰਦਰੇ ਲਗਾ ਕੇ ਇਹ. ਜੱਥੇਬੰਦੀ ਇੱਕ ਬਹੁਤ ਵੱਡੀ ਰੈਲੀ ਪੰਜਾਬ ਦੇ 44 ਹਜ਼ਾਰ ਕੁੱਕਾਂ ਵੱਲੋਂ ਕਰੇਗੀ। ਕਮਲਜੀਤ ਕੌਰ ਨੇ ਇਹ ਵੀ ਦੱਸਿਆ ਕਿ ਮਿੱਡ-ਡੇ-ਮੀਲ ਕੁੱਕ ਜਿੰਨੇ ਵੀ ਮੀਟਿੰਗਾਂ ਵਿੱਚ ਪੂਰੇ ਪੰਜਾਬ ਵਿੱਚ ਪਹੁੰਚਦੇ ਹਨ ਉੱਥੇ ਕੇਨੇਰਾ ਬੈਂਕਾਂ ਵਿੱਚ ਖਾਤੇ ਖੁਲ੍ਹਵਾ ਕੇ ਆਪਣੇ ਸੰਬਧਤ ਪ੍ਰਧਾਨਾ ਨੂੰ ਫੋਟੋਕਾਪੀਆਂ ਦੇਣ ਦੀ ਵੀ ਖੇਚਲ ਕੀਤੀ ਜਾਵੇ, ਇਸ ਮੌਕੇ ਤੇਇਸ ਮੌਕੇ ਹੋਰਨਾਂ ਤੋਂ ਇਲਾਵਾ ਭਜਨ ਕੌਰ, ਕੁਲਦੀਪ ਕੌਰ, ਬਲਜੀਤ ਕੌਰ, ਹਰਪਾਲ ਕੌਰ, ਛਿੰਦਰ ਕੌਰ, ਸੁਖਬੀਰ ਕੌਰ, ਮੰਜੂ, ਸੰਦੀਪ ਕੌਰ, ਵੀਰ ਪਾਲ ਕੌਰ, ਬਲਵਿੰਦਰ ਕੌਰ, ਅਮਰਜੀਤ ਕੌਰ, ਜਸਵੀਰ ਕੌਰ, ਬਲਜੀਤ ਕੌਰ, ਰਾਣੀ ਕੌਰ, ਜੀਤ ਸਿੰਘ, ਸੀਤੋ, ਜਸਵੀਰ ਕੌਰ, ਕੁਲਦੀਪ ਕੌਰ, ਬਲਜੀਤ ਕੌਰ, ਬੀਰੋ, ਅਮਰਜੀਤ ਕੌਰ, ਲਖਵਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## 1 ਕਿੱਲੋ 364 ਗ੍ਰਾਮ ਹੈਰੋਇਨ ਸਣੇ ਤਸਕਰ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਨਸ਼ੇ ਦੇ ਵਿਰੁੱਧ ਵੱਡੀ ਕਾਰਵਾਈ ਕਰਦੇ ਹੋਏ ਦੋ ਵੱਖ-ਵੱਖ ਮਾਮਲਿਆਂ ਵਿੱਚ ਹੈਰੋਇਨ ਸਮੇਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਸੀਆਈਏ ਸਟਾਫ ਦੇ ਸਬ ਇੰਸਪੈਕਟਰ ਸੁਖਬੀਰ ਸਿੰਘ ਦੀ ਅਗਵਾਈ ਵਿੱਚ ਯਤੀਮਖਾਨਾ ਚੌਕ ਨੇੜੇ ਗਸ਼ਤ ਦੌਰਾਨ ਮਿਲੀ ਮੁਖਬਰ ਦੀ ਸੂਚਨਾ ਦੇ ਆਧਾਰ 'ਤੇ ਦੋਸ਼ੀ ਅਰਸ਼ਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਜੱਟਾਂ ਵਾਲੀ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਉਨ੍ਹਾਂ ਨੂੰ 1 ਕਿੱਲੋ 364 ਗ੍ਰਾਮ ਹੈਰੋਇਨ ਅਤੇ ਬਿਨਾਂ ਨੰਬਰ ਵਾਲੇ ਹੋਂਡਾ ਐਕਟਿਵਾ ਸਕੂਟਰ ਸਮੇਤ ਕਾਬੂ ਕੀਤਾ। ਸੂਚਨਾ ਮੁਤਾਬਕ, ਦੋਸ਼ੀ ਰੋਜ਼ਾਨਾ ਸਵੇਰੇ ਅਤੇ ਰਾਤ ਨੂੰ ਗਾਹਕਾਂ ਨੂੰ ਹੈਰੋਇਨ ਸਪਲਾਈ ਕਰਦਾ ਸੀ। ਖੁਫੀਆ ਜਾਣਕਾਰੀ ਤੋਂ ਬਾਅਦ ਚੁੰਗੀ ਨੰਬਰ 7 ਨੇੜੇ ਨਾਕਾਬੰਦੀ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ। ਥਾਣਾ ਕੁੱਲਗੜ੍ਹੀ ਦੇ ਸਹਾਇਕ ਥਾਣੇਦਾਰ ਦਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਇੰਡੀਅਨ ਆਇਲ ਪੈਟਰੋਲ ਪੰਪ ਪਿੰਡ ਝੋਕ ਹਰੀਹਰ ਨੇੜੇ ਗਸ਼ਤ ਦੌਰਾਨ ਇਕ ਵਿਅਕਤੀ ਵਰੁਨ ਕੁਮਾਰ ਉਰਫ ਗੋਲੂ ਪੁੱਤਰ ਸ਼ੰਭੂ ਦਿਆਲ ਵਾਸੀ ਲਛਮਣ ਕਾਲੋਨੀ, ਗਿੱਦੜਬਾਹਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਗ੍ਰਿਫਤਾਰ ਕੀਤਾ। ਉਕਤ ਵਿਅਕਤੀ 50 ਗ੍ਰਾਮ ਹੈਰੋਇਨ ਅਤੇ 1 ਮੋਬਾਇਲ ਫੋਨ (ਟੈਕਨੋ ਸਪਾਰਕ 5 ਜੀ) ਸਮੇਤ ਮਿਲਿਆ। ਉਹ ਪੁਲਸ ਨੂੰ ਵੇਖ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਪੁਲਿਸ ਨੇ ਮੁਸਤੈਦੀ ਨਾਲ ਉਸ ਨੂੰ ਕਾਬੂ ਕਰ ਲਿਆ।ਦੋਵਾਂ ਦੋਸ਼ੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਡਾ. ਗੁਰਦੀਪ ਸਿੰਘ ਨੇ ਸੰਭਾਲਿਆ ਮੁੱਖ ਖੇਤੀਬਾੜੀ ਅਫਸਰ ਦਾ ਅਹੁਦਾ



**ਲੁਧਿਆਣਾ (ਰਾਜ ਸਿੰਗਲਾ)**-ਡਾ. ਗੁਰਦੀਪ ਸਿੰਘ ਨੇ ਸਰਕਾਰ ਦੇ ਹੁਕਮਾਂ ਤਹਿਤ ਤਰੱਕੀ ਉਪਰੰਤ ਬਤੌਰ ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ ਦਾ ਅਹੁਦਾ ਸੰਭਾਲਿਆ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਮਹਿਕਮੇ ਦੇ ਰਿਟਾਇਰਡ ਅਧਿਕਾਰੀ, ਮੌਜੂਦਾ ਅਧਿਕਾਰੀਆਂ ਤੋਂ ਇਲਾਵਾ ਕਿਸਾਨ ਆਗੂ ਤੇ ਪੈਸਟੀਸਾਈਡ, ਫਰਟੀਲਾਈਜ਼ਰ ਐਸੋਸੀਏਸ਼ਨ ਦੇ ਨੁਮਾਇੰਦੇ ਵੀ ਹਾਜ਼ਰ ਹੋਏ।

ਇਸ ਮੌਕੇ ਬੋਲਦਿਆਂ ਡਾ. ਨਰਿੰਦਰ ਸਿੰਘ ਬੈਨੀਪਾਲ (ਜੁਆਇੰਟ ਡਾਇਰੈਕਟਰ ਪੀ.ਪੀ.) ਪੰਜਾਬ ਨੇ ਜਿੱਥੇ ਡਾ. ਗੁਰਦੀਪ ਸਿੰਘ ਨੂੰ ਵਧਾਈ ਦਿੱਤੀ, ਉਥੇ ਕਿਸਾਨੀ ਹਿੱਤ ਲਈ ਸਮੂਹ ਸਟਾਫ ਨੂੰ ਨਾਲ ਲੈ ਕੰਮ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਡਾ. ਸੁਖਪਾਲ ਸਿੰਘ ਸੇਖੋਂ ਨੇ ਪੁਰਾਣੇ ਸਮੇਂ ਵਿੱਚ ਡਾ. ਗੁਰਦੀਪ ਸਿੰਘ ਵੱਲੋਂ ਕਿਸਾਨੀ ਦੀ ਬੇਹਤਰੀ ਲਈ ਪਾਏ ਯੋਗਦਾਨ ਨੂੰ ਯਾਦ ਕੀਤਾ। ਡਾ. ਵਰਿੰਦਰਜੀਤ ਭੰਡਾਰੀ, ਡਾ. ਰਜਿੰਦਰਪਾਲ ਸਿੰਘ ਔਲਖ, ਡਾ. ਪ੍ਰਕਾਸ਼ ਸਿੰਘ ਵੱਲੋਂ ਵੀ ਸੰਬੋਧਨ ਕੀਤਾ ਗਿਆ। ਕਿਸਾਨ ਬਲਦੇਵ ਸਿੰਘ ਬੀੜ ਗਗੜਾ, ਜਗਰੂਪ ਸਿੰਘ ਸੇਖੋਂ ਵੱਲੋਂ ਵੀ ਕਿਸਾਨਾਂ ਦੀ ਨੁਮਾਇੰਗੀ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ ਗਏ। ਸ਼ਤੀਸ਼ ਬਾਸਲ ਪ੍ਰਧਾਨ ਫਰਟੀਲਾਈਜ਼ਰ ਐਸ਼ੋਸ਼ੀਏਸ਼ਨ ਜਗਰਾਉ ਵੱਲੋਂ ਵੀ ਆਪਣੇ ਸਾਥੀਆਂ ਸਮੇਤ ਇਸ ਮੌਕੇ ਸਿਰਕਤ ਕੀਤੀ ਗਈ। ਇਸ ਮੌਕੇ ਡਾ. ਸ਼ਾਹਬਾਜ਼ ਸਿੰਘ ਚੀਮਾ ਪ੍ਰਧਾਨ ਐਗਰੀਕਲਚਰ ਆਫ਼ਿਸਰਜ ਐਸ਼ੋਸ਼ੀਏਸ਼ਨ, ਪੰਜਾਬ ਵੱਲੋਂ ਵੀ ਸਾਥੀਆਂ ਸਮੇਤ ਹਾਜ਼ਰੀ ਲਵਾਈ ਗਈ। ਡਾ. ਲਖਵੀਰ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ।ਇਸ ਸਮੇਂ ਡਾ. ਜੁਗਿੰਦਰ ਸਿੰਘ ਢਿੱਲੋਂ, ਡਾ. ਬਲਵਿੰਦਰ ਸਿੰਘ, ਡਾ. ਗੁਰਮੁੱਖ ਸਿੰਘ, ਡਾ. ਜਗਦੇਵ ਸਿੰਘ, ਡਾ.ਨਿਰਮਲ ਸਿੰਘ, ਇੰਜੀ: ਅਮਨਪ੍ਰੀਤ ਸਿੰਘ ਘਈ, ਡਾ. ਗੁਰਿੰਦਰਪਾਲ ਕੌਰ, ਡਾ. ਧੰਨਰਾਜ, ਡਾ. ਸ਼ਾਰਦਾ, ਡਾ. ਹਰਵਿੰਦਰ ਕੌਰ, ਡਾ. ਜਸਵੰਤ ਸਿੰਘ, ਜਸਵਿੰਦਰ ਸਿੰਘ, ਸ਼ੇਰਅਜੀਤ ਸਿੰਘ ਮੰਡ, ਅਮਨਦੀਪ ਸਿੰਘ, ਮਨਦੀਪ ਸਿੰਘ ਸੀਨੀਅਰ ਸਹਾਇਕ ਤੋਂ ਇਲਾਵਾ ਹਰ ਵਿੰਗ ਦੇ ਅਧਿਕਾਰੀ/ਕਰਮਚਾਰੀਆਂ ਨੇ ਮੁਬਾਰਕਾਂ ਦਿੱਤੀਆਂ।ਅਖੀਰ ਤੇ ਡਾ. ਗੁਰਦੀਪ ਸਿੰਘ ਵੱਲੋਂ ਮਿਲੀ ਨਵੀਂ ਜਿੰਮੇਵਾਰੀ ਨੂੰ ਇਮਾਨਦਾਰੀ, ਤਨਦੇਹੀ ਨਾਲ ਨਿਭਾਉਣ ਦਾ ਵਿਸ਼ਵਾਸ ਦਿਵਾਇਆ।

## ਰਾਸ਼ਟਰੀ ਮਜ਼ਦੂਰ ਕਿਸਾਨ ਸਹਿਯੋਗ ਸੰਘ ਦੀ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਰਾਸ਼ਟਰੀ ਮਜ਼ਦੂਰ ਕਿਸਾਨ ਸਹਿਯੋਗ ਸੰਘ ਦੀ ਮੀਟਿੰਗ ਹੋਈ। ਮੀਟਿੰਗ 'ਚ ਰਾਸ਼ਟਰੀ ਮਜ਼ਦੂਰ ਕਿਸਾਨ ਸਹਿਯੋਗ ਸੰਘ ਦੇ ਰਾਸ਼ਟਰੀਏ ਪ੍ਰਧਾਨ ਤਰਸੇਮ ਕੁਮਾਰ ਭਾਰਗਵ, ਰਾਸ਼ਟਰੀ ਪ੍ਰਭਾਰੀ ਪ੍ਰਵੀਨ ਕੁਮਾਰ ਭਾਰਗਵ, ਰਾਸ਼ਟਰੀ ਮਹਾਂ ਮੰਤਰੀ ਤਰਸੇਮ ਕੁਮਾਰ ਸ਼ਰਮਾ, ਰਾਸ਼ਟਰੀ ਸਚਿਵ ਐਡਵੋਕੇਟ ਗੁਲਾਬ ਸਿੰਘ, ਰਾਸ਼ਟਰੀ ਸਹਿ ਸਚਿਵ ਕੁਲਵਿੰਦਰ ਸਿੰਘ ਦੇ ਦਿੱਤੇ ਨਿਰਦੇਸ਼ਾਂ ਅਨੁਸਾਰ ਰਾਸ਼ਟਰੀ ਸਹਿ ਸਚਿਵ ਕੁਲਵਿੰਦਰ ਸਿੰਘ, ਫਿਰੋਜ਼ਪੁਰ ਜ਼ਿਲ੍ਹਾ ਪ੍ਰਧਾਨ ਵਿਨੈ ਕੁਮਾਰ ਤੇ ਉਪ ਪ੍ਰਧਾਨ ਬੱਗਾ ਸਿੰਘ ਜੀ, ਪ੍ਰਭਾਰੀ ਅਨੂਪ ਨਾਹਰ ਵੱਲੋਂ ਵੀਰ ਪਾਲ ਕੌਰ ਨੂੰ ਫਿਰੋਜ਼ਪੁਰ ਦਾ ਬਲਾਕ ਪ੍ਰਧਾਨ ਅਤੇ ਅੰਗਰੇਜ਼ ਕੌਰ ਨੂੰ ਗੁਰੂ ਹਰਸਹਾਏ ਦਾ ਬਲਾਕ ਪ੍ਰਧਾਨਗੀ ਦੇ ਅਹੁਦੇ ਦਿੱਤੇ ਗਏ। ਜਿਸ ਵਿਚ ਰਾਸ਼ਟਰੀ ਮਜ਼ਦੂਰ ਕਿਸਾਨ ਸਹਿਯੋਗ ਸੰਘ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਮਜ਼ਦੂਰਾਂ ਅਤੇ ਲੋੜਵੰਦ ਕਿਸਾਨਾਂ ਤੱਕ ਸਾਰੀਆਂ ਸਹੂਲਤਾਂ ਪਹੁੰਚਾਉਣ ਨੂੰ ਲੈਕੇ ਵਿਚਾਰ ਚਰਚਾ ਕੀਤੀ ਗਈ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਪਰਵਾਰਾਂ ਨੂੰ ਰਾਸ਼ਟਰੀ ਮਜ਼ਦੂਰ ਕਿਸਾਨ ਸਹਿਯੋਗ ਸੰਘ ਦਾ ਹਿੱਸਾ ਬਣਾਇਆ ਜਾਵੇ।



## ਕਾਤਰਾਂ

### ਕੁੱਟਮਾਰ ਕਰਨ ਦੇ ਦੋਸ਼ 'ਚ ਪਤੀ ਤੇ ਦਿਓਰ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਮਹਿਲਾ ਦੀ ਸ਼ਿਕਾਇਤ 'ਤੇ ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਉਸ ਦੇ ਪਤੀ ਤੇ ਦਿਓਰ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਮਹਿਲਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੋਸ਼ ਲਗਾਏ ਸਨ ਕਿ ਘਰੇਲੂ ਝਗੜੇ ਕਾਰਨ ਉਸ ਦੇ ਪਤੀ ਸੰਦੀਪ ਕੁਮਾਰ ਤੇ ਦਿਓਰ ਗਗਨਦੀਪ ਕੁਮਾਰ ਵੱਲੋਂ ਉਸ ਦੀ ਕੁੱਟਮਾਰ ਕੀਤੀ ਗਈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਸੰਦੀਪ ਕੁਮਾਰ ਤੇ ਗਗਨਦੀਪ ਕੁਮਾਰ ਵਾਸੀਆਨ ਪਿੰਡ ਫ਼ਲੇੜੀ ਕਲਾਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### ਹਰਪਾਲ ਕੌਰ ਢਿੱਲੋਂ ਨਮਿਤ ਅੰਤਿਮ ਅਰਦਾਸ ਅੱਜ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੱਤਰਕਾਰ ਮਨਪ੍ਰੀਤ ਸਿੰਘ ਢਿੱਲੋਂ ਦੇ ਮਾਤਾ ਬੀਬੀ ਹਰਪਾਲ ਕੌਰ ਢਿੱਲੋਂ ਪਤਨੀ ਸ੍. ਕਾਕਾ ਸਿੰਘ ਢਿੱਲੋਂ ਬੀਤੀ 18 ਨਵੰਬਰ ਨੂੰ ਆਪਣੀ ਕਰੀਬ 58 ਸਾਲਾ ਜੀਵਨ ਯਾਤਰਾ ਪੂਰੀ ਕਰਦੇ ਹੋਏ ਅਚਾਨਕ ਅਟੈਕ ਆਉਣ ਕਾਰਨ ਸਦੀਵੀਂ ਵਿਛੋੜਾ ਦੇ ਗਏ ਹਨ।ਉਨ੍ਹਾਂ ਦੀ ਅੰਤਿਮ ਅਰਦਾਸ ਅੱਜ 26 ਨਵੰਬਰ ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ 1 ਤੱਕ ਗੁਰੂਘਰ ਨੀਲੋਵਾਲ ਤਹਿ ਸੁਨਾਮ ਜ਼ਿਲ੍ਹਾ ਸੰਗਰੂਰ ਵਿਖੇ ਹੋਵੇਗੀ।

### ਅੱਜ ਬਿਜਲੀ ਬੰਦ ਰਹੇਗੀ

**ਭੀਖੀ (ਧਰਮਵੀਰ ਸ਼ਰਮਾ)**-ਅੱਜ 66ਕੇ ਵੀ ਲਾਈਨ ਮਾਨਸਾ ਤੋਂ ਧਲੇਵਾਂ ਜ਼ਰੂਰੀ ਮੁਰੰਮਤ ਕਾਰਨ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ।ਧਲੇਵਾਂ, ਭਾਦੜਾ ਤੇ ਬੋੜਾਵਾਲ ਤੋਂ ਚੱਲਦੀ ਸਪਲਾਈ ਪ੍ਰਭਾਵਿਤ ਹੋਵੇਗੀ।ਇਹ ਜਾਣਕਾਰੀ ਇੰਜ ਜਗਸੀਰ ਸਿੰਘ ਭੀਖੀ ਵੱਲੋਂ ਦਿੱਤੀ ਗਈ।

### ਨਾਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਜ਼ੀਰਾ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 20 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਸਮਾਧੀ ਮੁਹੱਲਾ ਜ਼ੀਰਾ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਅਜਮੇਰ ਸਿੰਘ ਪੁੱਤਰ ਸੂਬਾ ਸਿੰਘ ਵਾਸੀ ਸ਼ਾਹ ਵਾਲਾ ਜ਼ੀਰਾ ਨਾਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੋ ਹੁਣ ਵੀ ਨਾਜਾਇਜ਼ ਸ਼ਰਾਬ ਵੇਚ ਰਿਹਾ ਹੈ। ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਮੌਕੇ 'ਤੇ 20 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਪੁਲਿਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਜੈਨੇਸਿਸ ਅਮਨਦੀਪ ਹਸਪਤਾਲ ਵੱਲੋਂ ਬੱਚਿਆਂ ਦਾ ਡ੍ਰਾਇੰਗ ਮੁਕਾਬਲਾ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਜੈਨੇਸਿਸ ਅਮਨਦੀਪ ਹਸਪਤਾਲ ਨੇ ਬੱਚਿਆਂ ਲਈ ਇੱਕ ਰਚਨਾਤਮਕ ਡ੍ਰਾਇੰਗ ਮੁਕਾਬਲਾ ਕਰਵਾਇਆ, ਜਿਸ ਵਿੱਚ ਬੱਚਿਆਂ ਨੂੰ ਆਪਣੀ ਰਚਨਾਤਮਕਤਾ ਦਿਖਾਉਣ ਦਾ ਮੌਕਾ ਮਿਲਿਆ।ਇਹ ਇਵੈਂਟ ਪਹਿਲਾ ਰਾਊਂਡ ਵੱਖ-ਵੱਖ ਸਕੂਲਾਂ ਵਿੱਚ ਕੀਤਾ ਗਿਆ ਸੀ, ਜਿਵੇਂ ਕਿ ਦਿਸ਼ਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ (ਬੱਗੇ ਕੇ ਪਿੱਪਲ), ਐਸਬੀਐਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ (ਕੁੱਲਗੜ੍ਹੀ), ਸੇਂਟ ਸਟੀਫਨ ਕਾਨਵੈਂਟ ਸਕੂਲ (ਕੁੱਲਗੜ੍ਹੀ), ਜੋਗਿੰਦਰਾ ਕੌਨਵੈਂਟ ਸਕੂਲ (ਰੱਤਾ ਖੇੜਾ), ਅਕਾਲ ਅਕੈਡਮੀ ਸਕੂਲ (ਰੱਤਾ ਖੇੜਾ), ਸ਼ਾਂਤੀ ਵਿੱਦਿਆ ਮੰਦਰ (ਸਤੀਏ ਵਾਲਾ) ਤੇ ਸਾਹਿਬਜ਼ਾਦਾ ਅਜੀਤ ਸਿੰਘ ਸਕੂਲ (ਬਜੀਦਪੁਰ) ਨੇ ਹਿੱਸਾ ਲਿਆ।ਕਲਾਸ 2 ਤੋਂ 4 ਤੱਕ ਦੇ ਬੱਚਿਆਂ ਨੇ "ਸੇਵ ਮਦਰ ਅਰਥ" ਤੇ "5 ਸਿਹਤਮੰਦ ਰਹਿਣ ਦੀਆਂ ਆਦਤਾਂ ਬਣਾਓ" ਦੇ ਥੀਮਾਂ 'ਤੇ ਆਪਣੀ ਕਲਪਨਾ ਨਾਲ ਡ੍ਰਾਇੰਗਜ਼ ਬਣਾਈਆਂ। ਹਰ ਸਕੂਲ ਤੋਂ ਚੁਣੀਆਂ ਗਈਆਂ ਸਭ ਤੋਂ ਸ਼ਾਨਦਾਰ ਡ੍ਰਾਇੰਗਜ਼ ਨੂੰ ਫਾਈਨਲ ਰਾਊਂਡ ਲਈ ਹਸਪਤਾਲ ਵਿੱਚ ਬੁਲਾਇਆ ਗਿਆ। ਫਾਈਨਲ ਰਾਊਂਡ ਨੂੰ ਪ੍ਰਸਿੱਧ ਪੈਨਲ ਨੇ ਜੱਜ ਕੀਤਾ, ਜਸ ਵਿੱਚ ਡਾ. ਨੀਤੂ ਕੱਕੜ (ਪ੍ਰਿੰਸੀਪਲ, ਬਚਪਨ ਪਲੇਅ ਸਕੂਲ), ਡਾ. ਪ੍ਰਵੀਨ ਔਲ (ਪ੍ਰਿੰਸੀਪਲ, ਆਰਐਸਡੀ ਰਾਜ ਰਤਨ ਪਬਲਿਕ ਸਕੂਲ), ਡਾ. ਬਨੀ ਨੰਦਾ ਅਤੇ ਮਿਸੇਜ਼ ਸ਼ਾਲੂ ਨੰਦਾ (ਪ੍ਰਿੰਸੀਪਲ ਅਤੇ ਡਾਇਰੈਕਟਰ, ਯੂਰੋਕਿਡਸ ਪਲੇਅ ਸਕੂਲ) ਸ਼ਾਮਲ ਸਨ। ਇਸ ਇਵੈਂਟ ਦਾ ਮਕਸਦ ਬੱਚਿਆਂ ਵਿੱਚ ਪਰਿਵਾਰ ਅਤੇ ਸਿਹਤਮੰਦ ਜੀਵਨ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਭਾਗੀਦਾਰਾਂ ਨੇ ਆਪਣੀਆਂ ਰੰਗ ਬਰੰਗੀਆਂ ਤੇ ਮਾਇਨੇਦਾਰ ਡ੍ਰਾਇੰਗਜ਼ ਨਾਲ ਸਭ ਨੂੰ ਪ੍ਰਭਾਵਿਤ ਕੀਤਾ। ਡਾ. ਅਮਨਦੀਪ ਕੌਰ, ਡਾਇਰੈਕਟਰ, ਏਐੱਚਪੀਐੱ ਨੇ ਕਿਹਾ,"ਬੱਚੇ ਸਾਡਾ ਭਵਿੱਖ ਹਨ, ਅਤੇ ਇਹ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਨੂੰ ਚੰਗੀਆਂ ਆਦਤਾਂ ਅਤੇ ਵਾਤਾਵਰਣ ਦੀ ਦੇਖਭਾਲ ਦੇ ਮਹੱਤਵ ਬਾਰੇ ਸਿਖਾਈਏ। ਇਹ ਮੁਕਾਬਲਾ ਉਨ੍ਹਾਂ ਨੂੰ ਸਿੱਖਾਣ ਦਾ ਮਜ਼ੇਦਾਰ ਤਰੀਕਾ ਹੈ ਜਦੋਂ ਕਿ ਉਹ ਆਪਣੀ ਕਲਾ ਵੀ ਦਿਖਾ ਰਹੇ ਹਨ।"

ਵਰਿੰਦਰ ਮੋਹਨ ਸੀਏ ਸਿੰਘਾਲ ਜੈਨੇਸਿਸ ਅਮਨਦੀਪ ਹਸਪਤਾਲ, ਫਿਰੋਜ਼ਪੁਰ, ਨੇ ਕਿਹਾ ਇਸ ਤਰ੍ਹਾਂ ਦੇ ਪ੍ਰੋਗਰਾਮ ਕਮਿਊਨਿਟੀ ਨੂੰ ਜੋੜਦੇ ਹਨ ਅਤੇ ਬੱਚਿਆਂ ਵਿੱਚ ਜ਼ਰੂਰੀ ਮੁੱਲਾਂ ਨੂੰ ਪੈਦਾ ਕਰਦੇ ਹਨ। ਜੈਨੇਸਿਸ ਅਮਨਦੀਪ ਹਸਪਤਾਲ ਅਜਿਹੇ ਕਦਮਾਂ ਰਾਹੀਂ ਸਮਾਜ ਦੀ ਸੇਵਾ ਕਰਨ ਲਈ ਵਚਨਬੱਧ ਹੈ। ਡਾ. ਡੇਵਿਡ ਔਗਸਟਿਨ ਤੇ ਡਾ. ਪੂਨਮ ਜੰਗੀਰ ਨੇ ਆਪਣੇ-ਆਪਣੇ ਖੇਤਰਾਂ, ਜਿਵੇਂ ਕਿ ਪੀਡੀਐਟ੍ਰਿਕਸ ਅਤੇ ਗਾਇਨਕੋਲੌਜੀ ਵਿੱਚ ਜਾਗਰੂਕਤਾ ਸੈਸ਼ਨ ਕਰਵਾਏ। ਉਨ੍ਹਾਂ ਨੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਿਹਤਮੰਦ ਜੀਵਨ ਤੇ ਮਾਤਾ-ਸ਼ਿਸ਼ੂ ਸਿਹਤ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਜਿੱਤਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਤੇ ਇਨਾਮ ਦਿੱਤੇ ਗਏ।ਅਮਨਦੀਪ ਗਰੁੱਪ ਦੀਆਂ ਛੇ ਬ੍ਰਾਂਚਾਂ ਹਨ ਅੰਮ੍ਰਿਤਸਰ, ਪਠਾਨਕੋਟ, ਫਿਰੋਜ਼ਪੁਰ, ਸ੍ਰੀਨਗਰ ਤੇ ਤਰਨ ਤਾਰਨ ਹਨ ਤੇ ਗਰੁੱਪ ਕੋਲ ਦੁਨੀਆਂ ਭਰ ਦੇ ਮਸ਼ਹੂਰ ਡਾਕਟਰ ਅਤੇ ਸਰਜਨ ਹਨ।ਅਮਨਦੀਪ ਗਰੁੱਪ ਨੇ 5 ਲੱਖ ਤੋਂ ਵੱਧ ਜ਼ਿੰਦਗੀਆਂ ਬਦਲੀਆਂ ਹਨ ਤੇ 2031 ਤੱਕ 3500 ਬੈੱਡ ਵਾਲੇ ਹਸਪਤਾਲ ਬਣਾਉਣ ਦੀ ਯੋਜਨਾ ਹੈ।

## ਬੀ ਕੇ ਯੂ ਕਾਦੀਆਂ ਵੱਲੋਂ ਰਾਜਪਾਲ ਦੇ ਨਾਂਅ ਡੀ ਸੀ ਮੰਗ ਪੱਤਰ

### ਹਰਿਆਣਾ ਸਰਕਾਰੀ ਦਫਤਰਾਂ ਦੀ ਉਸਾਰੀ ਲਈ ਚੰਡੀਗੜ੍ਹ ਖੇਤਰ 'ਚੋਂ ਜ਼ਮੀਨ ਦੇਣੀ ਗੈਰ-ਸੰਵਿਧਾਨਕ : ਮੇਜਰ ਸਿੰਘ ਘੋਲੀਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਪੰਜਾਬ ਕਾਦੀਆਂ, ਜ਼ਿਲ੍ਹਾ ਮੋਗਾ ਵੱਲੋਂ ਗਵਰਨਰ ਪੰਜਾਬ ਨੂੰ ਡਿਪਟੀ ਕਮਿਸ਼ਨਰ ਮੋਗਾ ਰਾਹੀਂ ਮੰਗ ਪੱਤਰ ਤਹਿਸੀਲਦਾਰ ਮੋਗਾ ਲਖਵਿੰਦਰ ਸਿੰਘ ਨੂੰ ਸੌਂਪਿਆ ਗਿਆ। ਇਸ ਮੌਕੇ ਕਾਰਜਕਾਰੀ ਪ੍ਰਧਾਨ ਮੇਜਰ ਸਿੰਘ ਘੋਲੀਆ ਖੁਰਦ, ਜ਼ਿਲ੍ਹਾ ਮੀਤ ਪ੍ਰਧਾਨ ਰਾਜਿੰਦਰ ਸਿੰਘ ਮਾਣੂੰਕੇ, ਗੁਰਪ੍ਰੀਤ ਸਿੰਘ ਤੇ ਜ਼ਿਲ੍ਹਾ ਮੋਗਾ ਕਮੇਟੀ ਭਾਰਤੀ ਕਿਸਾਨ ਯੂਨੀਅਨ ਪੰਜਾਬ ਜ਼ਿਲ੍ਹਾ ਮੋਗਾ (ਕਾਦੀਆਂ) ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਨੂੰ ਵਸਾਇਆ ਗਿਆ ਹੈ। ਇਸ ਤਰ੍ਹਾਂ ਚੰਡੀਗੜ੍ਹ ਉਪਰ ਪੰਜਾਬ ਦਾ ਹੀ ਪੂਰਨ ਅਧਿਕਾਰ ਹੈ। ਇਸ ਲਈ ਜਥੇਬੰਦੀ ਵੱਲੋਂ ਪੰਜਾਬ ਗਵਰਨਰ ਮੰਗ ਪੱਤਰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸੂਬੇ ਦੀ ਵਿਧਾਨ ਸਭਾ ਅਤੇ ਹੋਰ ਸਰਕਾਰੀ ਦਫਤਰਾਂ ਦੀ ਉਸਾਰੀ ਲਈ ਕੇਂਦਰ ਸਰਕਾਰ ਵੱਲੋਂ 10 ਏਕੜ ਜ਼ਮੀਨ ਚੰਡੀਗੜ੍ਹ ਖੇਤਰ ਵਿੱਚੋ ਦਿੱਤੀ ਗਈ ਹੈ ਜੋ ਕਿ ਗੈਰ ਸੰਵਿਧਾਨਕ ਹੈ। ਇਸ ਫੈਸਲੇ ਨੂੰ ਆਪ ਜੀ ਵੱਲੋਂ ਨਿੱਜੀ ਦਖਲ ਦੇ ਕੇ ਤੁਰੰਤ ਰੱਦ ਕਰਵਾਇਆ ਜਾਵੇ। ਜਿਵੇਂ ਹਿਮਾਚਲ ਪ੍ਰਦੇਸ਼ ਵੱਲੋਂ ਵੀ ਪੰਜਾਬ ਤੇ ਵੱਖ ਹੋਣ ਤੋਂ ਬਾਅਦ ਆਪਣੇ ਸੂਬੇ ਦੀ ਰਾਜਧਾਨੀ ਸ਼ਿਮਲਾ ਵਿਖੇ ਬਣਾਈ ਹੈ। ਇਸ ਤਰ੍ਹਾਂ ਹਰਿਆਣਾ ਵੀ ਆਪਣੇ ਸੂਬੇ ਲਈ ਆਪਣੀ ਵੱਖਰੀ ਰਾਜਧਾਨੀ ਆਪਣੇ ਸੂਬੇ ਅੰਦਰ ਹੀ ਬਣਾਵੇ। ਕਿਉਂਕਿ ਹਰਿਆਣਾ ਪੰਜਾਬ ਨਾਲੋਂ ਵੱਖ ਹੋਣ ਤੋਂ ਬਾਅਦ ਅੱਜ ਤੱਕ ਚੰਡੀਗੜ੍ਹ ਨੂੰ ਆਰਜੀ ਤੌਰ 'ਤੇ ਹੀ ਰਾਜਧਾਨੀ ਵਜੋਂ ਵਰਤ ਰਿਹਾ ਹੈ। ਪਿਛਲੇ ਸਾਲਾਂ ਦੌਰਾਨ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਵੱਡੇ ਅਦਾਰਿਆਂ ਤੇ ਪ੍ਰੋਜੈਕਟਾਂ ਦੀਆਂ ਮੈਨੇਜਮੈਂਟਾਂ ਵਿੱਚੋਂ ਖਤਮ ਕੀਤੀ ਪੰਜਾਬ ਦੀ ਪ੍ਰਤੀਨਿਧਤਾ ਨੂੰ ਮੁੜ ਬਹਾਲ ਕਰਵਾਇਆ ਜਾਵੇ। ਜਿਵੇਂ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਗੈਰਾ।

## ਟੀਚਰਾਂ ਦੀਆਂ ਤਨਖਾਹਾਂ ਘਟਾਉਣ ਸੰਬੰਧੀ ਡਾਇਰੈਕਟਰ ਦੇ ਪੱਤਰ ਨੇ ਪਾਇਆ ਭੰਬਲਭੂਸਾ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਪੀ ਟੀ ਆਈ ਤੇ ਆਰਟ ਕਰਾਫਟ ਟੀਚਰਾਂ ਦੀਆਂ ਤਨਖਾਹਾਂ ਘਟਾਉਣ ਸਬੰਧੀ ਡਾਇਰੈਕਟਰ ਆਫ ਸਕੂਲ ਐਜੂਕੇਸ਼ਨ ਪੰਜਾਬ (ਸੈਕੰਡਰੀ) ਵੱਲੋਂ 8 ਨਵੰਬਰ 2024 ਨੂੰ ਇੱਕ ਪੱਤਰ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਭੇਜਿਆ ਗਿਆ ਹੈ।ਇਸ ਪੱਤਰ ਰਾਹੀਂ ਵਿਭਾਗ ਵੱਲੋਂ 8 ਨਵੰਬਰ 2012 ਨੂੰ ਜਾਰੀ ਕੀਤੇ ਗਏ ਪੱਤਰ ਨੂੰ ਵਾਪਸ ਲੈਂਦੇ ਹੋਏ ਸਬੰਧਤ ਅਧਿਆਪਕਾਂ ਦੀ ਤਨਖਾਹ ਘਟਾਉਣ ਤੇ ਬਣਦੀ ਰਿਕਵਰੀ ਕਰਨ ਦੀ ਆਦੇਸ਼ ਜਾਰੀ ਕੀਤੇ ਗਏ ਹਨ।

ਇਸ ਸਬੰਧੀ ਸਾਂਝਾ ਅਧਿਆਪਕ ਮੋਰਚਾ ਜ਼ਿਲ੍ਹਾ ਫਰੀਦਕੋਟ ਦੇ ਆਗੂ ਪ੍ਰੇਮ ਚਾਵਲਾ, ਨਿਰਮਲ ਸਿੰਘ ਬਰਾੜ, ਸੁਖਦਰਸ਼ਨ ਸ਼ਰਮਾ, ਕੁਲਦੀਪ ਸਿੰਘ ਸਹਿਦੇਵ, ਜਸਕੇਵਲ ਸਿੰਘ ਗੋਲੇਵਾਲੀਆ, ਸਰਬਜੀਤ ਸਿੰਘ ਬਰਾੜ, ਸੁਖਜਿੰਦਰ ਕੌਰ ਤੇ ਕੀਰਤਨ ਸਿੰਘ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਜਾਰੀ ਇਸ ਪੱਤਰ ਨੇ ਪੀ ਟੀ ਆਈ ਤੇ ਆਰਟ ਕਰਾਫਟ ਟੀਚਰਾਂ ਵਿੱਚ ਹੜਕੰਪ ਮਚਾ ਦਿੱਤਾ ਹੈ।ਉਨ੍ਹਾਂ ਸਿੱਖਿਆ ਮੰਤਰੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਹ ਭੰਬਲਭੂਸਾ ਤੁਰੰਤ ਦੂਰ ਕੀਤਾ ਜਾਵੇ, ਜੇਕਰ ਇਸ ਸਬੰਧੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਜਾਂ ਕਿਸੇ ਹੋਰ ਅਦਾਲਤ ਨੇ ਕੋਈ ਹੁਕਮ ਪਾਸ ਕੀਤੇ ਹਨ ਤਾਂ ਇਸ ਫੈਸਲੇ ਦਾ ਜ਼ਿਕਰ ਕਰਦੇ ਹੋਏ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਸਪੱਸ਼ਟ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ਕਿ ਇਹ ਪੱਤਰ ਕਿਸ ਸਮੇਂ ਤੋਂ ਬਾਅਦ ਭਰਤੀ ਪੀ ਟੀ ਆਈ ਤੇ ਆਰਟ ਕਰਾਫਟ ਟੀਚਰਾਂ ਦੇ ਲਾਗੂ ਹੁੰਦਾ ਹੈ? ਆਗੂਆਂ ਨੇ ਕਿਹਾ ਕਿ ਜੇਕਰ ਸਿੱਖਿਆ ਵਿਭਾਗ ਪੰਜਾਬ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਬੇਇਨਸਾਫੀ ਕੀਤੀ ਗਈ ਤਾਂ ਅਧਿਆਪਕ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੀ ਅਗਵਾਈ ਹੇਠ ਜਥੇਬੰਦਕ ਸੰਘਰਸ਼ ਤੇ ਇਨਸਾਫ ਦੀ ਪ੍ਰਾਪਤੀ ਲਈ ਕਾਨੂੰਨੀ ਲੜਾਈ ਲੜਨ ਲਈ ਮਜਬੂਰ ਹੋਣਗੇ।

## ਬਾਬਾ ਪ੍ਰੀਤਮ ਸਿੰਘ ਦੀ 32ਵੀਂ ਬਰਸੀ ਮਨਾਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਵਾਲਮੀਕ ਖਾਲਸਾ ਦਲ ਪੰਜਾਬ ਵੱਲੋਂ ਗੁਰਦੁਆਰਾ ਬਾਬਾ ਸੰਗਤ ਸਿੰਘ ਮਹਿਮੇਵਾਲਾ ਚੌਕ ਕੋਟਕਪੂਰਾ ਰੋਡ ਮੋਗਾ ਵਿਖੇ ਬਾਬਾ ਪ੍ਰੀਤਮ ਸਿੰਘ ਦੀ 32ਵੀਂ ਬਰਸੀ ਮਨਾਈ ਗਈ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸਾਬਕਾ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਵਿਸ਼ੇਸ਼ ਤੌਰ ਤੇ ਪਹੁੰਚੇ। ਉਨ੍ਹਾਂ ਵੱਲੋਂ ਬਾਬਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਉਹਨਾਂ ਨੇ ਬਾਬਾ ਪ੍ਰੀਤਮ ਸਿੰਘ ਦੀਆਂ ਸਿੱਖਿਆਵਾਂ ਪ੍ਰਤੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸ੍ਰੀ ਭੱਟੀ ਨੇ ਦੱਸਿਆ ਕ ਬਾਬਾ ਜੀ ਨੇ 1984 ਦੇ ਦੰਗਿਆਂ ਵਿੱਚ 250 ਨਿਹੰਗ ਸਿੰਘਾਂ ਸਮੇਤ ਹਰਿਦੁਆਰ ਤੋਂ ਸ੍ਰੀ ਦਰਬਾਰ ਸਿੰਘ ਤੱਕ ਅਮਨ ਸ਼ਾਂਤੀ ਦਾ ਸੁਨੇਹਾ ਦਿੰਦੇ ਹੋਏ ਸੱਦਭਾਵਨਾ ਪੈਦਲ ਯਾਤਰਾ ਕੀਤੀ। ਦਲ ਦੇ ਮੁੱਖ ਸੇਵਾਦਾਰ ਅਮਰਜੀਤ ਸਿੰਘ ਨੇ ਇਸ ਮੌਕੇ ਸ਼ਾਮਲ ਹੋਏ ਅਹੁਦੇਦਾਰਾਂ ਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਹਨੀ ਸੋਢੀ ਸੀਨੀਅਰ ਕਾਂਗਰਸੀ ਆਗੂ, ਹਰਬੰਸ ਸਾਗਰ ਜਨਰਲ ਸੈਕਟਰੀ ਪੰਜਾਬ, ਗੁਰਮੀਤ ਸਿੰਘ ਸਾਬਕਾ ਸਰਪੰਚ, ਜਗਰੂਪ ਸਿੰਘ ਜਿਲ੍ਹਾ ਮੀਤ ਪ੍ਰਧਾਨ ਐਸ.ਸੀ.ਵਿੰਗ, ਸੁਖਮੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਪਰਦੀਪ ਸ਼ਰਮਾ, ਬਲਵੀਰ ਸਿੰਘ ਮੁੱਖ ਸੇਵਾਦਾਰ ਬਾਬਾ ਅਜਮੇਰ ਸਿੰਘ ਰੱਬ ਜੀ, ਮਨਜੀਤ ਸਿੰਘ ਮਿੰਦੀ ਗੁਰੂ ਨਾਨਕ ਮੋਦੀ ਖਾਨੇ ਵਾਲੇ, ਸਵਰਨ ਸਿੰਘ, ਚੌਧਰੀ ਚਰਨ ਸਿੰਘ ਐਫ.ਸੀ.ਆਈ, ਬਲਵੀਰ ਸਿੰਘ ਹਾਂਸ ਜੇ.ਈ, ਦਰਸ਼ਨ ਸਿੰਘ ਪੰਮਾ, ਗੁਰਮੇਲ ਸਿੰਘ ਗਿੱਲ, ਮੇਜਰ ਸਿੰਘ ਅਮਰੀਕਾ ਵਾਲੇ, ਬਿੰਦਰ ਸਿੰਘ ਗਿੱਲ, ਸ਼ੰਕਰ ਸਿੰਘ ਘਾਰੂ, ਜਲੌਰ ਸਿੰਘ, ਜੋਧਾ ਸਿੰਘ ਗਿੱਲ, ਟੀਨਾ ਸਿੰਘ, ਵਿਜੈ ਗਿੱਲ, ਮਿੱਠੂ ਸਿੰਘ, ਠਾਣਾ ਸਿੰਘ, ਇਕਬਾਲ ਸਿੰਘ, ਬੇਅੰਤ ਸਿੰਘ ਗਿੱਲ ਦਫਤਰ ਸੈਕਟਰੀ ਆਦਿ ਹਾਜ਼ਰ ਸਨ।

## ਅਸਿਸਟੈਂਟ ਪ੍ਰੋਫੈਸਰਾਂ 'ਤੇ ਲਾਠੀਚਾਰਜ ਦੀ ਡੀ ਟੀ ਐੱਫ਼ ਵੱਲੋਂ ਨਿਖੇਧੀ

**ਮਾਨਸਾ (ਆਤਮਾ ਸਿੰਘ ਪਮਾਰ)**-ਸੰਗਰੂਰ ਵਿਖੇ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਜਾਂ ਰਹੇ ਅਸਿਸਟੈਂਟ ਪ੍ਰੋਫੈਸਰਾਂ 'ਤੇ ਪੁਲਸ ਵੱਲੋਂ ਕੀਤੇ ਲਾਠੀਚਾਰਜ ਤੇ ਖਿੱਚ ਧੂਹ ਦੀ ਡੀ ਟੀ ਐੱਫ਼ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਡੀ ਟੀ ਐੱਫ਼ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਇਕ ਪਾਸੇ ਸੂਬੇ ਦੇ ਕਾਲਜ ਪ੍ਰੋਫੈਸਰਾਂ ਤੋਂ ਬਿਨਾਂ ਖਾਲੀ ਪਏ ਹਨ ਤੇ ਦੂਜੇ ਪਾਸੇ ਬੇਰੁਜ਼ਗਾਰ ਪ੍ਰੋਫੈਸਰ ਸੜਕਾਂ 'ਤੇ ਰੁਲ਼ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੌਕਰੀਆਂ ਦੇਣ ਦੀ ਥਾਂ ਬੇਰੁਜ਼ਗਾਰਾਂ 'ਤੇ ਜਬਰ ਢਾਹ ਰਹੀ ਹੈ।ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਮੰਗ ਕੀਤੀ ਕਿ ਸਰਕਾਰ ਅਸਿਸਟੈਂਟ ਪ੍ਰੋਫੈਸਰਾਂ ਨੂੰ ਤੁਰੰਤ ਨੌਕਰੀ 'ਤੇ ਹਾਜ਼ਰ ਕਰਵਾਇਆ ਜਾਵੇ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਕਿਹਾ ਕਿ ਲੰਬੇ ਸਮੇਂ ਤੋਂ ਕਾਲਜ ਖਾਲੀ ਪਏ ਹਨ ਤੇ ਇਹ ਭਰਤੀ ਪਿਛਲੇ ਤਿੰਨ ਸਾਲ ਤੋਂ ਲਟਕ ਰਹੀ ਹੈ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਇਸ ਮੌਕੇ ਨਵਜੋਸ਼ ਸਪੋਲੀਆ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਰੇਨੂੰ ਬਾਲਾ, ਅਮਰਪ੍ਰੀਤ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਦਸ ਮਹੀਨੇ ਬੀਤਣ ਦੇ ਬਾਵਜੂਦ ਪੁਲਸ ਚੋਰਾਂ ਦਾ ਸੁਰਾਗ ਲਗਾਉਣ 'ਚ ਨਕਾਮ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**



ਜਾਣਕਾਰੀ ਦਿੰਦੇ ਬ੍ਰਿਸ਼ ਭਾਨ ਬੁਜਰਕ

ਸ਼ਹਿਰ ਦੇ ਉਘੇ ਸਮਾਜ ਸੇਵੀ ਬ੍ਰਿਸ਼ ਭਾਨ ਬੁਜਰਕ ਦੇ ਘਰ ਚੋਰਾਂ ਨੇ ਰਾਤ ਸਮੇਂ ਚੋਰੀ ਕਰ ਲਈ ਤੇ ਚੋਰ ਉਨ੍ਹਾਂ ਦੇ ਘਰ ਦਾ ਸਾਰਾ ਸਾਮਾਨ ਫਰੋਲ ਕੇ ਸੋਨੇ ਦੇ ਗਹਿਣੇ ਚੋਰੀ ਕਰਕੇ ਲੈ ਗਏ, ਜਿਨ੍ਹਾਂ ਦੀ ਕੀਮਤ ਕਰੀਬ 5 ਲੱਖ ਤੋਂ ਵੱਧ ਸੀ, ਪਰ 10 ਮਹੀਨੇ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਪੁਲਸ ਚੋਰੀ ਕਰਨ ਵਾਲੇ ਵਿਅਕਤੀਆਂ ਨੂੰ ਫੜਨ ਚ ਅਸਫ਼ਲ ਰਹੀ ਹੈ ਅਤੇ ਸੂਚਨਾ ਅਧਿਕਾਰ ਐਕਟ 'ਚ ਮੰਗੀ ਗਈ ਜਾਣਕਾਰੀ ਮੁਤਾਬਕ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਦੂਸਰੇ ਪਾਸੇ ਚੋਰੀ ਹੋਣ ਦੀ ਸੂਚਨਾ ਮਿਲਣ 'ਤੇ ਪੁੱਜੀ ਪੁਲਸ ਨੇ ਛੇਤੀ ਹੀ ਚੋਰਾਂ ਨੂੰ ਫੜ ਲੈਣ ਦਾ ਦਾਅਵਾ ਕੀਤਾ ਸੀ, ਪਰ ਇਸ ਮਾਮਲੇ 'ਚ ਕੋਈ ਸਫਲਤਾ ਨਹੀਂ ਮਿਲੀ।

ਸਮਾਜ ਸੇਵੀ ਬ੍ਰਿਸ਼ ਭਾਨ ਬੁਜਰਕ ਨੇ ਦੱਸਿਆ ਕਿ ਸੂਚਨਾ ਦੇ ਅਧਿਕਾਰ ਐਕਟ 2005 ਤਹਿਤ ਪੁਲਸ ਵਿਭਾਗ ਕੋਲੋਂ ਇਸ ਮਾਮਲੇ 'ਚ ਹੋਈ ਕਾਰਵਾਈ ਸਬੰਧੀ ਜਾਣਕਾਰੀ ਮੰਗੀ ਗਈ ਸੀ, ਜਿਸ ਦੇ ਜਵਾਬ 'ਚ ਲਿਖਿਆ ਗਿਆ ਹੈ ਕਿ ਚੋਰੀ ਵਾਲੇ ਮਾਮਲੇ ਦੀ ਅਜੇ ਜਾਂਚ ਚੱਲ ਰਹੀ ਹੈ।ਜਦੋਂ ਕਿ ਚੋਰੀ ਹੋਣ ਦੇ 10 ਮਹੀਨੇ ਬਾਅਦ ਵੀ ਪੁਲਸ ਚੋਰਾਂ ਤੱਕ ਨਹੀਂ ਪਹੁੰਚ ਸਕੀ।ਬੁਜਰਕ ਨੇ ਕਿਹਾ ਕਿ 8 ਜਨਵਰੀ ਨੂੰ ਉਹ ਆਪਣੀ ਪਤਨੀ ਦਾ ਆਪ੍ਰੇਸ਼ਨ-ਕਰਵਾਉਣ ਲਈ ਹਰਿਆਣਾ ਦੇ ਸ਼ਹਿਰ ਟੋਹਾਣਾ ਗਏ ਹੋਏ ਸੀ।ਜਦੋਂ 12 ਜਨਵਰੀ ਨੂੰ ਸਵੇਰੇ ਉਨ੍ਹਾਂ ਦਾ ਲੜਕਾ ਘਰ ਆਇਆ ਤਾਂ ਦੇਖਿਆ ਕਿ ਘਰ ਦਾ ਸਾਰਾ ਸਾਮਾਨ ਖਿਲਾਰਿਆ ਪਿਆ ਸੀ ਅਤੇ ਅਲਮਾਰੀ ਦਾ ਜਿੰਦਰਾ ਤੋੜਿਆ ਹੋਇਆ ਸੀ।ਮੇਰੀ ਪਤਨੀ ਨੂੰ ਹਸਪਤਾਲ 'ਚੋਂ ਛੁੱਟੀ ਮਿਲਣ 'ਤੇ ਜਦੋਂ ਅਸੀ ਘਰ ਆਏ ਤਾਂ ਸਾਰਾ ਸਾਮਾਨ ਚੈੱਕ ਕਰਨ 'ਤੇ ਸੋਨੇ ਦੇ ਗਹਿਣੇ ਗਾਇਬ ਸਨ, ਜਿਨ੍ਹਾਂ ਦੀ ਕੀਮਤ ਕਰੀਬ 4 ਤੋਂ 5 ਲੱਖ ਹੈ ਅਤੇ ਘਰ 'ਚ ਲੱਗੇ ਵਾਈ ਫਾਈ ਦਾ ਬਾਕਸ ਵੀ ਚੋਰ ਸਾੜ ਕੇ ਸੁੱਟ ਗਏ।ਉਨ੍ਹਾਂ ਕਿਹਾ ਕਿ ਚੋਰਾਂ ਨੂੰ ਫੜਨਾ ਤਾਂ ਦੂਰ ਦੀ ਗੱਲ ਰਹੀ।ਪੁਲਸ 10 ਮਹੀਨੇ ਦਾ ਸਮਾਂ ਬੀਤ ਜਾਣ ਬਾਅਦ ਵੀ ਚੋਰੀ ਕਰਨ ਵਾਲਿਆਂ ਤੱਕ ਨਹੀਂ ਪਹੁੰਚ ਸਕੀ।

## ਸੀਨੀਅਰ ਸਿਟੀਜਨ ਭਲਾਈ ਸੰਸਥਾ ਵੱਲੋਂ ਸਨਮਾਨ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਬਨਾਸਰ ਬਾਗ਼ ਸਥਿਤ ਸੀਨੀਅਰ ਸਿਟੀਜਨ ਭਲਾਈ ਸੰਸਥਾ ਦੇ ਮੁੱਖ ਦਫਤਰ ਵਿਖੇ ਮਹੀਨਾਵਾਰੀ ਜਨਮ ਦਿਨ ਮਨਾਉਣ ਸਬੰਧੀ ਸਨਮਾਨ ਸਮਾਰੋਹ ਕੀਤਾ ਗਿਆ।ਡਾ. ਨਰਵਿੰਦਰ ਸਿੰਘ ਕੌਸ਼ਲ ਪ੍ਰਧਾਨ ਤੇ ਇੰਜੀਨੀਅਰ ਪਰਵੀਨ ਬਾਂਸਲ ਚੇਅਰਮੈਨ ਦੀ ਅਗਵਾਈ ਵਿੱਚ ਹੋਏ ਸਮਾਗਮ ਦੀ ਪ੍ਰਧਾਨਗੀ ਮੰਡਲ ਵਿੱਚ ਸੀਨੀਅਰ ਸਰਪ੍ਰਸਤ ਇੰਜ: ਬਲਦੇਵ ਸਿੰਘ ਗੋਸਲ ਤੇ ਗੁਰਪਾਲ ਸਿੰਘ ਗਿੱਲ ਸ਼ਾਮਲ ਹੋਏ।ਜਗਜੀਤ ਸਿੰਘ ਜੱਸਲ ਦੇ ਸਟੇਜ ਸੰਚਾਲਨ ਅਧੀਨ ਸੱਤਦੇਵ ਸ਼ਰਮਾ ਸਟੇਟ ਐਵਾਰਡੀ ਨੇ ਸਵਾਗਤੀ ਸ਼ਬਦ ਕਹੇ ਤੇ ਆਪਣੀ ਵਿਦੇਸ਼ ਯਾਤਰਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਏ.ਪੀ. ਸਿੰਘ ਬਾਬਾ, ਸੁਰਜੀਤ ਸਿੰਘ ਢੀਂਡਸਾ, ਰਾਜ ਕੁਮਾਰ ਅਰੋੜਾ, ਆਰ ਐਸ ਮਦਾਨ, ਭੁਪਿੰਦਰ ਸਿੰਘ ਜੱਸੀ, ਗੋਬਿੰਦਰ ਸ਼ਰਮਾ, ਸੁਰਿੰਦਰ ਪਾਲ ਸਿੰਘ ਸਿਦਕੀ, ਚੰਚਲ ਗਰਗ ਆਦਿ ਨੇ ਸੰਸਥਾ ਦੇ ਦਫ਼ਤਰ ਵਿਖੇ ਪਹਿਲੀ ਵਾਰ ਫੈਡਰੇਸ਼ਨ ਆਫ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਇਕਾਈ ਦੀ ਰਾਜ ਪੱਧਰੀ ਹੋਈ ਕਾਨਫਰੰਸ ਨੂੰ ਸਫਲਤਾ ਪੂਰਵਕ ਤੇ ਸੁਯੋਗ ਪ੍ਰਬੰਧ ਅਧੀਨ ਕਰਨ 'ਤੇ ਖੁਸ਼ੀ ਜ਼ਾਹਰ ਕੀਤੀ ਅਤੇ ਸਮੁੱਚੀ ਪ੍ਰਬੰਧਕੀ ਟੀਮ ਨੂੰ ਵਧਾਈਆਂ ਦਿੱਤੀਆਂ।ਇਸ ਕਾਨਫਰੰਸ ਵਿੱਚ ਦਿੱਤੇ ਸੁਝਾਵਾਂ ਦੀ ਰੌਸ਼ਨੀ ਵਿੱਚ ਸੰਗਰੂਰ ਦੀ ਸੰਸਥਾ ਨੂੰ ਵੀ ਲੋਕ ਭਲਾਈ ਦੇ ਕਾਰਜ, ਲੋੜਵੰਦਾਂ ਦੀ ਮਦਦ, ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਆਦਿ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਬੁਲਾਰਿਆਂ ਵੱਲੋਂ ਜਨਮ ਦਿਨ ਵਾਲੇ ਮੈਂਬਰਾਂ ਨੂੰ ਮੁਬਾਰਕਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਦੀ ਸਿਹਤਮੰਦ ਉਮਰ ਅਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ ਗਈ।ਬਲਦੇਵ ਸਿੰਘ ਗੋਸਲ ਨੇ ਆਪਣੇ ਵਿਦੇਸ਼ ਨਿਵਾਸ ਦੌਰਾਨ, ਉਥੇ ਸੀਨੀਅਰ ਸਿਟੀਜਨ ਲਈ ਕੀਤੇ ਕਾਰਜਾਂ ਬਾਰੇ ਦੱਸਿਆ ਤੇ ਬਜ਼ੁਰਗਾਂ ਨੂੰ ਜ਼ਿੰਦਗੀ ਦੇ ਇਸ ਪੜਾਅ 'ਤੇ ਸਮਾਜਿਕ ਸੇਵਾ ਲਈ ਕਾਰਜਸ਼ੀਲ ਰਹਿਣ ਦੀ ਪ੍ਰੇਰਣਾ ਕੀਤੀ।ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਫੈਡਰੇਸ਼ਨ ਦੀ ਕਾਨਫਰੰਸ ਲਈ ਕਾਰਜਕਾਰਨੀ ਮੈਂਬਰਾਂ ਵੱਲੋਂ ਮਿਲੇ ਅਥਾਹ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕਰਦੇ ਹੋਏ ਸੰਸਥਾ ਦੀ ਬਿਹਤਰੀ ਲਈ ਬੁਲਾਰਿਆਂ ਵੱਲੋਂ ਦਿੱਤੇ ਸੁਝਾਵਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਉਹ ਜਲਦੀ ਹੀ ਇਸ ਸਬੰਧੀ ਕਾਰਵਾਈ ਕਰਨਗੇ।ਇਸ ਮੌਕੇ ਸ਼ਕਤੀ ਮਿੱਤਲ, ਅਵਿਨਾਸ਼ ਸ਼ਰਮਾ, ਰਾਜ ਕੁਮਾਰ ਬਾਂਸਲ, ਬਾਲ ਕ੍ਰਿਸ਼ਨ, ਕੁਲਵੰਤ ਸਿੰਘ ਅਕੋਈ, ਕਰਨ ਕੁਮਾਰ, ਸੁਰਿੰਦਰ ਸ਼ੋਰੀ ਵੱਲੋਂ ਵੱਖ ਸੇਵਾਵਾਂ ਨਿਭਾਈਆਂ ਗਈਆਂ।ਜਨਮ ਦਿਨ ਵਾਲੇ ਮੈਂਬਰਾਂ ਨੂੰ ਹਾਰ ਪਾ ਕੇ ਤੇ ਗਿਫਟ ਦੇ ਕੇ ਸਨਮਾਨਤ ਕੀਤਾ।ਜੋੜੀਆਂ ਨੇ ਇੱਕ ਦੂਜੇ ਦੇ ਹਾਰ ਪਾ ਕੇ ਖੁਸ਼ਗਵਾਰ ਮਾਹੌਲ ਬਣਾ ਦਿੱਤਾ।

ਇਸ ਸਮਾਗਮ ਵਿੱਚ ਸੁਖਵਿੰਦਰ ਸਿੰਘ, ਕਰਨਲ ਜੀਤ ਸਿੰਘ, ਕੌਰ ਸਿੰਘ, ਵੀ ਕੇ ਬਜਾਜ, ਨੰਦ ਲਾਲ, ਸੁਭਾਸ਼ ਚੰਦਰ, ਸਤਵੰਤ ਸਿੰਘ ਮੌੜ, ਕੈਪਟਨ ਐਮ ਕੇ ਗੋਇਲ, ਸਰਦਾਰਾ ਸਿੰਘ, ਕਰਨਲ ਐਸ ਐਸ ਚੀਮਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਸਥਾ ਮੈਂਬਰ ਹਾਜ਼ਰ ਸਨ।

## ਜਲ ਸਪਲਾਈ ਵਿਭਾਗ ਦੇ ਮੋਟੀਵੇਟਰਾਂ ਦੀ ਟ੍ਰੇਨਿੰਗ ਸ਼ੁਰੂ



**ਬਰੇਟਾ (ਗੋਬਿੰਦ ਸ਼ਰਮਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਬਤੌਰ ਮੋਟੀਵੇਟਰ ਕੰਮ ਕਰ ਰਹੇ ਵਰਕਰਾਂ ਦੀ ਵਿਭਾਗ ਵੱਲੋਂ ਸੈਨੀਟੇਸ਼ਨ ਦੇ ਕੰਮ ਦੀ ਟ੍ਰੇਨਿੰਗ 21 ਨਵੰਬਰ ਤੋਂ ਸ਼ੁਰੂ ਹੋ ਚੁੱਕੀ ਹੈ ਜਾਣਕਾਰੀ ਦਿੰਦਿਆਂ ਸੂਬਾ ਆਗੂ ਰਵਿੰਦਰ ਅਲੀਸ਼ੇਰ ਤੇ ਰਣਜੀਤ ਸਿੰਘ ਅੰਮ੍ਰਿਤਸਰ ਸਾਹਿਬ ਨੇ ਦੱਸਿਆ ਕੀ ਵਿਭਾਗ ਵੱਲੋਂ ਸੈਨੀਟੇਸ਼ਨ ਦੇ ਕੰਮ ਸੋਲਿਡ ਵੇਸਟ ਤੇ ਲਿਕੁਅਡ ਵੇਸਟ ਸਮੇਤ ਹੋਰ ਪ੍ਰੋਜੈਕਟਾਂ ਦੀ ਵਿਭਾਗ ਵੱਲੋਂ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਆਗੂਆਂ ਨੇ ਦੱਸਿਆ ਕਿ ਇਸ ਟ੍ਰੇਨਿੰਗ ਲਈ ਮੋਟੀਵੇਟਰਾਂ ਦੇ 11 ਬੈਚ ਬਣੇ ਹੋਏ ਹਨ ਤੇ ਹਰ ਇੱਕ ਬੈਚ ਵਿੱਚ 45 ਮੋਟੀਵੇਟਰ ਹੋਣਗੇ ਅਤੇ ਇਹ ਟ੍ਰੇਨਿੰਗ 17 ਦਸਬੰਰ ਤੱਕ ਚੱਲੇਗੀ। ਜਲ ਸਪਲਾਈ ਵਿਭਾਗ ਵੱਲੋਂ ਟ੍ਰੇਨਿੰਗ ਤੇ ਮੋਟੀਵੇਟਰਾਂ ਦੇ ਰਹਿਣ ਅਤੇ ਖਾਣ-ਪੀਣ ਦਾ ਢੁੱਕਵਾਂ ਪ੍ਰਬੰਧ ਕੀਤਾ ਹੋਇਆ ਹੈ। ਜਾਣਕਾਰੀ ਦਿੰਦਿਆਂ ਸੂਬਾ ਸਕੱਤਰ ਰਣਵੀਰ ਰਵੀ ਕੁਲਰੀਆਂ ਤੇ ਸਤਨਾਮ ਸਿੰਘ ਨੇ ਦੱਸਿਆ ਕਿ ਬੀਤੀ 17 ਨਵੰਬਰ ਨੂੰ ਜਲ ਸਪਲਾਈ ਮੰਤਰੀ ਦੀ ਰਿਹਾਇਸ਼ 'ਤੇ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ, ਵਿਭਾਗ ਮੁਖੀ ਸਮੇਤ ਹੋਰ ਉੱਚ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਵਿਭਾਗ ਤੇ ਜਲ ਮੰਤਰੀ ਨੇ ਦੱਸਿਆ ਕਿ ਵਾਟਰ ਕੰਪੋਨਟ ਦੀ ਪਾਲਿਸੀ ਲਾਗੂ ਕਰਨ ਸਬੰਧੀ ਵਿਭਾਗ ਨੇ 4 ਦਸੰਬਰ ਤੱਕ ਦਾ ਸਮਾਂ ਦਿੱਤਾ ਹੈ ਅਤੇ 4 ਤਰੀਕ ਨੂੰ ਦੁਬਾਰਾ ਫਿਰ ਮੀਟਿੰਗ ਕਰਕੇ ਹੱਲ ਕਰਨ ਦਾ ਭਰੋਸਾ ਦਿੱਤਾ ਹੈ।ਇਸ ਮੌਕੇ ਜਗਸੀਰ ਸੰਗਰੂਰ, ਹੁੰਦਲ ਗੁਰਦਾਸਪੁਰ, ਜਗਜੀਤ ਬਠਿੰਡਾ, ਗੁਰਿੰਦਰ ਸਮਰਾ, ਹੈਪੀ ਪਠਾਨਕੋਟ, ਰਵਿੰਦਰ ਹੁਸ਼ਿਆਰਪੁਰ ਸਮੇਤ ਹੋਰ ਜ਼ਿਲ੍ਹਿਆਂ ਦੇ ਆਗੂ ਹਾਜ਼ਰ ਰਹੇ।

## ਕੁੱਕੂ ਪ੍ਰਧਾਨ ਦੀ ਯਾਦ 'ਚ ਤੀਜਾ ਸੱਭਿਆਚਾਰਕ ਪ੍ਰੋਗਰਾਮ ਤੇ ਕਬੱਡੀ ਕੱਪ

### ਗਾਇਕ ਦਿਲਪ੍ਰੀਤ ਢਿੱਲੋਂ, ਜੈਸਮੀਨ ਅਖ਼ਤਰ ਤੇ ਹੋਰ ਗਾਇਕਾਂ ਨੇ ਆਪਣੀ ਕਲਾ ਰਾਹੀਂ ਬੰਨ੍ਹਿਆ ਸਮਾਂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਫਿਰੋਜ਼ਪੁਰ ਦੇ ਨਾਮਵਰ ਸਮਾਜ ਸੇਵੀ ਜਤਿੰਦਰ ਮੋਹਨ ਸ਼ਰਮਾ ਉਰਫ ਕੁੱਕੂ ਪ੍ਰਧਾਨ ਦੀ ਯਾਦ ਵਿਚ ਤੀਜਾ ਸੱਭਿਆਚਾਰਕ ਪ੍ਰੋਗਰਾਮ ਅਤੇ ਕਬੱਡੀ ਕੱਪ ਦਾ ਆਯੋਜਨ ਬਸਤੀ ਵਕੀਲਾਂ ਵਾਲੀ ਵਿਖੇ ਯੂਥ ਆਗੂ ਗੁਰਪ੍ਰਵੇਸ਼ ਸਿੰਘ ਉੱਪਲ ਸਰਪੰਚ, ਰਣਧੀਰ ਸਿੰਘ ਸੰਧੂ ਤੇ ਅੰਕੁਸ਼ ਸ਼ਰਮਾ ਦੀ ਅਗਵਾਈ ਹੇਠ ਕੀਤਾ ਗਿਆ। ਸੱਭਿਆਚਾਰਕ ਪ੍ਰੋਗਰਾਮ ਵਿਚ ਪ੍ਰਸਿੱਧ ਗਾਇਕ ਦਿਲਪ੍ਰੀਤ ਢਿੱਲੋਂ, ਜੈਸਮੀਨ ਅਖ਼ਤਰ ਤੋਂ ਇਲਾਵਾ ਜੱਸੀ ਲਾਉਕਾ, ਬਾਜਵਾ, ਕਮਲ ਖਹਿਰਾ, ਗੈਲਵ ਵੜੈਚ, ਰੋਹੀ ਦੀਦਾਰ, ਗੁਰਮਾਨ ਸੰਧੂ ਆਦਿ ਗਾਇਕਾਂ ਨੇ ਲੋਕਾਂ ਦਾ ਮਨੋਰੰਜਨ ਕੀਤਾ। ਗਾਇਕ ਦਿਲਪ੍ਰੀਤ ਢਿੱਲੋਂ, ਜੈਸਮੀਨ ਅਖ਼ਤਰ ਜਦੋਂ ਸਟੇਜ ਤੇ ਆਏ ਤਾਂ ਲੋਕਾਂ ਨੇ ਤਾੜੀਆਂ ਮਾਰ ਕੇ ਉਨ੍ਹਾਂ ਦਾ ਸਵਾਗਤ ਕੀਤਾ 'ਤੇ ਉਨ੍ਹਾਂ ਆਉਂਦਿਆ ਹੀ ਆਪਣੀ ਪੰਜਾਬੀ ਗੀਤਾਂ ਨਾਲ ਦਰਸ਼ਕਾਂ ਨੂੰ ਕੀਲੀ ਕੇ ਰੱਖ ਦਿੱਤਾ। ਇਸ ਮੌਕੇ ਰੋਹਿਤ ਮੋਂਟੂ ਵੋਹਰਾ ਸੀਨੀਅਰ ਅਕਾਲੀ ਆਗੂ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹੋ ਜਿਹੇ ਮੇਲੇ ਸਾਡੇ ਪੰਜਾਬੀ ਸਭਿਆਚਾਰ ਨੂੰ ਤਾਜ਼ਾ ਰੱਖਣ ਲਈ ਬਹੁਤ ਜ਼ਰੂਰੀ ਹਨ, ਜਿਸ ਨਾਲ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਨਾਲ ਜੁੜੀ ਰਹੇਗੀ।ਇਸ ਮੌਕੇ ਉਨ੍ਹਾਂ ਵਿਸ਼ੇਸ ਪਹੁੰਚੇ ਮਹਿਮਾਨਾਂ ਨੂੰ ਸਨਮਾਨਤ ਕੀਤਾ।ਸਵੇਰ ਸਮੇਂ ਕਬੱਡੀ ਕੱਪ ਵਿਚ ਚਾਰ ਟੀਮਾਂ ਨੇ ਭਾਗ ਲਿਆ, ਜਿਸ ਵਿੱਚੋਂ ਡੀ ਪੀ ਸੰਧੂ ਤੋਤਾ ਸਿੰਘ ਵਾਲਾ, ਮਹਿਆ ਸਿੰਘ ਵਾਲਾ, ਫਰੰਦੀਪੁਰ ਮਾਝਾ 'ਤੇ ਮਾਝਾ ਘਰਿਆਲਾ ਕਲਸੀ ਕਲੱਬ ਟੀਮਾਂ ਵਿਚਕਾਰ ਜਬਰਦਸਤ ਮੁਕਾਬਲੇ ਹੋਏ, ਜਿਸ ਵਿਚ ਮਾਝਾ ਘਰਿਆਲਾ ਕਲਸੀ ਕਲੱਬ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਵਿਚ ਪਹਿਲਾ ਇਨਾਮ 100000 ਰੁਪਏ, ਦੂਜਾ 71000 ਸੀ। ਇਸ ਤੋਂ ਇਲਾਵਾ ਬੈਸਟ ਰੇਡਰ ਨੂੰ 21000 ਤੇ ਜਾਫੀ ਨੂੰ ਬੈਸਟ 21000 ਰੁਪਏ ਦੇ ਇਨਾਮ ਤਕਸੀਮ ਕੀਤੇ ਗਏ।ਇਸ ਮੌਕੇ ਗੁਰਪ੍ਰਵੇਸ਼ ਸਿੰਘ ਉਪਲ ਸਰਪੰਚ, ਰਣਧੀਰ ਸਿੰਘ ਸੰਧੂ ਤੇ ਅੰਕੁਸ਼ ਸ਼ਰਮਾ ਨੇ ਕਿਹਾ ਕਿ ਇਸ ਮੌਕੇ ਖੂਨਦਾਨ ਕੈਂਪ, ਮੈਡੀਕਲ ਚੈੱਕਅੱਪ ਕੈਂਪ ਵੀ ਲਗਾਇਆ ਗਿਆ ਤੇ ਪੌਦੇ ਵੰਡੇ ਗਏ।

## ਪ੍ਰਿੰ. ਭੰਡਾਰੀ ਸਰਬਸੰਮਤੀ ਨਾਲ 17ਵੀਂ ਵਾਰ ਗੁਰਦੁਆਰਾ ਮੋਰੀ ਗੇਟ ਦੇ ਪ੍ਰਧਾਨ ਬਣੇ



**ਜਗਰਾਓਂ (ਅਮਿਤ ਖੰਨਾ)**-ਇਲਾਕੇ ਦੇ ਪ੍ਰਸਿੱਧ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਦੀ ਹੋਈ ਸਾਲਾਨਾ ਚੋਣ ਸਮੇਂ ਸੰਗਤਾਂ ਨੇ ਲਗਾਤਾਰ 17ਵੀਂ ਵਾਰ ਪ੍ਰਧਾਨਗੀ ਦੀ ਸੇਵਾ ਪ੍ਰਿੰ. ਚਰਨਜੀਤ ਸਿੰਘ ਭੰਡਾਰੀ ਦੀ ਝੋਲੀ ਪਾਈ। ਹਾਜ਼ਰ ਮੈਂਬਰਾਂ ਵੱਲੋਂ ਉਹਨਾਂ ਨੂੰ ਸਰਬਸੰਮਤੀ ਨਾਲ ਜੈਕਾਰਿਆਂ ਦੀ ਗੂੰਜ ਨਾਲ ਮੁੱਖ ਸੇਵਾਦਾਰ (ਪ੍ਰਧਾਨ) ਚੁਣ ਲਿਆ ਗਿਆ ਜਿਸ ਦੀ ਇਲਾਕੇ ਦੀਆਂ ਸੰਗਤਾਂ ਨੇ ਭਰਪੂਰ ਸ਼ਲਾਘਾ ਕੀਤੀ।ਉਹਨਾਂ ਮੈਂਬਰਾਂ ਦੇ ਫੈਸਲੇ ਨੂੰ ਇੱਕ ਸ਼ਲਾਘਾਯੋਗ ਤੇ ਦਰੁਸਤ ਫੈਸਲਾ ਦੱਸਿਆ।ਮੁੱਖ ਸੇਵਾਦਾਰ ਚੁਣੇ ਜਾਣ ਉਪਰੰਤ ਪ੍ਰਿੰ. ਭੰਡਾਰੀ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਆਖਿਆ ਕਿ ਜੋ ਸੇਵਾ ਵਾਲੀ ਜ਼ਿੰਮੇਵਾਰੀ ਮੈਂਬਰਾਂ ਤੇ ਸੰਗਤਾਂ ਨੇ ਉਹਨਾਂ ਦੇ ਮੋਢਿਆਂ 'ਤੇ ਪਾਈ ਹੈ ਉਸ ਸੇਵਾ ਨੂੰ ਉਹ ਪੂਰੀ ਤਨਦੇਹੀ ਨਾਲ ਮੈਂਬਰਾਂ ਦੇ ਸਹਿਯੋਗ ਨਾਲ ਨਿਭਾਉਣ ਦੀ ਕੋਸ਼ਿਸ਼ ਕਰਨਗੇ। ਉਹਨਾਂ ਆਖਿਆ ਕਿ ਉਹ ਛੇਤੀ ਹੀ ਅਹੁਦੇਦਾਰ ਤੇ ਮੈਂਬਰਾਂ ਦੀ ਮੀਟਿੰਗ ਸੱਦ ਕੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਧੂਮਧਾਮ ਤੇ ਸ਼ਾਨੋ-ਸ਼ੌਕਤ ਦੇ ਨਾਲ ਮਨਾਉਣ ਵਾਸਤੇ ਪ੍ਰੋਗਰਾਮ ਉਲੀਕਣਗੇ।ਉਹਨਾਂ ਸਮੂਹ ਮੈਂਬਰਾਂ ਅਹੁਦੇਦਾਰਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਮੈਨੂੰ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕੀ ਸੇਵਾਵਾਂ ਨਿਭਾਉਣ ਵਾਸਤੇ ਯੋਗ ਸਮਝਿਆ ਹੈ।ਇਸ ਮੌਕੇ ਉਹਨਾਂ ਮੈਂਬਰਾਂ ਨੂੰ ਜ਼ਿੰਮੇਵਾਰੀਆਂ ਵੰਡਦਿਆਂ ਸਰਪ੍ਰਸਤ ਰਵਿੰਦਰਪਾਲ ਸਿੰਘ ਮੈਦ, ਚੇਅਰਮੈਨ ਤਰਲੋਕ ਸਿੰਘ ਸਿਡਾਨਾ, ਜਨਰਲ ਸਕੱਤਰ ਹਰਦੇਵ ਸਿੰਘ ਬੌਬੀ, ਖਜ਼ਾਨਚੀ ਇੰਦਰਪਾਲ ਸਿੰਘ ਵਛੇਰ, ਮੀਤ ਪ੍ਰਧਾਨ ਗੁਰਵਿੰਦਰ ਸਿੰਘ ਲਾਂਬਾ, ਮੀਤ ਸਕੱਤਰ ਬਲਜੋਤ ਸਿੰਘ ਵਛੇਰ, ਸਟੋਰ ਕੀਪਰ ਸਿਮਰਨਪ੍ਰੀਤ ਸਿੰਘ ਕੋਹਲੀ, ਮੀਡੀਆ ਸਲਾਹਕਾਰ ਹਰਮਨਦੀਪ ਸਿੰਘ ਸਰਨਾ ਬਣੇ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਮੋਰੀ ਗੇਟ ਦੀ ਕੈਬਨਿਟ ਨੂੰ ਵਧਾਈ ਦਿੰਦਿਆਂ ਸੰਗਤਾਂ ਦੇ ਫੈਸਲੇ ਨੂੰ ਦਰੁਸਤ ਦੱਸਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਭੋਲਾ ਸਿੰਘ ਵੀ ਹਾਜ਼ਰ ਸਨ।ਇੱਥੇ ਇਹ ਵਰਣਨਯੋਗ ਹੈ ਕਿ ਕਮੇਟੀ ਦੀ ਚੋਣ ਹਾਜ਼ਰ ਮੈਂਬਰਾਂ ਵਿੱਚੋਂ ਹੀ ਕੀਤੀ ਗਈ।

## ਰੰਧਾਵਾ ਨੂੰ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੇ ਦਿੱਤੀ ਵਧਾਈ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੀ ਜ਼ਿਮਨੀ ਚੋਣ ਵਿੱਚ ਹੋਈ ਇਤਿਹਾਸਿਕ ਜਿੱਤ 'ਤੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਏਡੀਸੀ ਗੁਰਪ੍ਰੀਤ ਸਿੰਘ ਗਿੱਲ ਗੁਰਦਾਸਪੁਰ, ਡੀਡੀਪੀਓ ਗੁਰਪ੍ਰੀਤ ਸਿੰਘ ਭੁੱਲਰ ਗੁਰਦਾਸਪੁਰ, ਬੀਡੀਪੀਓ ਨੀਤੂ ਬਾਲਾ ਕਲਾਨੌਰ ਅਤੇ ਬੀਡੀਪੀਓ ਅਮਨਦੀਪ ਕੌਰ ਡੇਰਾ ਬਾਬਾ ਨਾਨਕ ਰੰਧਾਵਾ ਦੇ ਜੱਦੀ ਪਿੰਡ ਸ਼ਾਹਪੁਰ ਜਾਜਨ ਪਹੁੰਚੇ, ਜਿੱਥੇ ਉਨਾਂ ਵੱਲੋਂ ਐੱਮਐੱਲਏ ਗੁਰਦੀਪ ਸਿੰਘ ਰੰਧਾਵਾ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਫੁੱਲਾਂ ਦੇ ਬੁੱਕੇ ਭੇਟ ਕਰਕੇ ਨਿੱਘੀ ਵਧਾਈ ਦਿੱਤੀ ਗਈ।ਇਸ ਮੌਕੇ ਜ਼ਿਲੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਗੁਰਦੀਪ ਸਿੰਘ ਰੰਧਾਵਾਂ ਨੂੰ ਵਿਸ਼ਵਾਸ ਦਿਵਾਇਆਂ ਕਿ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਜਿੱਥੇ ਵੀ ਉਹ ਉਹਨਾਂ ਦੀ ਡਿਊਟੀ ਲਗਾਉਣਗੇ, ਉਹ ਬਿਨਾਂ ਭੇਦਭਾਵ ਹਲਕੇ ਨੂੰ ਮੋਹਰੀ ਬਣਾਉਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ।ਇਸ ਮੌਕੇ ਏਡੀਸੀ ਗੁਰਪ੍ਰੀਤ ਸਿੰਘ ਗਿੱਲ, ਡੀਡੀਪੀਓ ਗੁਰਪ੍ਰੀਤ ਸਿੰਘ ਭੁੱਲਰ, ਬੀਡੀਪੀਓ ਨੀਤੂ ਬਾਲਾ ਕਲਾਨੌਰ, ਬੀਡੀਪੀਓ ਅਮਨਦੀਪ ਕੌਰ, ਰਾਜਬੀਰ ਸਿੰਘ ਪੰਚਾਇਤ ਸਕੱਤਰ, ਸੰਤੋਖ ਸਿੰਘ ਪੰਚਾਇਤ ਸਕੱਤਰ, ਮਨਜੀਤ ਸਿੰਘ ਪੰਚਾਇਤ ਸਕੱਤਰ, ਗੁਰਦਿਆਲ ਸਿੰਘ ਪੰਚਾਇਤ ਸਕੱਤਰ, ਨਿਰਮਲ ਸਿੰਘ ਪੰਚਾਇਤ ਸਕੱਤਰ, ਗੁਰਦਿਆਲ ਪਾਲ ਸਿੰਘ ਪੰਚਾਇਤ ਸਕੱਤਰ ਆਦਿ ਹਾਜ਼ਰ ਸਨ।

**ਸਕੂਲ ਆਫ ਐਮੀਨੈਂਸ, ਲੰਢੇਕੇ (ਮੋਗਾ)**

**ਨਿਲਾਮੀ ਨੋਟਿਸ**

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕੂਲ ਆਫ ਐਮੀਨੈਂਸ ਲੰਢੇਕੇ (ਮੋਗਾ) ਵਿਖੇ ਪੁਰਾਣਾ ਸਮਾਨ ਜਿਸ ਵਿਚ ਪੁਰਾਣੀਆਂ ਇੱਟਾਂ, ਕਰੀਬ 10 ਕੁਇੰਟਲ ਸਰੀਆ, ਲੱਕੜ ਦੇ ਦਰਵਾਜ਼ੇ ਅਤੇ ਬਾਰੀਆਂ ਦੀ ਨਿਲਾਮੀ ਮਿਤੀ 28 ਨਵੰਬਰ 2024 ਦਿਨ ਵੀਰਵਾਰ ਨੂੰ ਕੀਤੀ ਜਾਵੇਗੀ। ਚਾਹਵਾਨ ਸੱਜਣ ਕਿਸੇ ਵੀ ਕੰਮ ਵਾਲੇ ਦਿਨ ਸਮਾਨ ਦੇਖ ਸਕਦੇ ਹਨ ਅਤੇ ਸ਼ਰਤਾਂ ਸੰਬੰਧੀ ਜਾਣਕਾਰੀ ਸਕੂਲ ਵਿਚੋਂ ਲੈ ਸਕਦੇ ਹਨ। (99882-41144)

ਪੱਤਰ ਨੰਬਰ : 2156 ਮਿਤੀ : 22.11.2024

## ਇਮਟੈਕਸ -2025 ਦਾ ਆਯੋਜਨ 23 ਜਨਵਰੀ ਤੋਂ

**ਜਲੰਧਰ** : ਇਮਟੈਕਸ 2025, ਜੋ ਟੂਲਟੈਕ ਅਤੇ ਡਿਜੀਟਲ ਮੈਨੂਫੈਕਚਰਿੰਗ ਸ਼ੋਅ ਦੇ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ, ਕਈ ਮਾਪਦੰਡਾਂ 'ਤੇ ਨਵੇਂ ਮੀਲ ਪੱਥਰ ਸਥਾਪਿਤ ਕਰ ਰਿਹਾ ਹੈ।ਇੰਡੀਆਨ ਮਸ਼ੀਨ ਟੂਲ ਮੈਨੂਫੈਕਚਰਰਜ਼ ਐਸੋਸੀਏਸ਼ਨ (ਆਈਐੱਮਟੀਐੱਮਏ) ਵੱਲੋਂ ਇਸ ਦਾ ਆਯੋਜਨ ਬੈਂਗਲੁਰੂ ਇੰਟਰਨੈਸ਼ਨਲ ਐਗਜ਼ੀਬਿਸ਼ਨ ਸੈਂਟਰ (ਬੀਆਈਈਸੀ) ਵਿੱਚ 23 ਜਨਵਰੀ ਤੋਂ 29 ਜਨਵਰੀ 2025 ਤੱਕ ਕੀਤਾ ਜਾ ਰਿਹਾ ਹੈ।ਆਈਐੱਮਟੀਐੱਮਏ ਦੇ ਪ੍ਰਧਾਨ, ਰਾਜਿੰਦਰ ਐੱਸ. ਰਾਜਾਮਨੇ ਨੇ ਕਿਹਾ ਕਿ ਇਮਟੈਕਸ ਭਾਰਤੀ ਮਸ਼ੀਨ ਟੂਲ ਉਦਯੋਗ ਲਈ ਇੱਕ ਬਹੁਤ ਹੀ ਪ੍ਰਤੀਕਸ਼ਿਤ ਸ਼ੋਅ ਹੈ ਕਿਉਂਕਿ ਇਹ ਕੰਪਨੀਆਂ ਲਈ ਨਵੇਂ ਉਤਪਾਦ ਲਾਂਚ ਕਰਨ ਅਤੇ ਵੱਖ-ਵੱਖ ਮੈਨੂਫੈਕਚਰਿੰਗ ਉਦਯੋਗਾਂ ਲਈ ਆਪਣੀ ਤਕਨੀਕੀ ਉਨਤੀ ਦਿਖਾਉਣ ਲਈ ਇਕ ਉਚਿਤ ਮੰਚ ਮੁਹੱਈਆ ਕਰਦਾ ਹੈ।ਜੀਬਕ ਦਾਸ ਗੁਪਤਾ ਡਾਇਰੈਕਟਰ ਜਨਰਲ ਅਤੇ ਸੀਈਓ, ਆਈਐੱਮਟੀਐੱਮਏ ਨੇ ਕਿਹਾ ਕਿ ਇਮਟੈਕਸ ਇੱਕ ਈਕੋਸਿਸਟਮ ਹੈ ਜੋ ਪੂਰੇ ਮੈਨੂਫੈਕਚਰਿੰਗ ਸਮੁਦਾਏ ਦੀਆਂ ਵੱਖ-ਵੱਖ ਗਤੀਵਿਧੀਆਂ ਨੂੰ ਸਹਿਯੋਗ ਦਿੰਦਾ ਹੈ।

## ਈਕਾਰਟ ਦੇ ਅਣਥੱਕ ਯਤਨਾਂ ਸਦਕਾ ਪਿਛਲੇ 3 ਸਾਲਾਂ 'ਚ 8 ਗੁਣਾ ਵਿਕਾਸ ਦਰਜ

**ਜਲੰਧਰ** : ਭਾਰਤ ਦੀਆਂ ਆਗੂ 4ਪੀਐੱਲ ਕੰਪਨੀਆਂ ਵਿੱਚ ਸ਼ਾਮਲ ਈਕਾਰਟ ਆਪਣੀ ਉੱਨਤ ਤਕਨਾਲੋਜੀ ਅਤੇ ਚਾਲੂ ਸ਼੍ਰੇਸ਼ਠਤਾ ਨਾਲ ਲਾਜਿਸਟਿਕਸ ਸੈਕਟਰ ਵਿੱਚ ਲਗਾਤਾਰ ਬਦਲਾਅ ਲਿਆ ਰਿਹਾ ਹੈ।ਈਕਾਰਟ ਨੇ ਆਪਣੇ ਸੰਚਾਲਨਾਂ ਨੂੰ ਵਧਾਇਆ ਹੈ ਅਤੇ ਸਪਲਾਈ ਚੇਨ ਨੂੰ ਮੋਨਿਟਾਈਜ਼ ਕਰਨ ਦੇ ਇਸਦੇ ਯਤਨਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ 8 ਗੁਣਾ ਵਿਕਾਸ ਦਰਜ ਕੀਤਾ ਹੈ।ਬ੍ਰਾਂਡ ਅਤੇ ਰੀਟੇਲਰ ਆਪਣੇ ਸਪਲਾਈ ਚੇਨ ਨਾਲ ਸੰਬੰਧਿਤ ਲੋੜਾਂ ਲਈ ਈਕਾਰਟ ਦੀ ਲਾਜਿਸਟਿਕਸ ਸਮਰੱਥਾ ਦਾ ਫਾਇਦਾ ਉਠਾਉਂਦੇ ਹੋਏ ਗਾਹਕਾਂ ਦੀਆਂ ਮੰਗਾਂ ਨੂੰ ਪੂਰਾ ਕਰ ਰਹੇ ਹਨ।ਰੋਜ਼ਾਨਾ 60 ਲੱਖ ਤੋਂ ਵੱਧ ਸ਼ਿਪਮੈਂਟ ਦੀ ਸਮਰੱਥਾ ਦੇ ਨਾਲ ਈਕਾਰਟ ਦਾ ਲਾਸਟ-ਮਾਈਲ ਨੈੱਟਵਰਕ ਭਾਰਤ ਦੇ 98 ਫੀਸਦੀ ਪੋਸਟਲ ਕੋਡ ਤੱਕ ਫੈਲਿਆ ਹੋਇਆ ਹੈ।ਈਕਾਰਟ ਦੇ ਚੀਫ ਬਿਜ਼ਨੈੱਸ ਅਫ਼ਸਰ ਮਣੀ ਭੂਸ਼ਣ ਨੇ ਕਿਹਾ ਕਿ ਸਾਡੀ ਵਿਕਾਸ ਦੀ ਕਹਾਣੀ ਸਿਰਫ਼ ਅੰਕੜਿਆਂ ਤੱਕ ਸੀਮਿਤ ਨਹੀਂ ਹੈ, ਬਲਕਿ ਇਹ ਉਸ ਮੁੱਲ ਨਾਲ ਵੀ ਸੰਬੰਧਿਤ ਹੈ ਜੋ ਅਸੀਂ ਬ੍ਰਾਂਡਾਂ ਅਤੇ ਆਪਣੇ ਗਾਹਕਾਂ ਲਈ ਉਸਾਰਦੇ ਹਾਂ।

**PUBLIC NOTICE**

I, Ashok Kumar Sobti S/o Raj Kumar R/o H. No. E.G.81 Kirti Nagar,Ladowali Road, Jalandhar, Punjab declare that my son Parry Sobti (at present residing in Calgary Canada) has gone out of my control and is not co-operating with me in any way. I, therefore have severed all connection with him and hereby debar him from my property of all kinds movable or immovalbe. if any one dealing/transactions of money etc with him in any way, shall be personally responsible and I myself and my family members shall not be held responsible for any of this acts, deeds and things.

**COURT NOTICE**

(U/o 5 Rule 20 CPC)
(Succession Case)
In The Court of
Parminder Kaur Bains
Additional Civil Judge, (Senior Division) Amritsar
CNR No. PBAS02-004802-2024
Next Date : 09.01.2025

Paramjit Kaur W/o Balbir Singh R/o VPO Taraghar, Tehsil and District Amritsar and others.
Vs.
General Public

Petition U/S 372 of the indian Succession Act for grant of Succession Certificate in respect of estate left by deceased Dharminder Singh S/o Blabir Singh and Rajbir Kaur W/o Dharminder Singh.

Notice to : General Public

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 09.01.2025 at 10:00 A.M.

For details logon to https://highcourtchd.gov.in/?trs=district_notice&district=Amritsar

Additional Civil Judge, (Senior Division) Amritsar

Dated this day 22-11-2024

**ਪਬਲਿਕ ਨੋਟਿਸ**

ਬਾ ਅਦਾਲਤ ਸ੍ਰੀ ਗੁਰਦੇਵ ਸਿੰਘ ਧਮ ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਭਿੱਖੀਵਿੰਡ, ਜ਼ਿਲ੍ਹਾ ਤਰਨ-ਤਾਰਨ।
ਤਹਿਸੀਲ ਕੰਪਲੈਕਸ, ਭਿੱਖੀਵਿੰਡ, (ਤਰਨ ਤਾਰਨ)
ਨੋਟਿਸ ਬਨਾਮ ਆਮ ਜਨਤਾ

ਵਿਸ਼ਾ : ਅਣਰਜਿਸਟਰਡ ਵਸੀਅਤ ਮੁਤਾਬਕ ਇੰਤਕਾਲ ਨੰਬਰ 293, ਵਾਕਿਆ ਰਕਬਾ ਬਹਿੜਵਾਲ ਮਨਜ਼ੂਰ ਕਰਨ ਬਾਰੇ।

ਸ੍ਰੀ ਜਤਿੰਦਰਪਾਲ ਪੁੱਤਰ ਲੇਟ ਮੇਜਰ ਸਿੰਘ ਵਾਸੀ ਪਿੰਡ ਬਹਿੜਵਾਲ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ-ਤਾਰਨ ਨੇ ਹਲਫੀਆ/ਦਰਖਾਸਤ ਰਾਹੀਂ ਪਟਵਾਰੀ ਹਲਕਾ ਨੂੰ ਇਕ ਅਣ-ਰਜਿਸਟਰਡ ਵਸੀਅਤ ਮਿਤੀ 15-11-2023 ਵੱਲੋਂ ਸ੍ਰੀ ਮੇਜਰ ਸਿੰਘ ਪੁੱਤਰ ਦਾਰਾ ਵਾਸੀ ਪਿੰਡ ਬਹਿੜਵਾਲ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ-ਤਾਰਨ ਬਾ-ਹੱਕ ਸ੍ਰੀ ਜਤਿੰਦਰਪਾਲ ਪੁੱਤਰ ਲੇਟ ਮੇਜਰ ਸਿੰਘ ਵਾਸੀ ਪਿੰਡ ਬਹਿੜਵਾਲ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ-ਤਾਰਨ ਦੇ ਹੱਕ ਵਿਚ ਜ਼ੁਬਾਨੀ ਵਸੀਅਤ ਮੁਤਾਬਕ ਇੰਤਕਾਲ ਮਨਜ਼ੂਰ ਕਰਵਾਉਣ ਲਈ ਪੇਸ਼ ਕੀਤੀ ਹੈ।

ਵਸੀਅਤ ਕਰਤਾ ਦੀ ਮਿਤੀ 16-02-2024 ਨੂੰ ਮੌਤ ਹੋ ਚੁੱਕੀ ਹੈ। ਇਸ ਲਈ ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਅਣਰਜਿਸਟਰਡ ਵਸੀਅਤ ਮੁਤਾਬਕ ਇੰਤਕਾਲ ਨੰਬਰ 293, ਵਾਕਿਆ ਰਕਬਾ ਬਹਿੜਵਾਲ ਨੂੰ ਰਜਿਸਟਰ/ਮਨਜ਼ੂਰ ਕਰਨ ਦੇ ਸੰਬੰਧ ਵਿਚ ਕਿਸੇ ਤਰ੍ਹਾਂ ਦਾ ਇਤਰਾਜ਼ ਹੋਵੇ ਤਾਂ ਉਹ ਅਸਲਾਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆ ਕੇ ਆਪਣਾ ਉਜ਼ਰ/ਦਾਅਵਾ ਇਸ ਇਸ਼ਤਿਹਾਰ ਦੇ ਜਨਤਕ ਹੋਣ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਿਸੇ ਵੀ ਤਰ੍ਹਾਂ ਦਾ ਉਜ਼ਰ ਸੁਣਿਆ ਨਹੀਂ ਜਾਵੇਗਾ। ਇਹ ਇਸ਼ਤਿਹਾਰ ਮੋਹਰ ਅਦਾਲਤ ਅਤੇ ਮੇਰੇ ਦਸਤਖਤਾਂ ਨਾਲ ਮਿਤੀ 21.11.2024 ਨੂੰ ਜਾਰੀ ਕੀਤਾ ਗਿਆ।

ਨੰਬਰ/ਰੀਡਰ /91 ਮਿਤੀ 21.11.2024

ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਭਿੱਖੀਵਿੰਡ।

**ਜਨਤਕ ਨੋਟਿਸ**

ਆਮ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਲਵਿੰਦਰ ਕੌਰ ਪਤਨੀ ਜੈ ਕ੍ਰਿਸ਼ਨ ਪੁੱਤਰ ਲਛਮਣ ਦਾਸ ਵਾਸੀ ਮ. ਨੰ. 774, ਵਾਰਡ ਨੰ. 8, ਨਾਨਕ ਨਗਰੀ ਮੋਗਾ, ਤਹਿਸੀਲ ਅਤੇ ਜ਼ਿਲ੍ਹਾ ਮੋਗਾ, ਜੋ ਕਿ ਵਾਕਿਆ ਰਕਬਾ ਮੋਗਾ ਮਹਿਲਾ ਸਿੰਘ-1 ਵਿਖੇ 02 ਮਰਲੇ 1/2 ਸਰਸਾਹੀ ਮਰਲੇ ਦੀ ਰਿਹਾਇਸ਼ੀ ਜਾਇਦਾਦ ਦੀ ਮਾਲਕ ਹੈ। ਜੋ ਕਿ ਪ੍ਰਾਰਥੀ ਨੇ ਸੇਲ ਡੀਡ ਨੰਬਰ 7615, ਮਿਤੀ 21.01.2013 ਰਾਹੀਂ ਖਰੀਦ ਕੀਤੀ ਹੋਈ ਹੈ ਅਤੇ ਇਸ ਪ੍ਰਾਪਰਟੀ ਦਾ ਪਿਛਲਾ ਵਸੀਕਾ ਨੰ. 6765, ਮਿਤੀ 4.01.2011 ਕਿਧਰੇ ਗੁੰਮ ਹੋ ਗਿਆ ਹੈ ਅਤੇ ਪ੍ਰਾਰਥੀ ਨੇ ਹੁਣ ਬੈਂਕ ਏ. ਯੂ. ਸਮਾਲ ਫਾਇਨੈਂਸ ਬੈਂਕ, ਮੋਗਾ ਨੂੰ ਉਪਰੋਕਤ ਸੰਪਤੀ ਦੇ ਗਿਰਵੀ ਰੱਖਣ ਲਈ ਕਰਜ਼ੇ ਦੀ ਹੱਦ ਦੇਣ ਦੀ ਬੇਨਤੀ ਕੀਤੀ ਹੈ। ਕਿਸੇ ਵੀ ਵਿਅਕਤੀ ਨੂੰ ਉਕਤ ਸੰਪਤੀ ਦੇ ਸੰਬੰਧ ਵਿੱਚ ਜਾਂ ਮੇਰੇ ਮੁਵੱਕਿਲ ਕੋਲ ਗਿਰਵੀ ਰੱਖਣ ਦੇ ਸੰਬੰਧ ਵਿੱਚ ਕੋਈ ਇਤਰਾਜ਼ ਹੈ, ਉਹ ਇਸ ਪ੍ਰਕਾਸ਼ਨ ਦੀ ਮਿਤੀ ਤੋਂ 14 ਦਿਨਾਂ ਦੇ ਅੰਦਰ ਹੇਠਾਂ ਦਿੱਤੇ ਪਵਿਤਰ ਸਿੰਘ ਐਡਵੋਕੇਟ, ਕਾਨੂੰਨੀ ਸਲਾਹਕਾਰ ਕੋਲ ਆਪਣਾ ਇਤਰਾਜ਼ ਉਠਾ ਸਕਦਾ ਹੈ ਅਤੇ ਉਨ੍ਹਾਂ ਦਾ ਮੋਬਾਈਲ ਨੰਬਰ 99888-29655 ਹੈ।ਉਪਰੋਕਤ ਦਿੱਤੇ ਗਏ ਸਮੇਂ ਤੋਂ ਬਾਅਦ ਕੋਈ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ।

ਪਵਿੱਤਰ ਸਿੰਘ ਐਡਵੋਕੇਟ, ਜ਼ਿਲ੍ਹਾ ਕਚਿਹਰੀ ਮੋਗਾ, ਚੈਂਬਰ ਨੰ.41, ਮੋਬ. ਨੰ. 99888-29655

**COURT NOTICE**

(U/0 5 Rule 20 CPC)
In The Court of
MS. Khyati Goyal, PCS
JMIC, Amloh (P)
CNR No. PBFGA10016702020
Next Date:16-01-2025.

Gurdeep Singh S/o Late Jawala Singh R/o Vill. Dadheri, Tehsil, Amloh, Distt. FGS. (Complainant)
Versus
Baldeep Singh @ Dimlpe S/o Baldev Singh S/o Hazara Singh, 2) Gurkirat Singh S/o Balwant Singh, Both R/o Vill. Dadheri, Tehsil Amloh, Distt. FGS. (Defendant)
Comp U/S 323/341/352/506 IPC

Publication Issued To :-
Gurkirat Singh S/o Balwant Singh, R/o Vill. Dadheri, Tehsil Amloh, Distt. FGS.

In above titled case, the defendant(s) could not be served. It is ordered that defendant(s) should appear in person or through counsel on 16-01-2025. at 10:00 am.

For details logon to https://highcourtchd.gov.in/?trs-district notice&district-Fatehgarh Sahib*

Judicial Magistratec Ist Class Amloh (P)

Dated, this day of 16.11.2024

**AMRITSAR COLLEGE OF NURSING**
**VILL., KHAIRDIN KE, TARN TARAN**
(Affiliated to Indian Nursing Council, BFUHS, Punjab Nurses Registration Council & Punjab Govt.)

**Admission Notice**

Semi online Counseling for leftover seats in GNM & ANM (session 2024-25) courses will be held on 27/11/2024 at Amritsar College of Nursing, Vil. Khairdinke, chabhal Road, Tarn Taran by PNRC from 9 a.m. onwards.

Eligiblity criteria 10+2

Contact: 9888667001.

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**(ਅਚੱਲ ਜਾਇਦਾਦ ਵਾਸਤੇ) ਕਬਜ਼ਾ ਨੋਟਿਸ**
[ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (1) ਅਧੀਨ]

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 19 ਸਤੰਬਰ 2023 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਮੈਸ. ਚੀਮਾ ਟਰੇਡਿੰਗ ਕੰਪਨੀ, ਗੁਰਪ੍ਰੀਤ ਸਿੰਘ ਚੀਮਾ ਪੁੱਤਰ ਸ੍ਰੀ ਸੁਰਿੰਦਰ ਸਿੰਘ, ਖੁਸ਼ਦੀਪ ਕੌਰ ਪਤਨੀ ਗੁਰਪ੍ਰੀਤ ਸਿੰਘ, ਸ੍ਰੀ ਸੰਦੀਪ ਸਿੰਘ ਪੁੱਤਰ ਸ੍ਰੀ ਰਣਜੀਤ ਸਿੰਘ ਨੂੰ ਨੋਟਿਸ ਵਿੱਚ ਵਰਨਣ ਮਿਤੀ 19.09.2023 ਅਨੁਸਾਰ ਬਕਾਇਆ ਰਾਸ਼ੀ ਰੁਪਏ 41,61,195/- (ਰੁਪਏ ਇਕਤਾਲੀ ਲੱਖ ਇਕਾਹਟ ਹਜ਼ਾਰ ਇੱਕ ਸੌ ਪਚੰਨਵੇਂ ਕੇਵਲ) ਦੀ ਨੋਟਿਸ ਦੇ ਪ੍ਰਾਪਤ ਹੋਣ ਤੋਂ ਮਿਤੀ ਤੋਂ 60 ਦਿਨਾਂ ਦੇ ਅੰਦਰ ਭਵਿੱਖੀ ਵਿਆਜ, ਲਾਗਤਾਂ ਅਤੇ ਫੁੱਟਕਲ ਖਰਚਿਆਂ ਸਮੇਤ ਅਦਾ ਕਰਨ ਲਈ ਕਿਹਾ ਸੀ।
ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਮਿਤੀ 22 ਨਵੰਬਰ 2024 ਨੂੰ ਕਬਜ਼ਾ ਲੈ ਲਿਆ ਹੈ।
ਖਾਸ ਤੌਰ 'ਤੇ ਕਰਜ਼ਦਾਰ/ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ 19.09. 2023 ਅਨੁਸਾਰ ਬਕਾਇਆ ਰਾਸ਼ੀ ਰੁਪਏ 41,61,195/- (ਰੁਪਏ ਇਕਤਾਲੀ ਲੱਖ ਇਕਾਹਟ ਹਜ਼ਾਰ ਇੱਕ ਸੌ ਪਚੰਨਵੇਂ ਕੇਵਲ) ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਫੁੱਟਕਲ ਖਰਚਿਆਂ ਦੇ ਲਈ ਦੇਣਦਾਰੀ ਦਾ ਵਿਸ਼ਾ ਹੋਵੇਗਾ।
ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਦਾ ਉਚਿਤ ਰਹਿਣਨਾਮਾ : ਟਾਈਟਲ ਡੀਡ ਨੰ. 2020-21/26/1/2099 ਮਿਤੀ 12.01.2021 ਤਹਿਤ ਗੁਰਪ੍ਰੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਦੀ ਮਾਲਕੀ ਹੇਠ ਖਸਰਾ ਨੰ. 351 (6-5),3/125 'ਚ ਸ਼ਾਮਲ ਦਾ 3/125 ਸ਼ੇਅਰ 0-3 ਬਿਸਵਾ, ਖਸਰਾ ਨੰ.-345 (5-9), 'ਚ ਸ਼ਾਮਲ ਦਾ 3/109 ਸ਼ੇਅਰ 0-3 ਬਿਸਵਾ, ਕੁਲ 6 ਬਿਸਵਾ ਪਿੰਡ ਬਾੜਾ ਤਹਿਸੀਲ ਅਤੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਸਾਰੇ ਹਿੱਸੇ।

ਮਿਤੀ 22.11.2024, ਸਥਾਨ : ਫਤਹਿਗੜ੍ਹ ਸਾਹਿਬ (ਅਧਿਕਾਰਤ ਅਫ਼ਸਰ)




**Change of Name**

I, Sarwan Singh S/o Jasbir Singh R/o Harar Kalan, Po. Ajnala Distt Amritsar, Punjab have changed my name from Sarwan Singh to Sarwan as my Given name and Singh as my Surname concerned note. (B)

I, Rashhpal Singh S/O Darshan Singh R/O Wiram Distt. Tarn Taran have changed my name from Rashhpal Singh to Rashpal Singh. Concerned note.

I, Arshdeep Singh S/o Rajinder Singh R/o VPO Kathu Nangal Block Majitha Distt Amritsar have declare that Singh is my Surname and Arshdeep is my Given name

I, Jogbinder Singh S/o Maan Singh R/o Vill. Talwandi Dasaundha Singh, P.O. Kathunangal Distt Amritsar have declare that Singh is my Surname and Jogbinder is my Given name

I, Harsimran Kaur alias Simmy Dhunna W/o Harinder Singh R/o H.No.24, Rajinder Nagar, Opp Dhingra Hospital, Amritsar have changed my name from Harsimran Kaur alias Simmy Dhunna to Harsimran Kaur

I, Gurmit Kaur W/o Kulwant Singh R/o Village Dharamkot, Tehsil Ajnala District Amritsar have changed my name from Gurmit Kaur to Gurmeet Kaur

I, Lashman Singh S/o Jaswant Singh R/o H.No.1044/L-7, Uttam Nagar, Tarn Taran Road, Amritsar have changed my name from Lashman Singh to Laxman Singh. All Please Note.

I, Sarabjit Kaur W/o Laxman Singh R/o H.No.1044/L-7, Uttam Nagar, Tarn Taran Road, Amritsar have changed my name from Sarabjit Kaur to Sarabjeet Kaur. All Please Note.

I, Beant Kaur W/o Gurmit Singh R/o Vill Bohru Pul Bohru Amritsar 143009 Have Changed My Name To Balwinder Kaur

I, Neha D/o Ranjit Singh R/o Near Pani Vali Tenki Goindwal Sahib, Tarn Taran have changed my name to Neha Kaur.

I, Harminder Singh Khehra S/o Maninderjit Singh R/o H.No.1656K, Prince Avenue, Old Mandi, B/s Late Da School Amritsar-143501 have changed my name from Harminder Singh Khehra to Harminder Singh.

I, Raj Kumar and Raj Kumar Luthra S/o Jaswant Lal R/o 107, Shivala Bhaiyan, Tilak Nagar, Amritsar have declare that above both name's are mine one and same person.

I, Kiran Kapoor D/o Balwant Rai Kapoor R/o H. No. 339, W. No. 12, Back Side Primary School Bhogpur, Distt. Jalandhar (Pb.) India have Changed my name Kiran Kapoor to Kiran Chhabra. All Concerned please note.

I, Kiran Jot W/o Mandeep Singh R/o VPO. Jandir, Distt. Jalandhar, (Pb.) India have Changed my name Kiran Jot to Kiranjot. All Concerned please note.

I, Manjit Kaur W/o Ashwani Kumar Residence of V. & P.O. Beas Pind, District Jalandhar, Punjab, India have changed my name from Manjit Kaur to Manjeet Kaur. Please note.

I, Major Singh S/o Harbans Singh R/o VPO Bhangwan Tehsil and District Amritsar have declare that Major is my Surname and Singh is my Surname

I, Ritu Aggarwal W/o Atul Aggarwal R/o 134, Tilak Nagar, Amritsar have changed my name to Ridhi Aggarwal. all concern please note.

I, Harnam Singh S/o Satpal R/o Village & PO Paddi Sura Singh Tehsil Garhshankar Distt. Hoshiarpur Punjab have changed the name of my minor son from Sourav to Sourav Singh. Concerned note.

I, Harnam Singh S/o Satpal R/o Village & PO Paddi Sura Singh Tehsil Garhshankar Distt. Hoshiarpur Punjab have changed the name of my minor son from Prince to Prince Singh. Concerned note.

I, Harnam Singh S/o Satpal R/o Village & PO Paddi Sura Singh Tehsil Garhshankar Distt. Hoshiarpur Punjab have changed the name of my minor daughter from Mannat to Mannat Kaur. Concerned note.

I, Simrat D/o Gurparghat Singh R/o Ward 54, House 302/A, Satguru Ram Singh Colony, Street 9, Doctor Surta Singh Road, Amritsar, Punjab have changed my name from Simrat to Simrat Kaur.

I, Sushma Verma W/o Rohit Mahajan R/o 27 C, Gali No.9, Gumtala Bye Pass, Guru Amar Das Avenue, Amritsar, Punjab have changed my name from Sushma Verma to Sushma.

I, Subhpreet Singh S/o Amrik Singh R/o VPO Kathu Nangal, Block Majitha, Amritsar, Punjab-143502 have changed my name from Subhpreet Singh to Singh is my surname and Subhpreet is my given name.

I, Harjit Singh S/o Gurnam Singh R/o VPO Kathu Nangal, Amritsar, Punjab-143502 have changed my name from Harjit Singh to Singh is my surname and Harjit is my given name.

I, Ram Lubhya S/O Harbans Lal R/O H. No. 2610, Gali No.1,Guru Nanak Nagar, Majitha Road, Amritsar, Punjab have changed my name from Ram Lubhya to Ram Lubhaya. Concerned note.

I, Tajinder Pal S/o Raj Pal R/o H.No. 133 Adarsh Nagar Kartarpur, Jalandhar, declare that I have changed the name of my minor son from Vansh to Vansh Arora.

I, Imanumal Masih S/o Anwar Masih R/o VPO Killi Teh. Shahkot Jalandhar declare that I have changed my name Imanumal Masih to Imanumal Masih Bhatti. Imanumal Masih and Imanumal Masih Bhatti one and same person.

I, Sukhvinder Singh S/o Chanan Singh R/o Vadda Mohalla, VPO. Raipur Rasulpur, Jalandhar (Punjab) I have changed my name from Sukhvinder Singh to Sukhwinder Singh. Please note. (11013)

I, Kuldeep Sing S/o Mohinder Singh R/o Village Dialpur, P.o. Dialpur, Distt. Jalandhar, Punjab-144803, declare that I have changed the name from Kuldip Singh to Kuldeep Singh. Concerned please note.Change of Name

**Change of Name**

I, Satish Kumar S/o Lal Singh R/o VPO. Sheehan Umarpur, Tehsil Mukerian, Distt. Hoshiarpur, Punjab, India have changed my Given Name from Satish Kumar to Kumar Satish. (Given Name Satish and Surname Kumar). Concerned Note.

I, Sunil Kumar Disodia S/O Shanti Swarup, R/o Near Post Office, Jharli (154), Jhajjar, Haryana- 124106, have changed my name and shall hereafter be Known as Sunil.

I, Priyanka Amol Kodre W/O Amol Sanjay Kodre ,R/o House No-51, Ist Floor, A Block, South City-2, Sector-49, Gurugram, South City-II, Gurgaon, Haryana- 122018, I have changed the name of my minor daughter Tanishka alias Tanishka Amol Kodre aged about 13 Years and She shall hereafter be known as Tanishka Kodre.

I, Charanjit S/O Piyara Lal, R/o Virk, Bahodipur, Jalandhar, Punjab-144632, have changed my name and shall hereafter be Known as Charanjit Kumar.

I, Rashpal Kaur W/o Harjeet Singh R/o H.No. 206, Tower Enclave Phase-3, Jalandhar, Pin-144003, Punjab, India have changed my name from Rashpal Kaur Chawla to Rashpal Kaur. All concerned please note.

I, Balwinder Kumar S/o Ram Lal R/o H.No. BX 1295/43, Chak Hussaina, Lamba Pind, Jalandhar, Punjab, India have changed my minor daughter's name from Sukhdeep to Sukhdeep Kaur. All concerned please note.

I, Harjinder Singh Vij S/o Harpal Singh R/o H.No. 52, New Model Town, Jalandhar-144003, Punjab, India have changed my name to Harjinder Singh. All concerned please note.

I, hitherto known as Prakash Singh S/O Pritam Singh Boparai residing at Village Ahmedpur, PO Sherpur Dona, Tehsil Sultanpur Lodhi, Distt. Kapurthala - 144626, Punjab, India have changed my name and shall hereafter be known as Prakash Singh Boparai.

I, hitherto known as Rajwant Kaur W/O Prakash Singh Boparai residing at Village Ahmedpur, PO Sherpur Dona, Tehsil Sultanpur Lodhi, Distt. Kapurthala - 144626, Punjab, India have changed my name and shall hereafter be known as Rajwant Kaur Boparai.

I Kamaljit Kaur W/o Gurmail Singh R/o VPO Khanowal, , Kapurthala-144601, Punjab, have changed my name from Kamaljit Kaur to Kaur Kamaljit in which given name Kamaljit and Kaur is my surname.

I, Bhapinder Singh son of Raghbeer Singh, R/o H.No. II, Tarloki Nath, Kapurthala, declare that I have changed my name from Bhapinder Singh to Singh Bhapinder. All concern noted.

I, Manpreet Kaur w/o Manveer Singh r/o Vill. Jalla Singh, Po. Rahimpur, Distt. Jalandhar have changed my minor daughter name from Mannat Kaur to Mannat Kaur Kahlon. All Please Note.

I, Surinder Singh Bajwa s/o Joginder Singh r/o H.No. 24, Mayur Enclave, Deep Nagar, Jalandhar Cantt, Jalandhar have changed my name to Surinder Singh. All Please Note.

I, Bikramjit Singh s/o Shubeg Singh r/o H.No. 65, Vill. Khushipur, Po. Dalelpur, Gurdaspur have changed my name to Bikramjeet Singh. All Please Note.

I, Vinay Kumar s/o Muni Lal r/o 131/2, W.No. 7, Purana Bazar, Phillaur, Jalandhar have added my surname to Vinay Kumar Bharti. All Please Note.

I, Paramjit Kaur W/o Kulwant Singh R/o H.No. 839, Arjun Singh Nagar, Jalandhar have changed my surname spelling from Paramjit Kuar to Paramjit Kaur. All Please Note.

I, Paramjit W/o Gian Chand R/o H.No.63, Guru Ravidass Colony, VPO. Dakoha, Distt. Jalandhar (144023) have changed my name from Paramjit to Paramjit Kaur. All Please Note.

I, Tarnpreet Kaur D/o Desa Singh Vpo Mehta Teh-Baba Bakala, Distt. Amritsar That I have changed my name Tarnpreet Kaur to Taranpreet Kaur.

I, Parmeet Kaur W/o Parjit Singh R/o Vill: Bhikhowali Po. Gagowali (Gurdaspur) Pb, have changed my name as Kaur Parmeet.

I Masih Sunita W/o Tarsem Masih Sahota resident of 508 Improvement Trust Colony Batala Road Gurdaspur have changed my name from Masih Sunita to Sunita Sahota concerned note please.

**Public Notice**

I, Kiranpreet Singh S/o Jaspal Singh R/o Village Cheema, Teh. Batala, Distt. Gurdaspur declare that my name worngly written as Kiranpreet Singh Cheema in my School Certificat. But my Actual & correct name is Kiranpreet Singh. Please Note.

**ਨਾਂਅ ਦੀ ਬਦਲੀ**

ਮੈਂ, ਉਂਕਾਰ ਪੁੱਤਰ ਪੂਰਨ ਚੰਦ ਵਾਸੀ ਮਾਹਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਮ ਉਂਕਾਰ ਤੋਂ ਬਦਲ ਕੇ ਉਂਕਾਰ ਕੁਮਾਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਰਜਿੰਦਰ ਸਾਹਨੀ ਪੁੱਤਰ ਮੰਤਰੀ ਨਿਸ਼ਾਦ ਵਾਸੀ 13/14, ਨਕੋਦਰ ਰੋਡ, ਨੇੜੇ ਸਮਰਾ ਫਾਰਮ ਹਾਊਸ, ਜਲੰਧਰ ਇਨਕਲੇਵ, ਖਾਂਬੜਾ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਰਜਿੰਦਰ ਸਾਹਨੀ ਤੋਂ ਬਦਲ ਕੇ ਰਜਿੰਦਰ ਕੁਮਾਰ ਸਾਹਨੀ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਸਲਖਾ ਪੁੱਤਰੀ ਮਨਜੀਤ ਸਿੰਘ ਵਾਸੀ ਪਿੰਡ ਉਦੋਕੇ ਖੁਰਦ, ਡਾਕਘਰ ਉਦੋਕੇ , ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-14319 ਨੇ ਆਪਣਾ ਨਾਂਅ ਸਲਖਾ ਤੋਂ ਬਦਲ ਕੇ ਕੋਮਲਪ੍ਰੀਤ ਕੌਰ ਕਰ ਲਿਆ ਹੈ।

**ਬੇਦਖਲੀ ਨੋਟਿਸ**

ਮੈਂ, ਮੇਜਰ ਸਿੰਘ ਪੁੱਤਰ ਬੁੱਧ ਸਿੰਘ ਵਾਸੀ ਜਲਾਲ ਪੱਤੀ, ਪਿੰਡ ਬਿਲਾਸਪੁਰ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗਗਨਦੀਪ ਸਿੰਘ ਮੇਰੇ ਕਹਿਣ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

**ਆਮ ਸੂਚਨਾ**

ਮੈਂ, ਹਰਮੇਲ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਬੁਢਲਾਡਾ (ਮਾਨਸਾ) ਦਾ ਹਾਂ । ਮੈਂ ਆਪਣੇ ਲੜਕੇ ਪ੍ਰਸ਼ੋਤਮ ਸਿੰਘ ਨੂੰ ਬੇਦਖਲ ਕੀਤਾ ਸੀ। ਹੁਣ ਉਹ ਮੇਰੇ ਕਹਿਣੇ ਵਿਚ ਹੈ। ਅੱਜ ਤੋਂ ਮੈਂ ਬੇਦਖਲੀ ਵਾਪਸ ਲੈਂਦਾ ਹਾਂ। ਅੱਜ ਤੋਂ ਬਾਅਦ ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਦਾ ਵਾਰਸ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਨੰਦ ਲਾਲ ਪੁੱਤਰ ਓਮ ਦੱਤ ਸ਼ਰਮਾ ਵਾਸੀ ਮਕਾਨ ਨੰ.750, ਗਲੀ ਦੇਵੀ ਵਾਲੀ, ਜੋੜਾ ਪਿੱਪਲ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸਾਹਿਲ ਸ਼ਰਮਾ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਖਬਾਰ ਰਾਹੀ ਮਿਤੀ 12.11.2018 ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ । ਹੁਣ ਮੇਰਾ ਲੜਕਾ ਸਾਹਿਲ ਸ਼ਰਮਾ ਮੇਰੇ ਕਹਿਣੇ ਵਿਚ ਹੈ ਤੇ ਮੇਰੀ ਸੇਵਾ ਤੇ ਦੇਖਭਾਲ ਕਰਦਾ ਹੈ ਅਤੇ ਹਰ ਗੱਲ ਮੰਨਦਾ ਹੈ। ਮੈਂ ਉਸਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਜਾਇਦਾਦ ਦਾ ਹੱਕਦਾਰ ਹੋਵੇਗਾ।

ਮੈਂ, ਗੁਰਮੇਲ ਸਿੰਘ ਪੁੱਤਰ ਲੇਟ ਅਰਮ ਨਾਥ ਵਾਸੀ ਮੁੱਹਲਾ ਗੁਰੂ ਨਾਨਕਪੁਰਾ, ਗੁਰਾਇਆਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਲਵਪ੍ਰੀਤ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 02-08-2012 ਨੂੰ ਨਵਾਂ ਜ਼ਮਾਨਾ ਅਖਬਾਰ ਰਾਹੀਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਦਿੱਤੀ ਹੋਈ ਉਕਤ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਹੁਣ ਮੇਰਾ ਲੜਕਾ ਮੇਰੀ ਜਾਇਦਾਦ ਦਾ ਹੱਕਦਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਨਛੱਤਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਤਖਾਣਵੱਧ ਜ਼ਿਲ੍ਹਾ ਮੋਗਾ ਦੇ ਨਾਂਅ ਪਰ ਵਾਕਿਆ ਰਕਬਾ ਤਖਾਣਵੱਧ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ 3003694425 (ਏ ਪੀ-34-01451), 20 ਹਾਰਸ ਪਾਵਰ ਨੂੰ ਹਰਵਿੰਦਰ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਤਖਾਣਵੱਧ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਪੀ. ਐੱਸ.ਪੀ. ਸੀ. ਐੱਲ. ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਖਮ-914 ਹੈ ਜੋ ਕਿ ਭੁਪਿੰਦਰ ਕੌਰ ਪਤਨੀ ਮੱਖਣ ਸਿੰਘ ਵਾਸੀ ਖਿਆਲਾ ਕਲਾ ਦੇ ਨਾਮ 'ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਨਿਰਮਲ ਸਿੰਘ ਪੁੱਤਰ ਬਲਦੇਵ ਸਿੰਘ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ। ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ ਪੇਸ਼ ਕਰ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜ. ਅਰਧ-ਸ਼ਹਿਰੀ ਸ/ਡ ਮਾਨਸਾ।

ਤਸਦੀਕ ਕੀਤਾ ਜਾਂਦਾ ਹੈ ਕਿ ਏ. ਪੀ. ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਜੀ-16 ਏ103-1398-ਐੱਫ ਬਾਬਤ ਸ੍ਰੀ ਦਲੀਪ ਸਿੰਘ ਪੁੱਤਰ ਸ੍ਰੀ ਬਲਵੰਤ ਸਿੰਘ ਵਾਸੀ ਪਿੰਡ ਕਲੇਰ ਅਧੀਨ ਉਪ ਮੰਡਲ ਦਫਤਰ ਪੀ ਐੱਸ ਪੀ ਸੀ ਐੱਲ ਪੰਜ ਗਰਾਈਆਂ ਵਿਖੇ ਚੱਲ ਰਿਹਾ ਹੈ। ਗੁਰਮੀਤ ਸਿੰਘ ਪੁੱਤਰ ਸ੍ਰੀ ਬਲਵੰਤ ਸਿੰਘ ਇਹ ਕੁਨੈਕਸ਼ਨ ਆਪਣੇ ਨਾਂਅ 'ਤੇ ਕਰਵਾ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਇਸ ਦਫ਼ਤਰ ਵਿਖੇ ਦਰਜ ਕਰਵਾ ਸਕਦਾ ਹੈ।

**ਬੇਦਖਲੀ ਨੋਟਿਸ**

ਮੈ ਜਸਪਾਲ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਮਕਾਨ ਨੰਬਰ 308-ਏ, ਮੈਡੀਕਲ ਇਨਕਲੇਵ ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਨਦੀਪ ਸਿੰਘ ਅਤੇ ਉਸਦੀ ਪਤਨੀ ਦਿਲਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ। ਇਹਨਾਂ ਨੂੰ ਮੈ ਆਪਣੀ ਚੱਲ ਅੱਚਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਇਹਨਾਂ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸਾਰੇ ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ ਮਨੋਹਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਅੱਠਵਾਲ ਤਹਿਸੀਲ ਬਾਬਾ ਬਕਾਲਾ , ਜ਼ਿਲ੍ਹਾ ਅੰਮ੍ਰਿਤਸਰ। ਮੇਰਾ ਲੜਕਾ ਸੂਰਜਪ੍ਰਕਾਸ਼ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹੈ ਦੁੱਖੀ ਹੋ ਕੇ ਮੈਂ ਆਪਣੀ ਚਲ ਅੱਚਲ ਜ਼ਾਇਦਾਦ ਤੋਂ ਬੇਦਖਲ ਕਰਦਾ ਹਾਂ, ਇਸ ਵੱਲੋਂ ਕੀਤੇ ਗਏ ਮਾੜੇ ਚੰਗੇ ਕੰਮ ਜਾਂ ਲੈਣ/ਦੇਣ ਕਰਨ ਤੇ ਇਹ ਖ਼ੁਦ ਜ਼ਿੰਮੇਵਾਰ ਹੋਵੇਗਾ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀਂ ਹੋਵੇਗਾ।

ਮੈਂ, ਸੁਖਮੰਦਰ ਸਿੰਘ ਪੁੱਤਰ ਗਾਧੀ ਸਿੰਘ ਵਾਸੀ ਪੱਤੋ ਜਵਾਹਰ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਮੇਰਾ ਇਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਰਿਹਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ। (ਆਰ)

ਮੈਂ ਸਰਵਨ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਜੋਧਾ ਨਗਰੀ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲਾ ਅੰਮ੍ਰਿਤਸਰ ਆਪਣੇ ਪੁੱਤਰ ਕੁਲਵਿੰਦਰ ਸਿੰਘ ਅਤੇ ਉਸ ਦੀ ਪਤਨੀ ਜਸਬੀਰ ਕੌਰ ਅਤੇ ਉਹਦੇ ਸਮੁੱਚੇ ਪਰਿਵਾਰ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਮੇਰੇ ਬੇਟੇ ਕੁਲਵਿੰਦਰ ਸਿੰਘ ਅਤੇ ਉਸਦੇ ਪਰਿਵਾਰ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਏਗਾ।

ਮੈਂ ਕਸ਼ਮੀਰ ਕੌਰ ਪਤਨੀ ਲੇਟ ਸ੍ਰ. ਜਸਵੰਤ ਸਿੰਘ ਵਾਸੀ ਨੇੜੇ ਰੇਲਵੇ ਸਟੇਸ਼ਨ,ਅਜਾਦ ਨਗਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸ਼ੇਰ ਸਿੰਘ ਅਤੇ ਉਸਦੀ ਪਤਨੀ ਨਵਦੀਪ ਕੌਰ ਦੋਵੇਂ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹਨ, ਮਾੜੀਆਂ ਹਰਕਤਾਂ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਸੰਗੀਤਾ ਖੰਨਾ ਪਤਨੀ ਲੇਟ ਰਾਜ ਕੁਮਾਰ ਖੰਨਾ ਵਾਸੀ ਮਕਾਨ ਨੰਬਰ 469, ਗਲੀ ਨੰ: 6/2, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ, ਪੰਜਾਬ-144013 ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸ਼ੁਭਮ ਖੰਨਾ ਵਾ ਉਸਦੀ ਪਤਨੀ ਮੰਜੂ ਸਹੋਤਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਵਿਧਵਾ ਜਸਵੀਰ ਕੁਮਾਰ ਵਾਸੀ ਨੱਥੇਵਾਲ, ਡਾਕ: ਸਰਹਾਲੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਕੋਮਲਪ੍ਰੀਤ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਬੀਰ ਕੌਰ ਪਤਨੀ ਸ੍ਰੀ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕ: ਚੋਮੋ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਲੱਭਾ ਸਿੰਘ ਵਾ ਉਸਦੀ ਪਤਨੀ ਪ੍ਰਦੀਪ ਸਹਿਗਲ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ ਰਕਸ਼ਾ ਰਾਣੀ ਪਤਨੀ ਸੁਰਜੀਤ ਕੁਮਾਰ ਵਾਸੀ ਮਕਾਨ ਨੰਬਰ 576, ਗਲੀ ਨੰਬਰ 4, ਸੀਨਪੁਰਾ, ਕਪੂਰਥਲਾ ਆਪਣੀ ਨੂੰਹ ਹਰਪ੍ਰੀਤ ਕੌਰ ਪਤਨੀ ਲੇਟ ਵਰਿੰਦਰ ਕੁਮਾਰ ਅਤੇ ਪੋਤੀ ਅਨੀਤਾ ਰਾਣੀ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਿਕਰਮ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪੱਤੀ ਬੱਗੇਵਾਲੀ, ਪਿੰਡ ਵੇਰਕਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਹਾਂ ਅਤੇ ਬਿਆਨ ਕਰਦਾ ਹਾਂ ਕਿ ਮੇਰੇ ਤਿੰਨ ਲੜਕੇ ਕੁਲਵਿੰਦਰ ਸਿੰਘ (ਤਲਾਕਸ਼ੁਦਾ), ਹਰਵਿੰਦਰ ਸਿੰਘ (ਸ਼ਾਦੀਸ਼ੁਦਾ) ਅਤੇ ਕੁਲਦੀਪ ਸਿੰਘ (ਕੁਆਰਾ) ਪੁੱਤਰਾਨ ਬਿਕਰਮ ਸਿੰਘ ਹਨ, ਜੋ ਇਹ ਤਿੰਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਜਿਨ੍ਹਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਹ ਆਪਣੇ ਕੀਤੇ ਚੰਗੇ-ਮਾੜੇ ਕੰਮਾਂ ਦੇ ਵੀ ਖੁਦ ਜ਼ਿੰਮੇਵਾਰ ਹੋਣਗੇ। ਇਸ ਵਿਚ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਭੋਲੀ ਪਤਨੀ ਸੁਖਦੇਵ ਰਾਜ ਵਾਸੀ ਮਕਾਨ ਨੰਬਰ ਏ-166, ਨੇੜੇ ਚਿੰਤਪੁਰਨੀ ਮੰਦਿਰ, ਨਿਊ ਦਸ਼ਮੇਸ਼ ਨਗਰ, ਮਾਡਲ ਹਾਊਸ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜਗਦੀਸ਼ ਕੁਮਾਰ ਵਾ ਮੇਰੀ ਨੂੰਹ ਚੰਦਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਗੁਰਦੀਪ ਰੰਧਾਵਾ ਦੀ ਜਿੱਤ 'ਤੇ ਮੁਬਾਰਕਬਾਦ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**- ਹਲਕਾ ਡੇਰਾ ਬਾਬਾ ਨਾਨਕ ਵਿੱਚ ਹੋਈ ਜ਼ਿਮਨੀ ਚੋਣ ਵਿੱਚ ਗੁਰਦੀਪ ਸਿੰਘ ਰੰਧਾਵਾ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਹੋਣ ਤੇ ਕਸਬਾ ਕਲਾਨੌਰ ਦੇ ਸੀਨੀਅਰ ਅਕਾਲੀ ਆਗੂਆਂ ਨੇ ਗੁਰਦੀਪ ਸਿੰਘ ਰੰਧਾਵਾ ਦੇ ਜੱਦੀ ਗ੍ਰਹਿ ਪਿੰਡ ਸ਼ਾਹਪੁਰ ਜਾਜਨ ਪਹੁੰਚ ਕੇ ਗੁਰਦੀਪ ਸਿੰਘ ਰੰਧਾਵਾ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਉ ਭੇਟ ਕਰਕੇ ਵਧਾਈ ਦਿੱਤੀ ਗਈ।ਇਸ ਮੌਕੇ ਅਕਾਲੀ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹਨਾਂ ਚੋਣਾਂ ਵਿੱਚ ਅਕਾਲੀ ਦਲ ਪਾਰਟੀ ਵੱਲੋਂ ਬਾਈਕਾਟ ਕੀਤਾ ਗਿਆ ਸੀ ਤੇ ਲੰਗਾਹ ਵੱਲੋਂ ਬਣਾਈ ਗਈ 31 ਮੈਂਬਰੀ ਕਮੇਟੀ ਵੱਲੋਂ ਗੁਰਦੀਪ ਸਿੰਘ ਦੇ ਹੱਕ ਵਿੱਚ ਵੋਟਾਂ ਪਾਉਣ ਲਈ ਸਮਰਥਨ ਕੀਤਾ ਗਿਆ ਸੀ ਜਿਸ ਕਰਕੇ ਗੁਰਦੀਪ ਸਿੰਘ ਰੰਧਾਵਾ ਦੀ ਇਤਿਹਾਸਕ ਜਿੱਤ ਪ੍ਰਾਪਤ ਹੋਈ ਹੈ।ਇਸ ਮੌਕੇ ਰਣਜੀਤ ਸਿੰਘ ਕਲਾਨੌਰ ਸਿਟੀ ਪ੍ਰਧਾਨ, ਸਾਬਕਾ ਸਰਪੰਚ ਓਮ ਪ੍ਰਕਾਸ਼ ਸਲਹੋਤਰਾ, ਜਸਵੰਤ ਸਿੰਘ ਕਾਹਲੋਂ, ਪ੍ਰਿੰਸੀਪਲ ਸੁਰਿੰਦਰ ਵਰਧਨ, ਬਲਜੀਤ ਸਿੰਘ ਸਿੱਧੂ, ਬਲਵਿੰਦਰ ਸਿੰਘ ਕਾਹਲੋਂ, ਰਜਵੰਤ ਸਿੰਘ ਮੱਲੀ, ਦਲਜੀਤ ਸਿੰਘ ਸੱਭਰਵਾਲ, ਜਰਨੈਲ ਸਿੰਘ,ਕੁਲਵੰਤ ਸਿੰਘ ਭਿੰਡਰ, ਡਾਕਟਰ ਗੁਰਦਿੱਤ ਸਿੰਘ, ਜਤਿੰਦਰ ਕੁਮਾਰ ਗੋਰਾ, ਲਾਟੀ ਖੁੱਲਰ, ਹਰਭਜਨ ਸਿੰਘ ਆਸੀ ਆਦਿ ਹਾਜ਼ਰ ਸਨ।

## ਸਰਕਾਰੀ ਸਕੂਲ ਖੜਕਾਂ ਦੀ ਦੀਕਸ਼ਾ ਨੇ ਤੈਰਾਕੀ 'ਚ ਜਿੱਤੇ ਤਿੰਨ ਤਮਗੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—68ਵੀਆਂ ਪੰਜਾਬ ਸਕੂਲ ਗੇਮਸ 2024-25 ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਲਲਿਤਾ ਅਰੋੜਾ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਪ੍ਰਿੰਸੀਪਲ ਤਰਲੋਚਨ ਸਿੰਘ ਤੇ ਮਾਸਟਰ ਅਜੈ ਕੁਮਾਰ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੜਕਾਂ ਦੀ ਦਸਵੀਂ ਜਮਾਤ ਦੀ ਵਿਦਿਆਰਥਨ ਦੀਕਸ਼ਾ ਥਿੰਦ ਨੇ ਮੋਹਾਲੀ ਵਿਖੇ ਖੇਡ ਤੈਰਾਕੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 50 ਮੀਟਰ, 100 ਮੀਟਰ ਅਤੇ 200 ਮੀਟਰ ਵਿੱਚ ਤਿੰਨ ਗੋਲਡ ਮੈਡਲ ਹਾਸਲ ਕਰ ਕੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ। ਇਸ ਤੋਂ ਇਲਾਵਾ ਇਸ ਸਰਕਾਰੀ ਸਕੂਲ ਦੀ ਖਿਡਾਰਨ ਦੁਆਰਾ ਖੇਡ ਵਤਨ ਪੰਜਾਬ ਦੀਆਂ ਦੇ ਸਟੇਟ ਤੈਰਾਕੀ ਟੂਰਨਾਮੈਂਟ ਵਿੱਚ ਇਸ ਸਾਲ ਤਿੰਨ ਗੋਲਡ ਮੈਡਲ ਹਾਸਲ ਕਰ ਇਤਿਹਾਸਿਕ ਜਿੱਤਾਂ ਹਾਸਿਲ ਕੀਤੀਆਂ ਹਨ। ਹੁਣ ਇਹ ਖਿਡਾਰਨ ਨੈਸ਼ਨਲ ਸਕੂਲ ਗੇਮਸ ਵਿੱਚ ਗੁਜਰਾਤ ਵਿਖੇ ਪੰਜਾਬ ਦੀ ਅਗਵਾਈ ਕਰਨ ਜਾ ਰਹੀ ਹੈ। ਉਪ ਜ਼ਿਲ੍ਹਾ ਸਿੱਖਿਆ ਅਫਸਰ ਧੀਰਜ ਵਸ਼ਿਸ਼ਟ ਦੁਆਰਾ ਖਿਡਾਰਨ ਨੂੰ ਜ਼ਿਲ੍ਹੇ ਵੱਲੋਂ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਤਰਲੋਚਨ ਸਿੰਘ ਵੱਲੋਂ ਖਿਡਾਰਨ ਨੂੰ ਨਕਦ ਇਨਾਮ ਦਿੰਦਿਆਂ ਨੈਸ਼ਨਲ ਗੇਮਸ ਲਈ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕਰਦਿਆਂ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਪਰਮਿੰਦਰ ਸਿੰਘ ,ਮੋਨਿਕਾ ਰਾਣਾ, ਦਲਜੀਤ ਕੌਰ, ਸੁਸ਼ਮਾ ਦੇਵੀ, ਸੁਰਿੰਦਰ ਸਿੰਘ ,ਰਾਜੀਵ ਸ਼ਰਮਾ, ਰਮਣੀਕ ਸਿੰਘ, ਮਨਜੀਤ ਸਿੰਘ, ਨਿਧੀ ਸ਼ਰਮਾ ,ਮੀਨਾਕਸ਼ੀ, ਦਲਜੀਤ ਕਿੰਦ, ਸਨੇਹ ਲਤਾ, ਗੁਰਪ੍ਰੀਤ ਕੌਰ, ਰਾਜਨ ਮਰਵਾਹਾ,ਚਮਨ ਲਾਲ ਆਦਿ ਹਾਜ਼ਰ ਸਨ।

## ਮਿੱਲ ਮਾਲਕਾਂ ਤੋਂ ਮਜ਼ਦੂਰਾਂ ਦਾ ਬਕਾਇਆ ਵਸੂਲਿਆ ਜਾਵੇ : ਰਵੀ ਸਿੱਧੂ



**ਫਗਵਾੜਾ, (ਡਾ. ਰਮਨ)** ਜੇ.ਸੀ.ਟੀ ਮਿੱਲ ਮਾਲਕਾਂ ਵਲੋਂ ਮਜ਼ਦੂਰਾਂ ਦੇ ਬਕਾਏ ਲਈ ਸੰਘਰਸ਼ ਕਰ ਰਹੀ ਜੇ.ਸੀ.ਟੀ ਮਿੱਲ ਮਜ਼ਦੂਰ ਯੂਨੀਅਨ ਦੀ ਇੱਕ ਹੰਗਾਮੀ ਮੀਟਿੰਗ ਸਥਾਨਕ ਰੈਸਟ ਹਾਊਸ ਵਿਖੇ ਹੋਈ। ਯੂਨੀਅਨ ਦੇ ਪ੍ਰਧਾਨ ਰਵੀ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਯੂਨੀਅਨ ਦੇ ਚੇਅਰਮੈਨ ਸੁਨੀਲ ਪਾਂਡੇ ਤੋਂ ਇਲਾਵਾ ਸ਼ਿਵ ਸੈਨਾ (ਯੂਬੀਟੀ) ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਅਤੇ ਸਾਬਕਾ ਮਹਿਲਾ ਕੌਂਸਲਰ ਤ੍ਰਿਪਤਾ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਪ੍ਰਧਾਨ ਰਵੀ ਸਿੱਧੂ, ਚੇਅਰਮੈਨ ਸੁਨੀਲ ਪਾਂਡੇ ਅਤੇ ਅਜੇ ਯਾਦਵ ਨੇ ਕਿਹਾ ਕਿ ਪੁਲਸ ਨੇ ਮਿੱਲ ਮਾਲਕਾਂ ਖ਼ਿਲਾਫ਼ ਐਫ.ਆਈ.ਆਰ. ਤਾਂ ਦਰਜ ਕੀਤੀ ਪਰ ਅੱਜ ਤੱਕ ਨਾ ਤਾਂ ਦੋਸ਼ੀ ਮਿੱਲ ਮਾਲਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਨਾ ਹੀ ਮਾਲਕਾਂ ਵਲੋਂ ਕੀਤੀ ਧੋਖਾਧੜੀ ਅਤੇ ਗੁੰਡਾਗਰਦੀ ਵਿੱਚ ਸ਼ਾਮਲ ਮਿੱਲ ਪ੍ਰਬੰਧਕਾਂ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ। ਇਹ ਵੀ ਪਤਾ ਲੱਗਾ ਹੈ ਕਿ ਪੁਲਸ ਐਫ.ਆਈ.ਆਰ ਰੱਦ ਕਰਨ ਦੀ ਕਾਰਵਾਈ ਕਰਨ ਜਾ ਰਹੀ ਹੈ। ਜਿਸ ਲਈ ਉਹ ਚੇਤਾਵਨੀ ਦੇਣਾ ਚਾਹੁੰਦੇ ਹਨ ਕਿ ਇਸ ਮਾਮਲੇ ਨੂੰ ਰਫਾ-ਦਫਾ ਕਰਨ ਜਾਂ ਇਸ 'ਤੇ ਪਰਦਾ ਪਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸ਼ਿਵ ਸੈਨਾ ਆਗੂ ਕਮਲ ਸਰੋਜ ਨੇ ਵੀ ਕਿਹਾ ਕਿ ਜਦੋਂ ਤੱਕ ਮਿੱਲ ਦੇ ਤਿੰਨ ਹਜ਼ਾਰ ਦੇ ਕਰੀਬ ਮਜ਼ਦੂਰਾਂ ਦੇ ਹੱਕ ਦਾ ਇੱਕ-ਇੱਕ ਪੈਸਾ ਅਦਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਹ ਮਜ਼ਦੂਰ ਭਾਈਚਾਰੇ ਨਾਲ ਡਟ ਕੇ ਖੜ੍ਹੇ ਰਹਿਣਗੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਮਿੱਲ ਮਾਲਕਾਂ ਅਤੇ ਪ੍ਰਬੰਧਕਾਂ ਵਾਂਗ ਪੁਲਸ ਜਾਂ ਪ੍ਰਸ਼ਾਸਨ ਨੇ ਵੀ ਮਜ਼ਦੂਰ ਭਾਈਚਾਰੇ 'ਤੇ ਕਿਸੇ ਵੀ ਤਰ੍ਹਾਂ ਦਾ ਅੱਤਿਆਚਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਸ ਨਾਲ ਪੈਦਾ ਹੋਣ ਵਾਲੀ ਸਥਿਤੀ ਦੀ ਜ਼ਿੰਮੇਵਾਰੀ ਸਥਾਨਕ ਪੁਲਸ ਅਤੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀ ਹੋਵੇਗੀ। ਕਮਲ ਸਰੋਜ ਨੇ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਮਿੱਲ ਮਾਲਕਾਂ ਖਿਲਾਫ ਲੰਮੇ ਸਮੇਂ ਤੋਂ ਸੰਘਰਸ਼ ਕਰਨ ਲਈ ਮਜਬੂਰ ਤਿੰਨ ਹਜ਼ਾਰ ਮਜ਼ਦੂਰਾਂ ਦੇ ਬਕਾਏ ਤੁਰੰਤ ਦਿਵਾਉਣ ਲਈ ਕਾਰਗਰ ਕਦਮ ਚੁੱਕੇ ਜਾਣ। ਇਸ ਮੌਕੇ ਯੂਨੀਅਨ ਦੇ ਮੀਤ ਪ੍ਰਧਾਨ ਸ਼ਰਧਾਨੰਦ ਸਿੰਘ, ਨਵਲ ਕਿਸ਼ੋਰ ਸਿੰਘ ਜਨਰਲ ਸਕੱਤਰ, ਅਨਿਲ ਮਿਸ਼ਰਾ ਸਕੱਤਰ, ਧਰਮਿੰਦਰ ਸਿੰਘ ਕੈਸ਼ੀਅਰ ਤੋਂ ਇਲਾਵਾ ਮਦਨ ਕੁਮਾਰ ਮਿਸ਼ਰਾ ਮੀਡੀਆ ਇੰਚਾਰਜ, ਤਰੁਣ ਸ਼ਰਮਾ ਲੱਕੀ, ਜਸਵੀਰ ਜੱਸੀ, ਰਾਮ ਈਸ਼ਵਰ ਕੁਮਾਰ, ਜਤਿੰਦਰ ਕੁਮਾਰ, ਰਾਮ ਭਰੋਸੇ ਯਾਦਵ, ਸੰਤੋਸ਼ ਕੁਮਾਰ, ਸਾਗਰ ਸ਼ਰਮਾ, ਬੱਚੂ ਸਿੰਘ, ਸੰਤੋਸ਼ ਪਾਂਡੇ, ਰਜਿੰਦਰ ਯਾਦਵ, ਸਤਿਆਨਾਰਾਇਣ ਸਿੰਘ, ਪੁਸ਼ਪਾ ਦੇਵੀ, ਗੀਤਾ ਤਿਵਾੜੀ, ਰਿਧੀ ਦੇਵੀ ਸਮੇਤ ਵੱਡੀ ਗਿਣਤੀ ਵਿੱਚ ਮਿੱਲ ਵਰਕਰ ਹਾਜ਼ਰ ਸਨ।

**ਬੇਦਖਲੀ ਨੋਟਿਸ**

ਮੈਂ, ਨਿਆਮਤ ਸਿੰਘ ਪੁੱਤਰ ਅਨਾਇਟ ਸਿੰਘ ਵਾਸੀ ਪਿੰਡ ਅਵਾਨ ਲੱਖਾ ਸਿੰਘ ਤਹਿਸੀਲ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਅਤੇ ਉਸਦੀ ਪਤਨੀ ਸਰਬਜੀਤ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ। ਇਹਨਾਂ ਨੂੰ ਮੈ ਆਪਣੀ ਚੱਲ ਅੱਚਲ ਜਮੀਨ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਇਹਨਾਂ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ। ਸਾਰੇ ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਅਮਰਜੀਤ ਸਿੰਘ ਪੁੱਤਰ ਰਾਮ ਸਿੰਘ ਵਾਸੀ ਮਕਾਨ ਨੰ: 105, ਪਿੰਡ ਲੋਹਾਰਾ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪਰਮਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਪਰਿਵਾਰਕ ਮੈਂਬਰਾਂ ਨੂੰ ਤੰਗ-ਪ੍ਰੇਸ਼ਾਨ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਜ ਕੁਮਾਰ ਪੁੱਤਰ ਹਰਚਰਨ ਦਾਸ ਵਾਸੀ ਮਕਾਨ ਨੰ: 57 ਵਾਰਡ ਨੰ: 12 ਹਰੀਜਨ ਕਾਲੋਨੀ, ਮੋਗਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਜਨ ਅਤੇ ਨੂੰਹ ਸ਼ੀਤਲ ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਤਯ ਦੇਵੀ ਪਤਨੀ ਰਣਜੀਤ ਸਿੰਘ ਵਾਸੀ ਮਕਾਨ ਨੰ: 11, ਪਿੰਡ ਚੋਹਕ ਕਲਾਂ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਦੀਪ ਕੁਮਾਰ ਅਤੇ ਉਸ ਦੀ ਪਤਨੀ ਪਾਲ ਕੌਰ ਉਰਫ ਪਾਲੋ ਅਤੇ ਉਸ ਦੇ ਬੱਚੇ ਮੇਰੇ ਕਹਿਣੇਕਾਰ ਨਹੀਂ ਹਨ ਅਤੇ ਉਨ੍ਹਾਂ ਦੇ ਗਲਤ ਵਤੀਰੇ ਤੋਂ ਤੰਗ ਹੋ ਕੇ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੂਰਤੀ ਲਾਲ ਪੁੱਤਰ ਮਿਲਖੀ ਰਾਮ, ਵਾਸੀ ਪਿੰਡ ਸ਼ੇਰਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੋਮ ਰਾਜ ਅਤੇ ਇਸ ਦੀ ਪਤਨੀ ਅੰਜੂ ਬਾਲਾ, ਇਨ੍ਹਾਂ ਦੀ ਲੜਕੀ ਕਰੀਤਿਕਾ, ਲੜਕਾ ਰੁਹਾਨ ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਜਨਤਾ ਨੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ - ਸੈਨੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਮਹਾਰਾਸ਼ਟਰ ਚੋਣ ਦੀ ਇਕ ਤਰਫਾ ਜਿੱਤ ਨੂੰ ਲੈ ਕੇ ਬੀਜੇਪੀ ਨੂੰ ਵਧਾਈ ਦਿੰਦੇ ਹੋਏ ਕਾਂਗਰਸ 'ਤੇ ਤੰਜ ਕਸਿਆ ਅਤੇ ਕਿਹਾ ਕਿ ਜਨਤਾ ਨੇ ਕਾਂਗਰਸ ਨੂੰ ਪੂਰੀ ਤਰ੍ਹਾ ਨਕਾਰ ਦਿੱਤਾ ਹੈ। ਮੁੱਖ ਮੰਤਰੀ ਹਿਸਾਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਸੈਨੀ ਨੇ ਕਿਹਾ ਕਿ ਕਾਂਗਰਸ ਜਨਤਾ ਨੂੰ ਗੁਮਰਾਹ ਕਰਨ ਦਾ ਯਤਨ ਕਰਦੀ ਹੈ। ਹਰਿਆਣਾ ਵਿਚ ਵੀ ਅਜਿਹਾ ਕਰਨ ਦਾ ਕਾਂਗਰਸ ਨੇ ਯਤਨ ਕੀਤਾ ਸੀ ਪਰ ਜਨਤਾ ਨੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਡਬਲ ਇੰਜਨ ਦੀ ਸਰਕਾਰ ਤੇਜ ਗਤੀ ਨਾਲ ਵਿਕਾਸ ਅਤੇ ਭਲਾਈ ਦੇ ਕੰਮ ਕਰ ਰਹੀ ਹੈ। ਹਰਿਆਣਾ ਵਿਚ ਜਨਤਾ ਨੇ ਤੀਜੀ ਵਾਰ ਬੀਜੇਪੀ ਦੀ ਵਿਕਾਸ ਦੀ ਨੀਤੀਆਂ ਨੂੰ ਚੁਣਿਆ ਹੈ। ਕਾਂਗਰਸ ਨੇ ਝੂਠ ਦਾ ਸਹਾਰਾ ਲੈ ਕੇ ਵਿਕਾਸ 'ਤੇ ਬ੍ਰੇਕ ਲਗਾਉਣ ਦੀ ਕੋਸ਼ਿਸ਼ ਕੀਤੀ ਸੀ, ਮਗਰ ਅਜਿਹਾ ਹੋ ਨਾ ਪਾਇਆ।ਸੈਨੀ ਨੇ ਕਿਹਾ ਕਿ ਹਰਿਆਣਾ ਦੇ ਬਾਅਦ ਮਹਾਰਾਸ਼ਟਰ ਵਿਚ ਕਾਂਗਰਸ ਦਾ ਸੂਪੜਾ ਸਾਫ ਹੋ ਗਿਆ ਹੈ। ਕਾਂਗਰਸ ਮੁਲਾਂਕਨ ਕਰੇ ਕਿ 10 ਸਾਲਾਂ ਵਿਚ ਪੀ ਐਮ ਮੋਦੀ ਨੇ ਕਿੰਨ੍ਹੇ ਕੰਮ ਕੀਤੇ ਅਤੇ ਇੰਨ੍ਹਾਂ ਨੇ ਕਿੰਨ੍ਹੇ ਕੀਤੇ। ਮੁਲਾਂਕਨ ਕਰਨ 'ਤੇ ਪਤਾ ਚੱਲੇਗਾ ਕਿ ਪੀ ਐਮ ਨਰੇਂਦਰ ਮੋਦੀ 55 ਸਾਲ ਦੇ ਸਾਸ਼ਨ 'ਤੇ ਕਿੰਨੇ ਭਾਰੀ ਪਏ ਹਨ। ਪਾਰਿਸੀਮਨ ਦੇ ਸਬੰਧ ਵਿਚ ਪੁੱਛੇ ਗਏ ਸੁਆਲ ਤੇ ਮੁੱਖ ਮੰਤਰੀ ਨੇ ਕਿਹਾ ਕਿ 2026 ਦੇ ਅੰਦਰ ਪਰਿਸੀਮਨ ਨੂੰ ਲੈ ਕੇ ਜੋ ਵੀ ਗਾਇਡ ਲਾਇਨ ਆਵੇਗੀ, ਉਸ ਦੇ ਮੁਤਾਬਿਕ ਅੱਗੇ ਦੀ ਕਾਰਵਾਈ ਹੋਵੇਗੀ। ਡੀਏਪੀ ਦੇ ਸਬੰਧ ਵਿਚ ਪੁੱਛੇ ਗਏ ਇਕ ਸੁਆਲ ਦਾ ਜਵਾਬ ਦਿੰਦੇ ਹੋਏ ਸੈਨੀ ਨੇ ਕਿਹਾ ਕਿ ਖਾਦ ਦੀ ਸੂਬੇ ਵਿਚ ਕੋਈ ਕਮੀ ਨਹੀਂ ਹੈ।

## ਸੀਡ ਵਿਲੇਜ ਪ੍ਰੋਗਰਾਮ ਅਧੀਨ ਕਣਕ, ਛੋਲਿਆਂ ਤੇ ਰੇਪਸੀਡ ਦਾ ਬੀਜ ਸਬਸਿਡੀ 'ਤੇ ਉਪਲੱਬਧ : ਮੁੱਖ ਖੇਤੀਬਾੜੀ ਅਫਸਰ



**ਫਰੀਦਕੋਟ (ਐਲਿਜ਼ਾਬੈਥ ਡਿਸੂਜ਼ਾ)**-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਹਾੜ੍ਹੀ 2024-25 ਦੌਰਾਨ ਸਬਮਿਸ਼ਨ ਆਨ ਸੀਡ ਐਂਡ ਪਲਾਂਟਿੰਗ (ਐਸ ਐਮ ਐਸ ਪੀ) ਸੀਡ ਵਿਲੇਜ ਪ੍ਰੋਗਰਾਮ ਅਧੀਨ ਪੰਜਾਬ ਸਰਕਾਰ ਵੱਲੋਂ ਪ੍ਰਮਾਣਿਤ ਨੈਸ਼ਨਲ ਏਜੰਸੀ ਪਨਸੀਡ ਵੱਲੋਂ ਸਪਲਾਈ ਕੀਤਾ ਕਣਕ, ਛੋਲੇ ਤੇ ਰੇਪਸੀਡ/ਮਸਟਰਡ ਦਾ ਬੀਜ ਉਪਦਾਨ 'ਤੇ ਮੁਹੱਈਆ ਕਰਵਾਇਆ ਜਾਵੇਗਾ।ਇਸ ਬਾਰੇ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੀਡ ਵਿਲੇਜ ਪ੍ਰੋਗਰਾਮ ਅਧੀਨ ਕਣਕ ਦਾ ਬੀਜ 1600/- ਰੁਪਏ ਕੁਇੰਟਲ ਸਹਾਇਤਾ, ਛੋਲਿਆਂ ਦਾ ਬੀਜ 4800/- ਰੁਪਏ ਕੁਇੰਟਲ ਸਹਾਇਤਾ ਤੇ ਰੇਪਸੀਡ/ਮਸਟਰਡ ਦਾ ਬੀਜ 4200/- ਰੁਪਏ ਪ੍ਰਤੀ ਕੁਇੰਟਲ ਸਹਾਇਤਾ ਨਾਲ ਤਸਦੀਕਸ਼ੁਦਾ ਬੀਜ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਬੀਜ ਕਿਸਾਨ ਵੀਰਾਂ ਨੂੰ ਖਰੀਦ ਸਮੇਂ ਹੀ ਸਹਾਇਤਾ ਰਾਸ਼ੀ ਘਟਾ ਕੇ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਕਿਸਾਨ ਆਪਣੇ ਮੁਕੰਮਲ ਬਿਨੈ-ਪੱਤਰ ਖੇਤੀਬਾੜੀ ਵਿਭਾਗ ਦੇ ਸਰਕਲ ਪੱਧਰ, ਬਲਾਕ ਪੱਧਰ ਜਾਂ ਜ਼ਿਲ੍ਹਾ ਪੱਧਰ ਦੇ ਦਫਤਰਾਂ ਵਿੱਚ ਜਮ੍ਹਾਂ ਕਰਵਾ ਸਕਦੇ ਹਨ।ਕਿਸਾਨ ਵੀਰਾਂ ਨੂੰ ਜ਼ਿਲ੍ਹਾ/ਬਲਾਕ ਦਾ ਟੀਚਾ ਪੂਰਾ ਹੋਣ ਤੱਕ ਇਹ ਬੀਜ ਸਬਸਿਡੀ 'ਤੇ ਮੁਹੱਈਆ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਬੀਜ ਦੀ ਵੰਡ ਸਬੰਧੀ ਜ਼ਿਲ੍ਹਾ ਫਰੀਦਕੋਟ ਨੂੰ ਕਣਕ ਦੇ ਬੀਜ ਦਾ 2500 ਕੁਇੰਟਲ, ਛੋਲਿਆਂ ਦੇ ਬੀਜ ਦਾ 1.87 ਕੁਇੰਟਲ ਤੇ ਸਰ੍ਹੋਂ ਦੇ ਬੀਜ ਦਾ 4.2 ਕੁਇੰਟਲ ਟੀਚਾ ਪ੍ਰਾਪਤ ਹੋਇਆ ਹੈ।ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨ ਸਬਸਿਡੀ ਵਾਲੇ ਫਾਰਮ ਸਬੰਧਤ ਸਰਕਲ ਜਾਂ ਬਲਾਕ ਦਫਤਰਾਂ ਵਿੱਚੋਂ ਪ੍ਰਾਪਤ ਕਰ ਸਕਦੇ ਹਨ ਤੇ ਫਾਰਮ ਜਮ੍ਹਾਂ ਕਰਵਾ ਕੇ ਤੁਰੰਤ ਬੀਜ ਪ੍ਰਾਪਤ ਕਰ ਸਕਦੇ ਹਨ।ਉਨ੍ਹਾ ਦੱਸਿਆ ਕਿ ਕਣਕ ਦਾ ਬੀਜ ਪ੍ਰਤੀ ਕੁਇੰਟਲ 2150/- ਰੁਪਏ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾ ਰਿਹਾ ਹੈ।ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਕਿਸਾਨਾਂ ਨੇ ਕਣਕ ਦੀ ਬਿਜਾਈ ਕਰਨੀ ਹੈ, ਉਹ ਇਸ ਮੌਕੇ ਦਾ ਫਾਇਦਾ ਉਠਾ ਸਕਦੇ ਹਨ।ਇਹ ਛੁੱਟੀਆਂ ਵਾਲੇ ਦਿਨ ਵੀ ਮੁਹੱਈਆ ਕਰਵਾਇਆ ਜਾਵੇਗਾ।

## ਛੁੱਟੀ ਆਏ ਫ਼ੌਜੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

### ਸਰਕਾਰੀ ਸਨਮਾਨ ਨਾਲ ਕੀਤਾ ਅੰਤਿਮ ਸੰਸਕਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਹਮੀਦੀ (ਬਰਨਾਲਾ) ਵਿਖੇ ਛੁੱਟੀ 'ਤੇ ਆਏ ਫ਼ੌਜੀ ਸਿਪਾਹੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।ਅੱਜ ਉਨ੍ਹਾਂ ਦੇ ਸਸਕਾਰ ਮੌਕੇ ਬਠਿੰਡਾ ਯੂਨਿਟ ਤੋਂ ਫ਼ੌਜੀ ਜਵਾਨਾਂ ਦੀ ਟੁੱਕੜੀ ਨੇ ਹਥਿਆਰ ਉਲਟੇ ਕਰਕੇ ਸਲਾਮੀ ਦਿੱਤੀ।ਪ੍ਰਾਪਤ ਵੇਰਵਿਆਂ ਅਨੁਸਾਰ ਨਾਇਕ ਬਲਵਿੰਦਰ ਸਿੰਘ (52) ਪੁੱਤਰ ਭਗਵਾਨ ਸਿੰਘ ਡੀ ਐੱਸ ਸੀ ਫੌਜ 'ਚ ਤਾਇਨਾਤ ਕੁੱਝ ਦਿਨ ਪਹਿਲਾਂ ਆਪਣੇ ਪਿੰਡ ਹਮੀਦੀ ਪਰਵਾਰ ਕੋਲ ਆਇਆ ਹੋਇਆ ਸੀ।ਉਸ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਬਲਵਿੰਦਰ ਸਿੰਘ ਸੰਨ 1993 'ਚ 61 ਇੰਜੀਨੀਅਰ ਆਰਮੀ ਵਿੱਚ ਭਰਤੀ ਹੋਇਆ ਸੀ ਤੇ 18 ਸਾਲ ਦੀ ਸੇਵਾ ਤੋਂ ਬਾਅਦ ਸੇਵਾ ਮੁਕਤ ਹੋ ਗਿਆ।ਉਹ ਮੁੜ 2013 ਵਿੱਚ ਭਾਰਤੀ ਫ਼ੌਜੀ ਦੀ ਡੀ ਐੱਸ ਸੀ ਆਰਮੀ ਵਿੱਚ ਭਰਤੀ ਹੋ ਕੇ ਸੇਵਾਵਾਂ ਨਿਭਾਉਣ ਲੱਗਿਆ।ਇਸ ਵੇਲੇ ਉਹ ਬਠਿੰਡਾ ਛਾਉਣੀ ਵਿੱਚ ਨੌਕਰੀ ਤੇ ਤੈਨਾਤ ਸੀ।ਪੀੜਤ ਪਰਵਾਰ ਨੇ ਪੰਜਾਬ ਸਰਕਾਰ, ਉੱਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਪਰਵਾਰ ਨੂੰ ਬਣਦੇ ਪੂਰੇ ਲਾਭ ਤੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਫੌਜ ਦੀ ਬਠਿੰਡਾ ਯੂਨਿਟ ਤੋਂ ਪਹੁੰਚੀ ਫ਼ੌਜੀ ਜਵਾਨਾਂ ਦੀ ਟੁੱਕੜੀ ਨੇ ਬਲਵਿੰਦਰ ਸਿੰਘ ਨੂੰ ਸਲਾਮੀ ਦੇ ਕੇ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਵੱਡੀ ਗਿਣਤੀ ਪਿੰਡ ਵਾਸੀ, ਸਾਬਕਾ ਸੈਨਿਕ, ਮੁਹਤਬਰ ਹਾਜ਼ਰ ਸਨ।

## ਸਕੂਲ ਆਫ ਐਮੀਨੈਂਸ ਵਿਖੇ ਲਗਾਇਆ ਬਿਜ਼ਨੈੱਸ ਬਲਾਸਟਰ ਮੇਲਾ



**ਮਮਦੋਟ (ਜਸਵੀਰ ਸਿੰਘ ਕੰਬੋਜ)**-ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਵਾਸਤੇ ਇੱਕ ਨਿਵੇਕਲੀ ਪਹਿਲ ਕਰਦਿਆਂ ਉਨ੍ਹਾਂ ਦੇ ਮਨਾਂ ਵਿੱਚ ਇੱਕ ਸ਼ਾਨਦਾਰ ਤਰੀਕੇ ਨਾਲ ਟਿਕਾਊ ਵਪਾਰਕ ਖਿਆਲ ਪੈਦਾ ਕਰਨ ਅਤੇ ਪੜ੍ਹਾਈ ਤੋਂ ਬਾਅਦ ਉਨ੍ਹਾਂ ਨੂੰ ਖੁਦ ਆਪਣਾ ਬਿਜ਼ਨੈੱਸ ਸ਼ੁਰੂ ਕਰਕੇ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਬਿਜ਼ਨੈੱਸ ਬਲਾਸਟਰ ਸਕੀਮ ਤਹਿਤ ਨੋਡਲ ਅਫਸਰ ਸਕੂਲ ਪ੍ਰਿੰਸੀਪਲ ਰੁਬੀਨਾ ਚੋਪੜਾ ਦੀ ਰਹਿਨੁਮਾਈ ਹੇਠ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਆਫ ਐਮੀਨੈਂਸ ਮਮਦੋਟ ਵਿਖੇ ਬਿਜ਼ਨੈੱਸ ਬਲਾਸਟਰ ਮੇਲਾ ਲਗਾਇਆ ਗਿਆ। ਇਸ ਮੇਲੇ ਦਾ ਉਦਘਾਟਨ ਨੋਡਲ ਅਫਸਰ ਰੁਬੀਨਾ ਚੋਪੜਾ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਸਿੰਘ ਵੱਲੋਂ ਕੀਤਾ ਗਿਆ। ਮੇਲੇ ਦੌਰਾਨ ਜਿੱਥੇ ਸਕੂਲ ਦੇ ਸਟਾਫ ਤੇ ਬੱਚਿਆਂ ਵੱਲੋਂ ਸਕੂਲੀ ਵਿਦਿਆਰਥਣਾਂ ਵੱਲੋਂ ਆਪਣੇ ਹੱਥਾਂ ਨਾਲ ਖੁਦ ਤਿਆਰ ਕੀਤੀਆਂ ਵਸਤਾਂ ਦੀ ਖ੍ਰੀਦ ਕੀਤੀ, ਓਥੇ ਨਾਲ ਹੀ ਉਨ੍ਹਾਂ ਵਿਦਿਆਰਥਣਾਂ ਵੱਲੋਂ ਆਪਣੇ ਹੱਥਾਂ ਨਾਲ ਖੁਦ ਤਿਆਰ ਕੀਤੀ ਭੇਲ ਪੂਰੀ, ਪੌਪ ਕੋਰਨ, ਆਟੇ ਦੀਆਂ ਸੇਵੀਆਂ ਸਮੇਤ ਕਈ ਹੋਰ ਵਿਅੰਜਨਾਂ ਦਾ ਵੀ ਖੂਬ ਆਨੰਦ ਮਾਣਿਆ ਅਤੇ ਜੂਟ ਤੋਂ ਬਣੀਆਂ ਆਈਟਮਾਂ ਖਰੀਦੀਆਂ। ਸਕੂਲੀ ਬੱਚੇ ਆਪਣੇ ਹੀ ਸਾਥੀ ਬੱਚਿਆਂ ਵੱਲੋਂ ਤਿਆਰ ਕੀਤੀਆਂ ਵਸਤਾਂ ਨੂੰ ਖ੍ਰੀਦ ਕੇ ਇੱਕ ਵੱਖਰੀ ਤਰ੍ਹਾਂ ਦੀ ਖੁਸ਼ੀ ਮਹਿਸੂਸ ਕਰ ਰਹੇ ਸਨ। ਇਸ ਮੌਕੇ ਗੱਲਬਾਤ ਕਰਦਿਆਂ ਨੋਡਲ ਅਫਸਰ ਰੁਬੀਨਾ ਚੋਪੜਾ ਤੇ ਕਮਲ ਗੋਇਲ ਅਸਿਸਟੈਂਟ ਨੋਡਲ ਅਫਸਰ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਦੀ ਇਸ ਨਿਵੇਕਲੀ ਪਹਿਲ ਨਾਲ ਬੱਚਿਆਂ ਵਿੱਚ ਆਪਣਾ ਬਿਜ਼ਨੈੱਸ ਕਰਨ ਦੀ ਰੁਚੀ ਵਿੱਚ ਵਾਧਾ ਹੋਵੇਗਾ ਤੇ ਉਨ੍ਹਾਂ ਦਾ ਆਤਮ ਵਿਸ਼ਵਾਸ ਵੀ ਵਧੇਗਾ। ਉਨ੍ਹਾਂ ਦੱਸਿਆ ਕਿ ਇਸ ਮੇਲੇ ਨੂੰ ਸਫਲ ਬਣਾਉਣ ਤੇ ਬੱਚਿਆਂ ਨੂੰ ਗਾਈਡ ਕਰਨ ਵਿੱਚ ਨੀਲਮ ਕੱਕੜ ਮੈਮ ਲੈਕਚਰਾਰ, ਕੁਲਵਿੰਦਰ ਕੌਰ ਪੰਜਾਬੀ ਮਿਸਟ੍ਰੈੱਸ, ਅਜੇ ਕੁਮਾਰ, ਰਾਜੇਸ਼ ਜੈਨ, ਨਿਰਮਲ ਸਿੰਘ ਸੰਧੂ ਦੀ ਅਹਿਮ ਭੂਮਿਕਾ ਨਿਭਾਈ ਗਈ ਹੈ। ਇਸ ਮੌਕੇ ਦਵਿੰਦਰ ਕੌਰ, ਹਰਮਨ ਕੌਰ ਰਵਿੰਦਰ ਸਿੰਘ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਹਾਜ਼ਰ ਸਨ।

## 3 ਕਲੀਨਿਕਲ ਅਸਿਸਟੈਂਟਸ ਨੂੰ ਸਿਹਤ ਵਿਭਾਗ ਨੇ ਦਿੱਤੇ ਨਿਯੁਕਤੀ ਪੱਤਰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਕੀਤਾ ਵਾਅਦਾ ਬਾਖੂਬੀ ਪੂਰਾ ਕੀਤਾ ਜਾ ਰਿਹਾ ਹੈ।ਸਿਹਤ ਵਿਭਾਗ ਵਿੱਚ ਲੋਕਾਂ ਲਈ ਸਿਹਤ ਸਹੂਲਤਾਂ ਨੂੰ ਹੋਰ ਬਿਹਤਰ ਕਰਨ ਲਈ ਆਮ ਆਦਮੀ ਕਲੀਨਿਕ ਪੰਨੀਵਾਲਾ ਮਾਹਲਾਂ, ਕਿੱਲਿਆਂ ਵਾਲੀ ਤੇ ਖੁਬਣ ਵਿੱਚ 3 ਕਲੀਨਿਕਲ ਅਸਿਸਟੈਂਟ ਦੀ ਭਰਤੀ ਕਰਨ ਲਈ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ। ਸਿਵਲ ਸਰਜਨ ਦਫ਼ਤਰ ਵਿਖੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾਕਟਰ ਕਵਿਤਾ ਸਿੰਘ ਨੇ 3 ਕਲੀਨਿਕਲ ਅਸਿਸਟੈਂਟ ਨੂੰ ਨੌਕਰੀ ਦੇ ਨਿਯੁਕਤੀ ਪੱਤਰ ਜਾਰੀ ਕੀਤੇ।ਪੇਂਡੂ ਖੇਤਰ ਵਿਖੇ ਹੋਈ ਨਿਯੁਕਤੀ ਦਾ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨਜ਼ਦੀਕ ਹੀ ਸਿਹਤ ਸਹੂਲਤਾਂ ਮਿਲਣਗੀਆਂ।ਇਸ ਦੌਰਾਨ ਡਾਕਟਰ ਕਵਿਤਾ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤ ਸਹੂਲਤਾਂ ਲਈ ਕਾਫੀ ਗੰਭੀਰ ਹੈ ਤੇ ਲੋਕਾਂ ਦੀ ਜ਼ਰੂਰਤ ਤੇ ਸਿਹਤ ਸੇਵਾਵਾਂ ਦੀ ਘਾਟ ਨੂੰ ਪੂਰਾ ਕਰਨ ਲਈ ਆਧੁਨਿਕ ਮਸ਼ੀਨਰੀ ਤੇ ਸਟਾਫ ਦੀ ਭਰਤੀ ਵਿੱਚ ਕੋਈ ਕਮੀ ਨਹੀਂ ਛੱਡ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਡਾਕਟਰ ਕਵਿਤਾ ਸਿੰਘ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਵਿਖੇ ਸਿਹਤ ਸਹੂਲਤਾਂ ਵਿੱਚ ਵਾਧਾ ਕਰਦੇ ਹੋਏ ਸਰਕਾਰ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਇੰਟਰਵਿਊ ਰਾਹੀਂ ਡਾਕਟਰ ਦੀ ਭਰਤੀ ਕੀਤੀ ਗਈ ਹੈ, ਜਿਸ ਵਿੱਚ ਇੰਟਰਵਿਊ ਪੈਨਲ ਨੇ 3 ਉਮੀਦਵਾਰਾਂ ਨੂੰ ਨਿਯਮਾਂ ਤਹਿਤ ਸਲੈਕਟ ਕੀਤਾ ਤੇ ਨਿਯੁਕਤੀ ਪੱਤਰ ਜਾਰੀ ਕੀਤੇ। ਇਸ ਦੌਰਾਨ ਸਿਵਲ ਸਰਜਨ ਡਾਕਟਰ ਚੰਦਰ ਸ਼ੇਖਰ ਨੇ ਨਵ-ਨਿਯੁਕਤ ਡਾਕਟਰਾਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਲਈ ਹਦਾਇਤ ਦਿੰਦੇ ਹੋਏ ਕਿਹਾ ਕਿ ਡਾਕਟਰੀ ਪੇਸ਼ੇ ਵਿੱਚ ਮਰੀਜ਼ ਨਾਲ ਨਰਮੀ ਨਾਲ ਵਤੀਰਾ ਅਪਣਾਇਆ ਜਾਵੇ ਤੇ ਲੋਕਾਂ ਦੀ ਵੱਧ ਤੋਂ ਵੱਧ ਸੇਵਾ ਕਰਨ ਦੀ ਪ੍ਰੇਰਣਾ ਦਿੱਤੀ।ਇਸ ਦੌਰਾਨ ਡੀ ਪੀ ਐੱਮ ਰਾਜੇਸ਼ ਕੁਮਾਰ, ਮਾਸ ਮੀਡੀਆ ਬ੍ਰਾਂਚ ਦਿਵੇਸ਼ ਕੁਮਾਰ, ਹਰਮੀਤ ਸਿੰਘ ਤੇ ਆਕਾਸ਼ ਕੰਬੋਜ ਅਤੇ ਨਵ-ਨਿਯੁਕਤ ਡਾਕਟਰ ਮੌਜੂਦ।

## 'ਮਾਨਵ ਸੇਵਾ ਉੱਤਮ ਸੇਵਾ' ਨੂੰ ਕੀਤਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**-ਹੈਲਪ ਫੋਰ ਨੀਡੀ ਫਾਊਂਡੇਸ਼ਨ ਬਠਿੰਡਾ ਪ੍ਰਧਾਨ ਆਨੰਦ ਜੈਨ ਵੱਲੋਂ ਸਨਮਾਨ ਸਮਾਰੋਹ ਕੀਤਾ ਗਿਆ।ਇਸ ਸਮਾਰੋਹ ਵਿੱਚ ਵੱਖ ਵੱਖ ਸੂਬਿਆਂ ਤੋਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ, ਜਿਸ ਵਿੱਚ ਹਲਕਾ ਨਾਭਾ ਤੋਂ ਸਮਾਜ ਸੇਵੀ ਸੰਸਥਾ ਮਾਨਵ ਸੇਵਾ ਉੱਤਮ ਸੇਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਹੈਲਪ ਫੋਰ ਨੀਡੀ ਫਾਊਂਡੇਸ਼ਨ ਬਠਿੰਡਾ ਪ੍ਰਧਾਨ ਆਨੰਦ ਜੈਨ ਤੇ ਸਮੂਹ ਮੈਂਬਰਾਂ ਵੱਲੋਂ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ, ਸੁਨੀਲ ਗੁਪਤਾ ਤੇ ਰਵਿੰਦਰ ਸਿੰਘ ਵੱਲੋਂ ਖ਼ੂਨਦਾਨ ਕੈਂਪ ਵਿੱਚ ਖ਼ੂਨ ਇਕੱਤਰ ਕਰਨਾ ਤੇ ਲੋਕ ਭਲਾਈ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਸਨਮਾਨਤ ਹੋਣ ਉਪਰੰਤ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਹੈਲਪ ਫੋਰ ਨੀਡੀ ਫਾਊਂਡੇਸ਼ਨ ਬਠਿੰਡਾ ਦੇ ਪ੍ਰਧਾਨ ਆਨੰਦ ਜੈਨ ਤੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਇਸ ਤਰ੍ਹਾਂ ਦੇ ਖ਼ੂਨਦਾਨ ਕੈਂਪਾਂ ਤੇ ਲੋਕ ਭਲਾਈ ਦੇ ਕਾਰਜਾਂ ਵਿੱਚ ਦਾਨੀ ਸੱਜਣ ਸਾਨੂੰ ਸਹਿਯੋਗ ਦਿੰਦੇ ਰਹਿਣਗੇ।

## ਸਰਪੰਚ ਲਖਮੀਰਵਾਲਾ ਨੇ ਅਮਨ ਅਰੋੜਾ ਨੂੰ ਦਿੱਤੀ ਵਧਾਈ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਪਿਛਲੇ ਦਿਨੀਂ ਕੈਬਨਟ ਮੰਤਰੀ ਸ੍ਰੀ ਅਮਨ ਅਰੋੜਾ ਨੂੰ ਆਮ ਪਾਰਟੀ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਮੁੱਖ ਮੰਤਰੀ ਭਗਵੰਤ ਮਨ ਦੀ ਅਗਵਾਈ ਵਿੱਚ ਸ੍ਰੀ ਅਮਨ ਅਰੋੜਾ ਨੂੰ ਆਮ ਪਾਰਟੀ ਦਾ ਪੰਜਾਬ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਸਬੰਧੀ ਸਾਰੇ ਹੀ ਸੁਨਾਮ ਹਲਕੇ ਵਿੱਚ ਲਹਿਰ ਦੀ ਖ਼ੁਸ਼ੀ ਦੌੜ ਗਈ, ਉੱਥੇ ਹੀ ਪਿੰਡ ਲਖਮੀਰ ਵਾਲੇ ਤੋਂ ਸਰਪੰਚ ਮਨਿੰਦਰ ਸਿੰਘ ਲਖਮੀਰਵਾਲਾ ਤੇ ਪੰਚ ਹਰਵਿੰਦਰ ਸਿੰਘ ਕਾਕਾ ਬਲਾਕ ਪ੍ਰਧਾਨ ਅਮਨਦੀਪ ਸਿੰਘ ਲਖਮੀਰਵਾਲਾ ਅਤੇ ਸਮੂਹ ਨਗਰ ਪੰਚਾਇਤ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਸਰਪੰਚ ਮਨਿੰਦਰ ਸਿੰਘ ਲਖਮੀਰਵਾਲਾ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਫੁੱਲ ਬੁੱਕੇ ਦੇ ਕੇ ਵਧਾਈਆਂ ਦਿੱਤੀਆਂ ਅਤੇ ਸੁਨਾਮ ਹਲਕੇ ਤੇ ਪੰਜਾਬ ਦੇ ਭਵਿੱਖ ਲਈ ਚੰਗੀਆਂ ਉਮੀਦਾਂ ਜਤਾਈਆਂ।

## ਸ਼ੇਰੇ ਪੰਜਾਬ ਯੂਨੀਅਨ ਦਾ ਬਲਾਕ ਪ੍ਰਧਾਨ ਜਸਵੀਰ ਸਿੰਘ ਸੈਦੋਕੇ ਬਰਖਾਸਤ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸ਼ੇਰੇ ਪੰਜਾਬ ਯੂਨੀਅਨ ਦੀ ਮੀਟਿੰਗ ਸੈਦੋਕੇ ਵਿਖੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਦੀ ਅਗਵਾਈ 'ਚ ਹੋਈ, ਜਿਸ ਵਿੱਚ ਬਲਾਕ ਨਿਹਾਲ ਸਿੰਘ ਵਾਲਾ ਦੇ ਵਰਕਰ ਤੇ ਆਗੂ ਸ਼ਾਮਲ ਹੋਏ। ਮੀਟਿੰਗ ਵਿੱਚ ਪੰਜਾਬ ਪ੍ਰਧਾਨ ਦੀਆਂ ਹਦਾਇਤਾਂ ਅਨੁਸਾਰ ਜਸਵੀਰ ਸਿੰਘ ਸੈਦੋਕੇ ਬਲਾਕ ਪ੍ਰਧਾਨ ਨਿਹਾਲ ਸਿੰਘ ਵਾਲਾ ਨੂੰ ਸ਼ੇਰੇ ਪੰਜਾਬ ਸਾਰੇ ਅਹੁਦਿਆਂ ਤੋਂ ਬਰਖਾਸਤ ਕੀਤਾ ਗਿਆ ਤੇ ਕਿਹਾ ਕਿ ਅੱਜ ਤੋਂ ਬਾਅਦ ਜਸਵੀਰ ਸਿੰਘ ਸੈਦੋਕੇ ਦਾ ਸ਼ੇਰੇ ਪੰਜਾਬ ਯੂਨੀਅਨ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਇਸ ਤੋਂ ਇਲਾਵਾ ਇਸ ਨੂੰ ਵਰਨਿੰਗ ਦਿੱਤੀ ਕਿ ਇਹ ਸ਼ੇਰੇ ਪੰਜਾਬ ਯੂਨੀਅਨ ਦਾ ਕਿਤੇ ਵੀ ਨਾਮ ਨਹੀਂ ਵਰਤੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ, ਇਕਾਈ ਪ੍ਰਧਾਨ ਭਗਵਾਨ ਸਿੰਘ, ਮੀਤ ਪ੍ਰਧਾਨ ਨਛੱਤਰ ਸਿੰਘ ਭੋਲਾ, ਵਿੱਤ ਸਕੱਤਰ ਜਰਨੈਲ ਸਿੰਘ, ਸਲਾਹਕਾਰ ਰਾਮ ਬਖਸ਼ ਸਿੰਘ , ਸਹਾਇਕ ਸਕੱਤਰ ਬਾਰਾ ਸਿੰਘ, ਪ੍ਰੈੱਸ ਸਕੱਤਰ ਦਰਸ਼ਨ ਸਿੰਘ, ਜਨਰਲ ਸਕੱਤਰ ਬਲਜਿੰਦਰ ਸਿੰਘ ਜਗਦੀਸ਼ ਸਿੰਘ, ਜਗਸੀਰ ਸਿੰਘ, ਸੁਖਪ੍ਰੀਤ ਸਿੰਘ, ਜਗਮੇਲ ਸਿੰਘ, ਖੁਸ਼ਪ੍ਰੀਤ ਸਿੰਘ, ਸੁਖਚੈਨ ਸਿੰਘ ਸੁਖਦੇਵ ਸਿੰਘ, ਜਗਤਾਰ ਸਿੰਘ, ਜਸਕਰਣ ਸਿੰਘ, ਲਖਵੀਰ ਸਿੰਘ, ਗੁਰਮੇਲ ਸਿੰਘ, ਬਿੱਕਰ ਸਿੰਘ ਆਦਿ ਹਾਜ਼ਰ ਸਨ।

## ਸ਼ਿਵ ਸ਼ੰਕਰ ਯੂਥ ਸੇਵਾ ਦਲ ਨੇ 2 ਲੜਕੀਆਂ ਦੇ ਵਿਆਹ ਕਰਵਾਏ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸ਼ਿਵ ਸ਼ੰਕਰ ਯੂਥ ਸੇਵਾ ਦਲ ਸਮਾਣਾ ਵੱਲੋਂ ਸਥਾਨਕ ਸੱਚਾ ਮਹਾਂਕਲਾਸ਼ਵਰ ਮੰਦਰ ਵਿਖੇ ਪ੍ਰਧਾਨ ਰਮਨ ਮਹਿੰਦਰਾ ਦੀ ਅਗਵਾਈ ਵਿੱਚ ਇਲਾਕੇ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲੋੜਵੰਦ ਪਰਵਾਰਾਂ ਦੀਆਂ 2 ਲੜਕੀਆਂ ਦੇ ਸਮੂਹਕ ਵਿਆਹ ਕਰਵਾਏ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਸਮਾਣਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਨੈਣਾਂ ਆਰੀਆ ਧਰਮਸ਼ਾਲਾ ਦੇ ਪ੍ਰਧਾਨ ਯਸ਼ਪਾਲ ਸਿੰਗਲਾ, ਵੇਦ ਪ੍ਰਕਾਸ਼ ਕਾਂਸਲ, ਡਾ. ਪ੍ਰੇਮ ਪਾਲ, ਡਾ. ਰਾਜੇਸ਼ ਗੋਇਲ ਲੱਕੀ, ਲਵ ਗੋਇਲ ਲਵਲੀ, ਪ੍ਰਦੀਪ ਗੋਇਲ ਮਿੰਕਾ, ਸੁਨੈਨਾ ਮਿੱਤਲ, ਗੋਪਾਲ ਕ੍ਰਿਸ਼ਨ ਗਰਗ, ਹੇਮੰਤ ਸੰਧੂ, ਧਰਮਪਾਲ ਨਾਹਰ, ਸੰਜੇ ਮੰਤਰੀ, ਪਵਨ ਸ਼ਾਸਤਰੀ, ਸੰਜੇ ਸਾਹਨੀ, ਸ਼੍ਰੀਮਤੀ ਸੁਸ਼ਮਾ ਗਰਗ ਤੇ ਸਤੀ ਮੰਦਰ ਮਹਿਲਾ ਸੰਕੀਰਤਨ ਮੰਡਲੀ, ਲੱਕੀ ਵਰਮਾ, ਅਮਿਤ ਧੀਮਾਨ, ਰਿੰਕੂ ਚੋਪੜਾ, ਮਨਜੀਤ ਸਿੰਘ, ਪ੍ਰਦੀਪ ਕੁਮਾਰ, ਬਿੱਟੂ ਧੀਮਾਨ ਆਦਿ ਸ਼ਖਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਨਵ-ਵਿਆਹੁਤਾ ਜੋੜਿਆਂ ਨੂੰ ਆਪਣਾ ਆਸ਼ੀਰਵਾਦ ਪ੍ਰਦਾਨ ਕਰਦੀਆਂ ਉਨ੍ਹਾਂ ਨੂੰ ਜ਼ਿੰਦਗੀ ਦੇ ਨਵੇਂ ਪੜਾਅ ਲਈ ਆਪਣੀਆਂ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੰਜੇ ਮੰਤਰੀ ਵੱਲੋਂ ਬਾਖ਼ੂਬੀ ਨਿਭਾਈ ਗਈ।ਇਸ ਮੌਕੇ ਪ੍ਰਧਾਨ ਰਮਨ ਮਹਿੰਦਰਾ, ਮੈਂਬਰ ਕਮਲ ਸ਼ਰਮਾ, ਹੈਪੀ ਸ਼ਰਮਾ, ਰਵੀ ਗਰਗ ਟੀਮਾ, ਰਣਜੀਤ ਰਾਣਾ, ਹਰਜਿੰਦਰ ਸਿੰਘ ਜਵੰਦਾ,ਸ਼ਨੀ ਥਰੇਜਾ, ਰਾਹੁਲ ਗਰਗ ਰੌਕੀ, ਸ਼ਨੀ ਪੋਪਲੀ, ਮਨੀ ਸ਼ਰਮਾ, ਲਲਿਤ ਕੁਮਾਰ, ਕਰਨ ਬਜਾਜ, ਮਨੋਜ ਰਹੇਜਾ, ਸਾਹਿਲ ਭਟਨਾਗਰ, ਸਾਗਰ ਕੁਮਾਰ, ਅਮਿਤ ਕੁਮਾਰ, ਮੋਹਨ ਲਾਲ, ਆਸ਼ੂ ਸਮਾਣਾ, ਸੰਦੀਪ ਧੀਮਾਨ, ਰਿੰਕੂ ਸ਼ਰਮਾ, ਰਜਿੰਦਰ ਬਜਾਜ, ਅੰਸ਼ੁਲ ਜੈ ਸਿੰਘ, ਅਜੇ ਵੋਹਰਾ, ਦੀਪਕ ਗਰਗ, ਮਾਧਵ, ਵਿਕਾਸ ਕੁਮਾਰ ਆਦਿ ਮੌਜੂਦ ਸਨ।

## ਸਵੀਟ ਬਲੋਸਮਸ ਸਕੂਲ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਸਵੀਟ ਬਲੋਸਮਸ ਸਕੂਲ ਦੇ 39 ਵਿਦਿਆਰਥੀਆਂ ਨੇ ਸਕੂਲੀ ਖੇਡਾਂ ਤੇ ਖੇਡਾਂ ਵਤਨ ਪੰਜਾਬ ਦੀਆਂ ਵੱਖ-ਵੱਖ ਖੇਡਾਂ ਵਿੱਚ ਭਾਗ ਲਿਆ ਤੇ ਜਿਸ ਵਿਚੋਂ 9 ਵਿਦਿਆਰਥੀਆਂ ਨੇ ਤਮਗੇ ਹਾਸਲ ਕੀਤੇ, ਜਿਸ ਵਿੱਚ ਯੋਗੇਸ਼ ਕੁਮਾਰ (ਦਸਵੀਂ) ਅੰਡਰ-14 ਨੇ ਵਾਲੀਬਾਲ ਤੇ ਰਿਲੇਅ ਰੇਸ (100×4) ਵਿੱਚ ਕਾਂਸੇ ਤੇ ਸੋਨੇ ਦਾ ਤਮਗਾ ਜਿੱਤ ਕੇ ਸਕੂਲ, ਕੋਚ ਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ। ਖੁਸ਼ਪ੍ਰੀਤ ਕੌਰ (ਨੌਵੀਂ) ਅੰਡਰ-17 ਨੇ ਹੈਮਰ ਥਰੋਅ ਵਿੱਚ ਆਪਣਾ ਹੁਨਰ ਦਿਖਾ ਕੇ ਨੈਸ਼ਨਲ ਵਿੱਚ ਆਪਣੀ ਜਗ੍ਹਾ ਬਣਾਈ ਤੇ ਇਸ ਲਈ ਪੰਜਾਬ ਸਰਕਾਰ ਵੱਲੋਂ ਵਿਦਿਆਰਥੀ ਨੂੰ 15000/- ਦੇ ਇਨਾਮ ਨਾਲ ਸਨਮਾਨਤ ਕੀਤਾ ਗਿਆ। ਮਾਰਸ਼ਲ ਆਰਟਸ ਵਿੱਚ ਹਰਮਨਜੋਤ ਸਿੰਘ (ਬਾਰਵੀਂ) ਅੰਡਰ-19 ਨੇ ਕਾਂਸੇ ਦਾ ਤਮਗਾ ਹਾਸਲ ਕੀਤਾ। ਸਕੇਟਿੰਗ ਵਿੱਚ ਕਰਨਵੀਰ ਸਿੰਘ (ਪੰਜਵੀਂ) ਅੰਡਰ-11, ਹਰਮਨ (ਸੱਤਵੀਂ) ਅੰਡਰ-14, ਹਰਪ੍ਰਿਆ (ਨੌਵੀਂ) ਅੰਡਰ-14 ਨੇ ਕਾਂਸੇ ਦਾ ਤਮਗੇ ਹਾਸਲ ਕਰ ਕੇ ਜਿੱਤ ਆਪਣੀ ਝੋਲੀ ਪਾਈ। ਹਰਪ੍ਰਿਆ ਨੂੰ ਖੇਡਾਂ ਵਤਨ ਪੰਜਾਬ ਵੱਲੋਂ 7500/- ਰੁਪਏ ਦਾ ਇਨਾਮ ਦੇ ਕੇ ਉਤਸ਼ਾਹਤ ਕੀਤਾ ਗਿਆ। ਅਨਨਿਆ (ਅੱਠਵੀਂ) ਅੰਡਰ-14, ਚੰਚਲ (ਅੱਠਵੀਂ) ਅੰਡਰ-14 (ਹੈਂਡਬਾਲ) ਨੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਕਾਂਸੇ ਦਾ ਤਮਗਾ ਜਿੱਤ ਕੇ ਆਪਣਾ ਹੁਨਰ ਦਿਖਾਇਆ। ਸਕੂਲ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਮੈਡਮ ਤੇ ਸਮੂਹ ਸਟਾਫ ਮੈਂਬਰਾਂ ਨੇ ਕੋਚ ਸਾਹਿਬਾਨ ਸੁਖਵਿੰਦਰ ਸਿੰਘ (ਵਾਲੀਬਾਲ), ਸੰਦੀਪ ਕੁਮਾਰ (ਮਾਰਸ਼ਲ ਆਰਟਸ), ਕਰਨਵੀਰ ਸਿੰਘ (ਬਾਕਸਿੰਗ), ਪ੍ਰਦੀਪ ਕੌਰ (ਐਥਲੀਟ), ਜੁਗਨਪ੍ਰੀਤ ਸਿੰਘ (ਬਾਸਕਿੱਟਬਾਲ) ਤੇ ਹਰਮਨਜੋਤ ਸਿੰਘ (ਸਕੇਟਿੰਗ) ਤੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਜਿੱਤ 'ਤੇ ਵਧਾਈ ਦਿੱਤੀ। ਸਕੂਲ ਦੀ ਪ੍ਰਬੰਧਕ ਕਮੇਟੀ ਤੇ ਕੋਚ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਅਤੇ ਰਾਸ਼ਟਰੀ ਪੱਧਰ 'ਤੇ ਖੇਡਣ ਜਾਣ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਸਾਂਝੇ ਅਧਿਆਪਕ ਮੋਰਚੇ ਵੱਲੋਂ ਰੋਸ ਪ੍ਰਦਰਸ਼ਨ ਸੰਬੰਧੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਫੈਸਲੇ ਅਨੁਸਾਰ ਸਿੱਖਿਆ ਮੰਤਰੀ ਦੇ ਪਿੰਡ ਪਹਿਲੀ ਦਸੰਬਰ ਨੂੰ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਦੀ ਤਿਆਰੀ ਲਈ ਸਾਂਝਾ ਅਧਿਆਪਕ ਮੋਰਚਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਕਨਵੀਨਰਾ ਸਰਵਸ੍ਰੀ ਪਰਗਟ ਸਿੰਘ ਜੰਬਰ, ਮਨੋਹਰ ਲਾਲ ਸ਼ਰਮਾ, ਅਮਰਜੀਤ ਸਿੰਘ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ।

ਆਗੂਆਂ ਨੇ ਕਿਹਾ ਕਿ ਸਿੱਖਿਆ ਮੰਤਰੀ ਨਾਲ ਹੋਈ 22 ਅਗਸਤ ਦੀ ਮੀਟਿੰਗ ਦੇ ਫੈਸਲੇ ਨਾ ਲਾਗੂ ਕਰਨ ਦੇ ਰੋਸ ਵਜੋਂ ਦੋਨੋਂ ਡੀ ਐੱਸ ਈਜ਼ ਰਾਹੀਂ ਰੋਸ ਪੱਤਰ ਸਿੱਖਿਆ ਮੰਤਰੀ ਨੂੰ ਭੇਜੇ ਗਏ ਸਨ, ਜਿਸ ਵਿੱਚ ਸਿੱਖਿਆ ਨੀਤੀ 2020 ਤਹਿਤ ਮਿਡਲ ਸਕੂਲਾਂ ਦੀ ਮਰਜਿੰਗ ਸਬੰਧੀ ਮੋਰਚੇ ਵੱਲੋਂ ਰੋਸ ਪ੍ਰਗਟ ਕੀਤਾ ਗਿਆ ਸੀ।2018 ਤੋਂ ਲਾਗੂ ਕੀਤੇ ਅਧਿਆਪਕ ਵਿਰੋਧੀ ਨਿਯਮ ਰੱਦ ਕਰਨ ਦਾ ਵਾਰ-ਵਾਰ ਕੀਤਾ ਗਿਆ ਵਾਅਦਾ ਨਿਭਾਇਆ ਨਹੀਂ ਗਿਆ।ਉਨ੍ਹਾਂ ਕਿਹਾ ਕਿ ਲੰਬੇ ਸਮੇਂ ਬਾਅਦ ਹੋਈਆਂ ਲੈਕਚਰਾਰਾਂ ਦੀਆਂ ਪ੍ਰਮੋਸ਼ਨਾਂ ਵਿੱਚ ਵਿਭਾਗ ਨੇ ਆਪਣੀ ਮੰਨ ਮਾਨੀ ਨਾਲ਼ ਅਧਿਆਪਕਾਂ ਨੂੰ ਦੂਰ ਦੁਰਾਡੇ ਸਟੇਸ਼ਨ ਦਿੱਤੇ, ਜਿਸ ਕਾਰਨ ਪੂਰੇ ਅਧਿਆਪਕ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਮੌਕੇ ਹਾਜ਼ਰ ਆਗੂਆਂ ਮਨਜੀਤ ਸਿੰਘ ਬਰਾੜ, ਨੇਪਾਲ ਸਿੰਘ ਗਿੱਲ, ਗੁਰਪ੍ਰੀਤ ਸਿੰਘ ਸੰਧੂ, ਅਜੀਤਪਾਲ ਸਿੰਘ, ਕੁਲਬੀਰ ਜੋਸ਼ੀ, ਰਜੇਸ਼ ਕੌਸ਼ਿਕ, ਸੁਮੇਸ਼ ਕੁਮਾਰ, ਬਲਜਿੰਦਰ ਸਿੰਘ, ਗੁਰਵਿੰਦਰ ਸਿੰਘ, ਦਵਿੰਦਰ ਸਿੰਘ ਬੇਦੀ, ਮੰਗੂਰਾਮ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ ਤੇ ਨਵਦੀਪ ਸਿੰਘ ਸੁੱਖੀ ਨੇ ਆਖਿਆ ਕਿ ਅਧਿਆਪਕ ਵਰਗ ਦੀਆਂ ਮੰਗਾਂ ਪ੍ਰਤੀ ਵਿਭਾਗ ਸੁਹਿਰਦ ਨਹੀਂ ਹੈ, ਜਿਸ ਕਾਰਨ ਪਹਿਲੀ ਦਸੰਬਰ ਨੂੰ ਸਿੱਖਿਆ ਮੰਤਰੀ ਦੇ ਪਿੰਡ ਵੱਡੀ ਗਿਣਤੀ ਵਿੱਚ ਅਧਿਆਪਕ ਰੋਸ ਪ੍ਰਦਰਸ਼ਨ ਕਰਨਗੇ ਤਾਂ ਜੋ ਸੁੱਤੀ ਪਈ ਸਰਕਾਰ ਨੂੰ ਜਗਾਇਆ ਜਾ ਸਕੇ।ਇਸ ਸਮੇਂ ਬਲਦੇਵ ਸਿੰਘ ਸਾਹੀਵਾਲ, ਸੰਜੇ ਕੁਮਾਰ, ਮੋਹਨ ਲਾਲ, ਜਸਵਿੰਦਰ ਸਿੰਘ, ਸਤਿਨਾਮ ਸਿੰਘ, ਭੋਲਾ ਸਿੰਘ, ਨਵਦੀਪ ਅਹੂਜਾ, ਵਿਕਰਮਜੀਤ ਸਿੰਘ ਸੰਧੂ, ਅਮਰੀਕ ਸਿੰਘ ਕਾਲੜਾ, ਅਮਨਦੀਪ ਸਿੰਘ, ਗੁਰਮੀਤ ਸਿੰਘ ਹੁੰਦਲ, ਲਵਪ੍ਰੀਤ ਸਿੰਘ ਅਧਿਆਪਕ ਸਾਥੀ ਹਾਜ਼ਰ ਸਨ।

## ਨਰਾਇਣ ਈ-ਟੈਕਨੋ ਸਕੂਲ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ

### 100 ਦੇ ਕਰੀਬ ਲੋਕਾਂ ਦੀ ਕੀਤੀ ਗਈ ਜਾਂਚ



**ਮੋਗਾ (ਇਕਬਾਲ ਸਿੰਘ ਖਹਿਰਾ)**

ਨਰਾਇਣ ਈ-ਟੈਕਨੋ ਸਕੂਲ ਮਹਿਮੇਵਾਲਾ ਰੋਡ ਮੋਗਾ ਵੱਲੋਂ ਬੁੱਘੀਪੁਰਾ ਚੌਂਕ ਨੇੜੇ ਆਈਕਨ ਹਾਈਟਸ ਮੋਗਾ ਵਿਖੇ ਅੱਖਾਂ ਦਾ ਮੁਫਤ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਡੀ.ਜੀ.ਐੱਮ. ਪੰਜਾਬ ਰਾਧਾ ਕ੍ਰਿਸ਼ਨ, ਏ.ਜੀ.ਐੱਮ. ਨਵੀਨ ਠਾਕੁਰ, ਸਕੂਲ ਦੇ ਸ਼ਾਖਾ ਪ੍ਰਬੰਧਕ ਵਿਸ਼ਵਜੀਤ ਪੰਡਿਤ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਡੀ.ਜੀ.ਐੱਮ. ਨਰਾਇਣ ਈ-ਟੈਕਨੋ ਸਕੂਲ ਬਾਰੇ ਪੰਜਾਬ ਰਾਧਾ ਕ੍ਰਿਸ਼ਨ ਗਾਈਡ। ਉਨ੍ਹਾਂ ਕਿਹਾ ਕਿ ਨਰਾਇਣ ਭਾਰਤ ਦੀਆਂ ਸਭ ਤੋਂ ਵੱਡੀਆਂ ਸੰਸਥਾਵਾਂ ਵਿੱਚੋਂ ਇੱਕ ਹੈ ਅਤੇ ਭਾਰਤ ਦੇ 23 ਰਾਜਾਂ ਵਿੱਚ 800 ਤੋਂ ਵੱਧ ਸ਼ਾਖਾਵਾਂ ਚਲਾ ਰਹੀ ਹੈ। ਨਾਰਾਇਣਾ ਈ-ਟੈਕਨੋ ਸਕੂਲ ਸੀਬੀਐਸਈ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਦਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਖੇਡਾਂ, ਡਾਂਸ ਮਿਊਜ਼ਿਕ ਆਦਿ ਵਧੀਆ ਸਿੱਖਿਆ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਮਹਿਮੇਵਾਲਾ ਰੋਡ, ਕੋਟਕਪੂਰਾ ਬਾਈਪਾਸ, ਮੋਗਾ ਵਿਖੇ ਸਕੂਲ ਦੀ ਉਸਾਰੀ ਦਾ ਕੰਮ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ। ਇਸ ਕੈਂਪ ਦੌਰਾਨ ਡਾਕਟਰ ਰਾਜੀਵ ਖੁਰਾਣਾ ਦੀ ਅਗਵਾਈ ਹੇਠ ਆਈਆਂ ਮਾਹਿਰ ਟੀਮਾਂ ਵੱਲੋਂ ਕੈਂਪ ਵਿੱਚ ਆਏ 100 ਦੇ ਕਰੀਬ ਵਿਅਕਤੀਆਂ ਦੀਆਂ ਅੱਖਾਂ ਦਾ ਮੁਫ਼ਤ ਚੈੱਕਅਪ ਕੀਤਾ ਗਿਆ ਤੇ ਉਨ੍ਹਾਂ ਨੂੰ ਦਵਾਈਆਂ ਵੀ ਵੰਡੀਆਂ ਗਈਆਂ। ਇਸ ਮੌਕੇ ਨਰਾਇਣ ਈ-ਟੈਕਨੋ ਸਕੂਲ ਦੇ ਬੀ.ਐੱਮ. ਵਿਸ਼ਵਜੀਤ ਪੰਡਿਤ ਨੇ ਕਿਹਾ ਕਿ ਸਕੂਲ ਦਾ ਮੁੱਖ ਮੰਤਵ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਕੇਂਦਰਿਤ ਹੋਵੇਗਾ। ਸਕੂਲ ਵੱਲੋਂ ਅਜਿਹੇ ਸਮਾਜ ਸੇਵੀ ਪ੍ਰੋਜੈਕਟ ਭਵਿੱਖ ਵਿੱਚ ਵੀ ਜਾਰੀ ਰੱਖੇ ਜਾਣਗੇ। ਉਨ੍ਹਾਂ ਕੈਂਪ ਦੇ ਸਫ਼ਲ ਆਯੋਜਨ ਲਈ ਪਹੁੰਚੀਆਂ ਸੰਗਤਾਂ ਨੂੰ ਤਹਿ ਦਿਲੋਂ ਵਧਾਈ ਦਿੱਤੀ।

## ਗੁਰੂ ਨਾਨਕ ਕਾਲਜ ਨੇ ਜ਼ੋਨਲ ਤੇ ਇੰਟਰ ਜ਼ੋਨਲ ਯੁਵਕ ਮੇਲੇ 'ਚ ਮਾਰੀਆਂ ਮੱਲਾਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਮਹਾਰਾਜਾ ਰਣਜੀਤ ਸਿੰਘ ਕਾਲਜ ਮਲੋਟ ਵਿਖੇ 5 ਨਵੰਬਰ ਤੋਂ 8 ਨਵੰਬਰ ਤੱਕ ਆਯੋਜਿਤ ਖੇਤਰੀ ਯੁਵਕ ਅਤੇ ਵਿਰਾਸਤੀ ਮੇਲੇ ਵਿੱਚ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਮਿਹਨਤ ਦੇ ਜੌਹਰ ਦਿਖਾਉਂਦਿਆਂ ਇਨਾਮ ਜਿੱਤੇ।ਇਸ ਯੁਵਕ ਮੇਲੇ ਵਿੱਚ ਕਲਾਸੀਕਲ ਵੋਕਲ, ਸੁੰਦਰ ਲਿਖਾਈ, ਹਿੰਦੀ ਮੁਕਾਬਲੇ ਵਿੱਚ ਜਮਨਾ, ਜਨਰਲ ਪ੍ਰਸ਼ਨੋਤਰੀ ਵਿੱਚ ਵੰਸ਼ ਕੁਮਾਰ, ਰੋਹਿਤ ਪ੍ਰੀਤ, ਰਵਨੀਤ ਸਿੰਘ, ਕਲੀ ਗਾਇਨ, ਗੁੱਡੀਆਂ ਪਟੋਲੇ ਵਿੱਚ ਸੁਖਪ੍ਰੀਤ ਕੌਰ ਅਤੇ ਦਸੂਤੀ ਮੁਕਾਬਲਿਆਂ ਵਿੱਚ ਅਨੁਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸੁੰਦਰ ਲਿਖਾਈ ਪੰਜਾਬੀ ਵਿੱਚ ਮਹਿਕ ਰਾਣੀ, ਕਵੀਸ਼ਰੀ ਅਤੇ ਵਾਰ ਗਾਇਨ, ਲੇਖ ਲਿਖਣ ਵਿੱਚ ਸੁਖਪ੍ਰੀਤ ਕੌਰ, ਮਹਿੰਦੀ ਮੁਕਾਬਲੇ ਵਿੱਚ ਅਨਮੋਲਦੀਪ ਕੌਰ, ਬਾਗ ਕਢਾਈ ਮੁਕਾਬਲੇ ਵਿੱਚ ਗਗਨਦੀਪ ਕੌਰ, ਕਰੋਸ਼ੀਆ ਮੁਕਾਬਲੇ ਵਿੱਚ ਜੀਵਨਜੋਤ ਕੌਰ ਨੇ ਦੂਸਰਾ ਸਥਾਨ ਹਾਸਿਲ ਕੀਤਾ।

ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਮੁਕਾਬਲਿਆਂ ਵਿੱਚ ਕਮਲਜੀਤ ਕੌਰ, ਹਿਸਟਰੋਨਿਕਸ ਵਿੱਚ ਵਿਕਾਸ ਸ਼ੁਕਲਾ, ਐਲੋਕੇਸ਼ਨ ਵਿੱਚ ਹਰਮਨਪ੍ਰੀਤ ਸਿੰਘ, ਰੱਸਾ ਵੱਟਣ ਵਿੱਚ ਅਤੇ ਲੰਬੀ ਹੇਕ ਦੇ ਗੀਤ ਸ਼ਾਮਿਲ ਹਨ।ਵਿਅਕਤੀਗਤ ਸਥਾਨ 'ਤੇ ਅਰਸ਼ਦੀਪ ਕੌਰ ਨੇ ਗਿੱਧੇ ਵਿੱਚੋਂ ਅਤੇ ਏਕਮਜੋਤ ਕੌਰ ਨੇ ਲੰਬੀ ਹੇਕ ਦੇ ਗੀਤਾਂ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ।ਇਸ ਤੋਂ ਇਲਾਵਾ ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਵਿਖੇ 11 ਨਵੰਬਰ ਤੋਂ 14 ਨਵੰਬਰ ਤੱਕ ਆਯੋਜਿਤ ਕੀਤੇ ਗਏ। ਪੰਜਾਬ ਯੂਨੀਵਰਸਿਟੀ ਅੰਤਰ ਖੇਤਰੀ ਯੁਵਕ ਤੇ ਵਿਰਾਸਤੀ ਮੇਲੇ ਵਿੱਚ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਨੇ ਵੱਖ-ਵੱਖ ਆਈਟਮਾਂ ਵਿੱਚ ਭਾਗ ਲੈ ਕੇ ਵੱਡੀਆਂ ਮੱਲਾਂ ਮਾਰੀਆਂ ਜਿਸ ਵਿੱਚ ਬੀ. ਏ. ਭਾਗ ਦੂਜਾ ਦੀ ਵਿਦਿਆਰਥਣ ਜਮਨਾ ਨੇ ਸੁੰਦਰ ਲਿਖਾਈ ਹਿੰਦੀ ਮੁਕਾਬਲੇ ਵਿੱਚ ਪਹਿਲਾ ਸਥਾਨ, ਕਲੀ ਗਾਇਨ ਵਿੱਚ ਦੂਸਰਾ ਸਥਾਨ, ਸੁੰਦਰ ਲਿਖਾਈ ਪੰਜਾਬੀ ਮੁਕਾਬਲੇ ਵਿੱਚ ਮਹਿਕ ਐੱਮ. ਏ. ਭਾਗ ਪਹਿਲਾ ਨੇ ਤੀਸਰਾ ਸਥਾਨ, ਮੌਲਿਕ ਲਿਖਤ ਨਿਬੰਧ ਵਿੱਚ ਸੁਖਪ੍ਰੀਤ ਕੌਰ, ਬੀ. ਕਾਮ. ਭਾਗ ਤੀਜਾ ਨੇ ਤੀਸਰਾ ਸਥਾਨ, ਵਾਰ ਅਤੇ ਕਵੀਸ਼ਰੀ ਗਾਇਨ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।ਕਾਲਜ ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ ਨੇ ਡੀਨ ਸਭਿਆਚਾਰਕ ਗਤੀਵਿਧੀਆਂ ਡਾ. ਮਨਦੀਪ ਕੌਰ ਅਤੇ ਸਬੰਧਤ ਆਈਟਮ ਦੀ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ।ਇਸ ਮੌਕੇ ਕਾਲਜ ਦੀ ਸਥਾਨਕ ਪ੍ਰਬੰਧਕੀ ਕਮੇਟੀ ਦੇ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਨੇ ਇਹਨਾਂ ਪ੍ਰਾਪਤੀਆਂ ਲਈ ਕਾਲਜ ਦੇ ਵਿਦਿਆਰਥੀਆਂ ਦੀ ਸਰਾਹਨਾ ਕੀਤੀ।

## ...ਤੇ ਜਦੋਂ ਐੱਸ ਐੱਚ ਓ ਨੇ ਆਪਣਾ ਪੁਤਲਾ ਫ਼ੂਕਣ ਤੋਂ ਬਚਾ ਲਿਆ!



**ਫਾਜ਼ਿਲਕਾ (ਪਰਮਜੀਤ ਢਾਬਾਂ)**

ਸਰਬ ਭਾਰਤ ਨੌਜਵਾਨ ਸਭਾ ਜ਼ਿਲਾ ਫਾਜ਼ਿਲਕਾ ਵੱਲੋਂ ਪੁਲਸ ਵਧੀਕੀਆਂ ਖਿਲਾਫ ਥਾਣਾ ਸਦਰ ਫਾਜ਼ਿਲਕਾ ਦੀ ਐੱਸ ਐੱਚ ਓ ਦਾ ਪੁਤਲਾ ਫੂਕਿਆ ਜਾਣਾ ਸੀ। ਜਿਵੇਂ ਹੀ ਨੌਜਵਾਨ ਆਗੂ ਅਤੇ ਉਹਨਾਂ ਦੇ ਵਰਕਰ ਵੱਡੀ ਗਿਣਤੀ ਵਿੱਚ ਸਥਾਨਕ ਥਾਣਾ ਸਦਰ ਦੀ ਪੁਲਿਸ ਮੁਖੀ ਦਾ ਪੁਤਲਾ ਫੂਕਣ ਲਈ ਤੈਨਾਤ ਹੋ ਗਏ ਤਾਂ ਇਸ ਤੋਂ ਪਹਿਲਾਂ ਥਾਣਾ ਸਦਰ ਫਾਜ਼ਲਕਾ ਦੀ ਐਸਐਚਓ ਸ਼ਿਮਲਾ ਰਾਣੀ ਨੇ ਆਗੂਆਂ ਨਾਲ ਰਾਬਤਾ ਕਾਇਮ ਕਰਕੇ ਇਸ ਗੱਲ ਦਾ ਵਿਸ਼ਵਾਸ ਦਿਵਾਉਣ ਲਈ ਮੀਟਿੰਗ ਕੀਤੀ ਕਿ ਉਹਨਾਂ ਦੇ ਮਸਲੇ ਤੁਰੰਤ ਹੱਲ ਕਰ ਦੇਣਗੇ। ਐਸਐਚਓ ਵੱਲੋਂ ਵਿਸ਼ਵਾਸ਼ ਦਿਵਾਉਣ 'ਤੇ ਆਗੂਆਂ ਨੇ ਇੱਕ ਵਾਰ ਇਸ ਗੱਲ ਦੀ ਸਹਿਮਤੀ ਕਰ ਲਈ ਕਿ ਉਹ ਪੁਤਲਾ ਫੂਕ ਪ੍ਰਦਰਸ਼ਨ ਮੁਲਤਵੀ ਕਰਦੇ ਹਨ, ਪ੍ਰੰਤੂ ਇੱਕ ਹਫਤੇ ਦੇ ਅੰਦਰ ਜੇਕਰ ਉਹਨਾਂ ਦੇ ਮਸਲੇ ਹੱਲ ਨਾ ਹੋਏ ਤਾਂ ਉਹ ਐੱਸ ਐੱਚ ਓ ਦਾ ਪੁਤਲੇ ਫੂਕ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ।

ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਸ਼ੁਬੇਗ ਝੰਗੜਭੈਣੀ ਅਤੇ ਨੌਜਵਾਨ ਆਗੂ ਗੁਰਦਿਆਲ ਢਾਬਾਂ ਦੇ ਆਗੂਆਂ ਦੱਸਿਆ ਕਿ ਜਥੇਬੰਦੀ ਵੱਲੋਂ ਐੱਸ ਐੱਚ ਓ ਸਦਰ ਥਾਣਾ ਫਾਜ਼ਿਲਕਾ ਦਾ ਪੁਤਲਾ ਫੂਕ ਪ੍ਰਦਰਸ਼ਨ ਨੂੰ ਮੁਲਤਵੀ ਕਰ ਦਿੱਤਾ ਗਿਆ। ਇਸ ਮੌਕੇ ਪ੍ਰਦਰਸ਼ਨ ਲਈ ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਪ੍ਰਧਾਨ ਹਰਭਜਨ ਛੱਪੜੀ ਵਾਲਾ, ਕੁਲਦੀਪ ਬਖੂ ਸ਼ਾਹ, ਰਾਜਵਿੰਦਰ ਨਿਓਲਾ, ਸੁਨੀਲ ਝੰਗੜ ਭੈਣੀ, ਮਹਾਤਮ ਨਗਰ, ਸੰਦੀਪ ਤੇਜਾ ਰੋਹੇਲਾ, ਪਾਲਾ ਸਿੰਘ ਤੇਜਾ ਰੁਹੇਲਾ, ਜਸਬੀਰ ਫਾਜ਼ਿਲਕਾ ਤੇ ਰਾਜਵੀਰ ਸਿੰਘ ਸ਼ਤੀਰਵਾਲਾ ਆਦਿ ਹਾਜ਼ਰ ਸਨ।

**ਜਨਤਕ ਨੋਟਿਸ**

Hero Housing Finance

**ਹੀਰੋ ਹਾਊਸਿੰਗ ਫਾਈਨਾਂਸ ਲਿਮਟਿਡ**

ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੀਆਂ ਬਰਾਂਚਾਂ ਨੂੰ ਤਰਕਸੰਗਤ ਬਣਾਉਣ ਦੇ ਇੱਕ ਉਦੇਸ਼ ਨਾਲ ਹੇਠਾਂ ਦਿੱਤੇ ਪਤੇ ਉਪਰ ਸਥਿਤ ਸ਼ਾਖਾ ਮਿਤੀ 27 ਫਰਵਰੀ 2025 ਤੋਂ ਬੰਦ ਰਹੇਗੀ।

**ਹੀਰੋ ਹਾਊਸਿੰਗ ਫਾਈਨਾਂਸ ਲਿਮ.,**
ਤੀਜੀ ਮੰਜ਼ਲ, ਔਰਾ ਹਾਈਟਸ, ਨੇੜੇ ਤਿੰਨਕੋਨੀ ਚੌਂਕ, ਜੀ ਟੀ ਰੋਡ, ਬਠਿੰਡਾ, ਪੰਜਾਬ-151001

ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਪਰੋਕਤ ਸ਼ਾਖਾ ਦੇ ਬੰਦ ਹੋਣ ਨਾਲ ਕੰਪਨੀ ਦੇ ਗ੍ਰਾਹਕਾਂ ਦੀ ਸੇਵਾ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਵੇਗੀ

ਹੋਰ ਕਿਸੇ ਵੇਰਵਿਆਂ ਲਈ ਕਿਰਪਾ ਕਰਕੇ ਕੰਪਨੀ ਦੇ ਪ੍ਰਤੀਨਿਧੀਆਂ ਨਾਲ ਹੇਠਾਂ ਦਰਸਾਏ ਚੈਨਲਾਂ ਰਾਹੀਂ ਸੰਪਰਕ ਕਰੋ :
customer.care@herohfl.com,
ਟੋਲ ਫ੍ਰੀ ਨੰਬਰ : 18002128800

**ਹੀਰੋ ਹਾਊਸਿੰਗ ਫਾਈਨਾਂਸ ਲਿਮ.,**
ਰਜਿਸਟਰਡ ਦਫਤਰ : 9, ਕਮਿਊਨਿਟੀ ਸੈਂਟਰ, ਬਸੰਤ ਲੋਕ, ਵਸੰਤ ਵਿਹਾਰ, ਨਵੀਂ ਦਿੱਲੀ-110057
CIN : U65192DL2016PLC301481

## ਡੀ ਸੀ ਨੇ ਕਬੱਡੀ ਕੱਪ ਬਰੇਟਾ ਦਾ ਪੋਸਟਰ ਕੀਤਾ ਰਿਲੀਜ਼

**ਬਰੇਟਾ (ਰੀਤਵਾਲ)**-ਸ਼ਹੀਦੇ ਆਜਮ ਸ੍. ਭਗਤ ਸਿੰਘ ਸਪੋਰਟਸ ਕਲੱਬ ਬਰੇਟਾ ਪਿੰਡ ਵੱਲੋਂ ਕਰਵਾਏ ਜਾਣ ਵਾਲੇ 50ਵੇਂ ਕਬੱਡੀ ਕੱਪ ਲਈ ਕਲੱਬ ਦੇ ਇੱਕ ਵਫਦ ਸੁੱਖਾ ਦਲਿਓ, ਕਾਕੂ ਬਰੇਟਾ, ਸਾਬਕਾ ਸਰਪੰਚ ਰਾਜਵੀਰ ਰਾਜੂ ਕੁਲਰੀਆਂ, ਮਸਤਾਂਨ ਸਿੰਘ, ਰਾਮਜੀਤ ਸਿੰਘ ਅਤੇ ਬੱਬੂ ਸਿੰਘ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਮਾਨਸਾ ਕੁਲਵੰਤ ਸਿੰਘ ਨਾਲ ਮੁਲਾਕਾਤ ਕਰਕੇ ਕਬੱਡੀ ਕੱਪ ਲਈ ਪੋਸਟਰ ਰਿਲੀਜ਼ ਕਰਵਾਉਂਦਿਆਂ ਉਨਾਂ ਦਾ ਅਸ਼ੀਰਵਾਦ ਲਿਆ।ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਨੌਜਵਾਨਾਂ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਖੇਡਾਂ ਸਾਡੇ ਦੇਸ਼ ਅਤੇ ਸਮਾਜ ਲਈ ਜਰੂਰੀ ਹਨ।ਇਸ ਲਈ ਨੌਜਵਾਨ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਵਿੱਚ ਵੱਧ ਚੜ ਕੇ ਭਾਗ ਲੈਣ। ਦੱਸਣਯੋਗ ਹੈ ਕਿ ਕਲੱਬ ਮੈਂਬਰਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਸਦਕਾ ਕਲੱਬ ਵੱਲੋਂ ਆਉਣ ਵਾਲੀ 30 ਨਵੰਬਰ ਅਤੇ 1 ਦਸੰਬਰ ਨੂੰ ਪਿੰਡ ਬਰੇਟਾ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਵਿਸ਼ਾਲ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ ।ਇਸ ਮੌਕੇ ਹੋਰ ਕਲੱਬ ਮੈਂਬਰ ਵੀ ਹਾਜ਼ਰ ਸਨ।

## ਕੁਲਦੀਪ ਢਿੱਲੋਂ ਦੇ ਜਿੱਤਣ ਦੀ ਖ਼ੁਸ਼ੀ 'ਚ ਕਾਂਗਰਸੀਆਂ ਵੰਡੇ ਲੱਡੂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਵਿਧਾਨ ਸਭਾ ਜ਼ਿਮਨੀ ਚੋਣ ਹਲਕਾ ਬਰਨਾਲਾ ਤੋਂ ਕਾਂਗਰਸ ਪਾਰਟੀ ਦੇ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਜਿੱਤਣ ਦੀ ਖ਼ੁਸ਼ੀ 'ਚ ਕਾਂਗਰਸੀ ਆਗੂਆਂ, ਵਰਕਰਾਂ ਵੱਲੋਂ ਮਹਿਲ ਕਲਾਂ ਬੱਸ ਸਟੈਂਡ ਉਪਰ ਲੱਡੂ ਵੰਡੇ ਕੇ ਖੁਸ਼ੀ ਮਨਾਈ ਗਈ।ਇਸ ਮੌਕੇ ਸੀਨੀਅਰ ਆਗੂ ਸਰਬਜੀਤ ਸਿੰਘ ਸਰਬੀ ਆੜ੍ਹਤੀਆ, ਬਲਾਕ ਆਗੂ ਪਰਮਿੰਦਰ ਸਿੰਘ ਸੰਮੀ ਠੁੱਲੀਵਾਲ, ਗਗਨਦੀਪ ਸਿੰਘ ਸਰਾਂ ਨੇ ਕਿਹਾ ਕਿ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਜਿੱਤ ਨਾਲ ਆਮ ਆਦਮੀ ਪਾਰਟੀ ਦਾ ਕਿਲ੍ਹਾ ਫਿਰ ਢਹਿ ਢੇਰੀ ਹੋਇਆ।ਕਾਂਗਰਸ ਪਾਰਟੀ ਵਰਕਰਾਂ ਦੇ ਹੌਸਲੇ ਬੁਲੰਦ ਹੋਏ ਹਨ, ਭਵਿੱਖ ਵਿੱਚ ਪਾਰਟੀ ਹੋਰ ਮਜ਼ਬੂਤ ਹੋਵੇਗੀ। ਆਗੂਆਂ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ 'ਚ ਕਾਂਗਰਸ ਵੱਡੀ ਲੀਡ ਨਾਲ ਜਿੱਤ ਕੇ ਸੂਬੇ ਅੰਦਰ ਆਪਣੀ ਸਰਕਾਰ ਕਾਇਮ ਕਰੇਗੀ।ਇਸ ਮੌਕੇ ਮਨਜੀਤ ਸਿੰਘ ਮਹਿਲ ਖੁਰਦ ਡਾ: ਬਲਵੰਤ ਰਾਏ ਹਮੀਦੀ, ਜਰਨੈਲ ਸਿੰਘ ਠੁੱਲੀਵਾਲ, ਡਾ: ਅਮਰਜੀਤ ਸਿੰਘ, ਪ੍ਰਕਾਸ਼ ਸਿੰਘ ਸਹਿਜੜਾ, ਬੱਗਾ ਸਿੰਘ ਮਹਿਲ ਕਲਾਂ, ਗੁਰਪ੍ਰੀਤ ਸਿੰਘ ਕਲਾਲ ਮਾਜਰਾ, ਜਸਵਿੰਦਰ ਸਿੰਘ ਠੁੱਲੀਵਾਲ, ਕੇਵਲ ਸਿੰਘ ਠੁੱਲੀਵਾਲ, ਅਮਰੀਕ ਸਿੰਘ ਕੁਰੜ, ਵਿੱਕੀ ਪੰਜ ਗਰਾਈਆਂ, ਹਨੀ ਪਾਸੀ, ਹਰਦੀਪ ਸਿੰਘ ਬੀਹਲਾ, ਜਗਜੀਤ ਸਿੰਘ ਠੁੱਲੀਵਾਲ, ਚੇਤਨ ਸਿੰਘ ਕਲਾਲ ਮਾਜਰਾ ਆਦਿ ਹਾਜ਼ਰ ਸਨ।

## ਸਰਕਾਰੀ ਹੁਕਮਾਂ ਅਨੁਸਾਰ ਕਣਕ ਬੀਜਣ 'ਤੇ ਕਿਸਾਨ ਦਾ ਹੋਇਆ ਨੁਕਸਾਨ : ਖੋਟੇ

### ਕਿਸਾਨ ਤੋਂ ਜ਼ਮੀਨ ਦੇ ਠੇਕੇ ਵਿੱਚੋਂ ਪੈਸੇ ਘੱਟ ਲਏ ਜਾਣਗੇ : ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਖੋਟੇ ਦੇ ਛੋਟੀ ਕਿਸਾਨੀ ਨਾਲ ਸਬੰਧਤ ਕਿਸਾਨ ਕੇਵਲ ਸਿੰਘ ਵੱਲੋਂ ਠੇਕੇ ਤੇ ਲਈ ਜ਼ਮੀਨ ਵਿਚ ਸਰਕਾਰੀ ਹਦਾਇਤਾਂ ਮੁਤਾਬਿਕ ਝੋਨੇ ਦੀ ਰਹਿੰਦ ਖੂਹੰਦ ਨੂੰ ਬਿਨਾਂ ਅੱਗ ਲਗਾਏ ਬੀਜੀ ਕਣਕ ਨੂੰ ਸੁੰਡੀ ਪੈ ਜਾਣ ਤੇ ਸਬੰਧਤ ਕਿਸਾਨ ਦੇ ਖੇਤ ਵਿਚ ਜਾ ਕੇ ਨਰੀਖਣ ਕਰਦਿਆਂ ਸੁਖਵੰਤ ਸਿੰਘ ਖੋਟੇ ਜ਼ਿਲ੍ਹਾ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਅਮਰਜੀਤ ਸਿੰਘ ਮਾਣੂੰਕੇ, ਮੀਤ ਪ੍ਰਧਾਨ ਦਲਜੀਤ ਸਿੰਘ ਖੋਟੇ, ਨਛੱਤਰ ਸਿੰਘ ਖੋਟੇ, ਪਰਵਿੰਦਰਪਾਲ ਸਿੰਘ, ਗੋਰਾ ਸਿੰਘ, ਡਿੰਪਲ ਸਿੰਘ, ਸੱਤਨਾਮ ਸਿੰਘ ਰਾਉਕੇ, ਮੰਦਰ ਵਿੱਚ ਮਾਣੂੰਕੇ ਗੁਰਭੇਜ ਸਿੰਘ ਧੂੜਕੋਟ ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਨੂੰ ਕਿਹਾ ਕਿ ਧੂਆਂ ਹੋਣ 'ਤੇ ਤਾਂ ਬਹੁਤ ਜਲਦੀ ਖੇਤਾਂ ਵਿੱਚ ਪਹੁੰਚ ਜਾਂਦੇ ਸੀ ਹੁਣ ਕਿਸਾਨਾਂ ਦੀ ਜੰਮਦੀ ਕਣਕ ਨੂੰ ਖਾ ਰਹੀ ਸੁੰਡੀ ਪੰਜਾਬ ਸਰਕਾਰ ਅਤੇ ਖੇਤੀਬਾੜੀ ਵਿਭਾਗ ਨੂੰ ਕਿਓਂ ਨਹੀਂ ਦਿਸਦੀ ? ਇਸ ਮੌਕੇ ਜ਼ਮੀਨ ਠੇਕੇ 'ਤੇ ਦੇਣ ਵਾਲੇ ਮਾਲਕ ਸਾਬਕਾ ਪੰਚਾਇਤ ਮੈਂਬਰ ਦਲਜੀਤ ਸਿੰਘ ਮੁਖੀ ਬਰਾੜ ਨੇ ਕਿਸਾਨ ਦੀ ਬਾਂਹ ਫੜਦਿਆਂ ਠੇਕਾ ਘੱਟ ਕਰਨ ਦੀ ਹਾਮੀ ਭਰੀ ਉਪਰਾਂਤ ਕਿਸਾਨ ਯੂਨੀਅਨ ਦੇ ਆਗੂਆਂ ਨੇ ਦਲਜੀਤ ਸਿੰਘ ਬਰਾੜ ਦਾ ਧੰਨਵਾਦ ਕੀਤਾ।

**ਉੱਤਰ ਰੇਲਵੇ**

**(ਨਿਰਮਾਣ ਸੰਗਠਨ)**

ਫ਼ਿਰੋਜ਼ਪੁਰ ਮੰਡਲ ਦੇ ਲੁਧਿਆਣਾ – ਬੁਦੋਧਵਾਲ ਖੰਡ ਵਿਚ ਨਵਨਿਰਮਿਤ ਦੋਹਰੀਕਰਣ ਲਾਈਨ ਜਲਦੀ ਹੀ ਇਲੈਕਟ੍ਰਿਕ ਟ੍ਰੇਨ ਸੰਚਾਲਨ ਦੇ ਲਈ ਖੋਲੀ ਜਾਵੇਗੀ । ਜਿਸਦਾ ਹਾਈ ਸਪੀਡ ਟ੍ਰਾਯਲ ਮਿਤੀ 26.11.2024 ਨੂੰ ਕੀਤਾ ਜਾਵੇਗਾ ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਪਰੋਕਤ ਖੰਡ ਵਿਚ ਲਾਈਨਾਂ ਤੋਂ ਦੂਰ ਰਹੇ । ਟ੍ਰੈਕ ਨੂੰ ਲੇਵਲ ਕਰੋਸਿੰਗ ਉਤਸ ਹੀ ਪਾਰ ਕਰਨਾ ਚਾਹੀਦਾ । ਲੇਵਲ ਕਰੋਸਿੰਗ ਦੇ ਇਲਾਵਾ ਕਿਸੀ ਵੀ ਜਗ੍ਹਾਂ ਉਤੇ ਟ੍ਰੈਕ ਪਾਰ ਕਰਨਾ ਅਤਿਕ੍ਰਮਣ ਹੈ ਅਤੇ ਇਕ ਦੰਡਨੀਯ ਅਪਰਾਧ ਹੈ ਅਤੇ ਰੇਲਵੇ ਅਧਿਨਿਯਮ ਦੇ ਤਹਿਤ ਮੁਕਦਮਾ ਚਲਾਇਆ ਜਾਂ ਸਕਦਾ ਹੈ ।

3623/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰਦੁਆਰਾ ਸੁਖਮਨੀ ਸਾਹਿਬ ਮੱਖੂ ਗੇਟ ਵਿਖੇ ਬੰਗੜ ਸੁਪਰ ਸਪੈਸ਼ਲੀਟੀ ਹਸਪਤਾਲ ਜ਼ੀਰਾ ਗੇਟ ਫਿਰੋਜ਼ਪੁਰ ਤੇ ਸ਼ਿਵ ਪਰਿਵਾਰ ਦੇ ਸਹਿਯੋਗ ਨਾਲ ਫ੍ਰੀ ਜਰਨਲ ਚੈੱਕਅੱਪ ਕੈਂਪ ਲਗਾਇਆ ਗਿਆ ਜਿਸ ਦੌਰਾਨ ਕੁਲ 250 ਮਰੀਜਾਂ ਦੇ ਫਾਈਬਰੋ ਸਕੈਨ ਬੀਐੱਮਡੀ (ਹੱਡੀਆਂ ਦੀ ਮਜ਼ਬੂਤੀ ਦਾ ਟੈਸਟ ਕਰਕੇ ਮੁਫ਼ਤ ਦਵਾਈਆਂ ਤਕਸੀਮ ਕੀਤੀਆਂ ਗਈਆਂ ।ਇਸ ਮੌਕੇ ਡਾਕਟਰ ਜੈਕਬ ਭੱਟੀ, ਡਾਕਟਰ ਕੁਲਦੀਪ ਸਿੰਘ ਧੀਰਾ ਪੱਤਰਾਂ, ਮਨਪ੍ਰੀਤ ਕੌਰ, ਮਨਪ੍ਰੀਤ ਸਿੰਘ, ਬਿੱਟੂ, ਅਮਨਦੀਪ ਘਾਰੂ ਤੋਂ ਇਲਾਵਾ ਹੋਰ ਹਾਜ਼ਰ ਸਨ।

YES BANK

ਰਜਿਸਟਰਡ ਦਫਤਰ : ਯੈੱਸ ਬੈਂਕ ਹਾਊਸ, ਆਫ ਵੈੱਸਟਰਨ ਐੱਕਸਪ੍ਰੈੱਸ ਹਾਈਵੇਅ, ਸਾਂਤਾਕਰੂਜ਼ (ਈਸਟ), ਮੁੰਬਈ-400055
ਬਰਾਂਚ ਦਫਤਰ : ਯੈੱਸ ਬੈਂਕ ਲਿਮਟਿਡ। ਐੱਸਸੀਓ ਨੰ. 129-130, ਦੂਜੀ ਮੰਜ਼ਲ, ਸੈਕਟਰ-9 ਸੀ, ਮੱਧਿਆ ਮਾਰਗ, ਚੰਡੀਗੜ੍ਹ-160009

**[(ਰੂਲ-8 (i)] ਕਬਜ਼ਾ ਨੋਟਿਸ**

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਾਰੀ ਕੀਤੇ ਗਏ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਕਮ ਵਿਆਜ ਸਮੇਤ ਮੋੜਨ ਦੇ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਦਰਸਾਏ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦਾਂ ਦਾ ਹਰੇਕ ਖਾਤੇ ਅੱਗੇ ਵਰਨਣ ਮਿਤੀ ਨੂੰ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਅਤੇ ਲਾਗਤਾਂ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | 13 (2) ਨੋਟਿਸ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਾਸ਼ੀ |
|---|---|---|---|---|
| 1. ਮੈਸ: ਸ਼ਿਵਮ ਸਟੇਸ਼ਨਰਜ ਪ੍ਰਾਈਵੇਟ ਲਿਮ: ਰਾਹੀਂ ਇਸ ਦੇ ਨਿਰਦੇਸ਼ਕ ਰਿਪੂ ਧਵਨ ਪੁੱਤਰ ਸ੍ਰੀ ਰਾਕੇਸ਼ ਧਵਨ ਅਤੇ ਸ਼੍ਰੀਮਤੀ ਰਾਜੇਸ਼ ਧਵਨ ਪਤਨੀ ਰਾਕੇਸ਼ ਧਵਨ, ਪਤਾ : ਦੁਕਾਨ ਨੰ. 545, ਬੁੱਕਸ ਮਾਰਕੀਟ, ਚੌੜਾ ਬਜ਼ਾਰ, ਲੁਧਿਆਣਾ-141008 ("ਕਰਜ਼ਦਾਰ") (2) ਰਿਪੂ ਧਵਨ ਪੁੱਤਰ ਸ੍ਰੀ ਰਾਕੇਸ਼ ਧਵਨ ਪਤਾ : ਮਕਾਨ ਨੰ. 50, I ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ-141012 ("ਸਹਿ-ਕਰਜ਼ਦਾਰ/ਗਿਰਵੀਕਾਰ") (3) ਸ਼੍ਰੀਮਤੀ ਰਾਜੇਸ਼ ਧਵਨ ਪਤਨੀ ਸ੍ਰੀ ਰਾਕੇਸ਼ ਧਵਨ, ਪਤਾ : ਮਕਾਨ ਨੰ. 50, I-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ-141012 ("ਸਹਿ-ਕਰਜ਼ਦਾਰ/ਗਿਰਵੀਕਾਰ") (4) ਸ਼੍ਰੀਮਤੀ ਸੀਆ ਧਵਨ ਪਤਨੀ ਰਿਪੂ ਧਵਨ, ਪਤਾ : ਮਕਾਨ ਨੰ. 50, I-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ-141012 ("ਸਹਿ-ਕਰਜ਼ਦਾਰ/ਗਿਰਵੀਕਾਰ") ਅਤੇ (5) ਸ੍ਰੀ ਰਾਕੇਸ਼ ਕੁਮਾਰ ਧਵਨ ਪੁੱਤਰ ਈਸ਼ਰ ਦਾਸ, ਪਤਾ : ਮਕਾਨ ਨੰ. 50, I- ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ-141012 ("ਸਹਿ-ਕਰਜ਼ਦਾਰ") | 1. ਪਿੰਡ ਸੁਨੇਤ, ਹਦਬਸਤ ਨੰ. 159, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2006-2007 ਅਨੁਸਾਰ ਖਸਰਾ ਨੰ. 60//23, ਖਾਤਾ ਨੰ. 1643/1788 (ਪੰਨਾ ਨੰ. 1285) ਵਿੱਚ ਸ਼ਾਮਲ ਜਾਇਦਾਦ ਨੰ. ਬੀ-35-49-I ਜਾਇਦਾਦ ਰਕਬਾ 100 ਵਰਗ ਦਾ ਹਿੱਸਾ। ਉਪਰਲੀ ਅਤੇ ਹੇਠਲੀ ਛੱਤ ਨੂੰ ਛੱਡ ਕੇ ਕੇਵਲ ਧਰਾਤਲੀ ਮੰਜ਼ਲ ਮਕਾਨ ਨੰ. 49-I ਬਲਾਕ ਦਾ ਜਾਇਦਾਦੀ ਹਿੱਸਾ। ਹੱਦਾਂ : ਪੂਰਬ : ਸੜਕ, ਪੱਛਮ : ਮਕਾਨ ਨੰ. 54-I ਉੱਤਰ : ਮਕਾਨ ਨੰ. 48-I ਦਾ ਮਾਲਕ, ਦੱਖਣ : ਮਕਾਨ ਨੰ. 50-I, ਗਿਰਵੀਕਾਰ : ਸ਼੍ਰੀਮਤੀ ਰਾਜੇਸ਼ ਧਵਨ ਪਤਨੀ ਸ੍ਰੀ ਰਾਕੇਸ਼ ਧਵਨ ਅਤੇ ਸ਼੍ਰੀਮਤੀ ਸੀਆ ਧਵਨ ਪਤਨੀ ਸ੍ਰੀ ਰਿਪੂ ਧਵਨ। 2. ਪਿੰਡ ਸੁਨੇਤ ਹਦਬਸਤ ਨੰ. 159 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2006-2007 ਅਨੁਸਾਰ ਖਸਰਾ ਨੰ. 60//23 ਖਾਤਾ ਨੰ. 1485/163 ਜਮ੍ਹਾਂਬੰਦੀ ਵਾਸਤੇ ਸਾਲ 1996-96 ਮੁਤਾਬਕ (ਖਾਤਾ ਨੰ. 1643/1788) (ਪੰਨਾ ਨੰ. 1285) ਵਿੱਚ ਸ਼ਾਮਲ ਮਕਾਨ ਨੰ. 50-I ਬਲਾਕ, ਜਾਇਦਾਦ ਨੰ.ਬੀ-35-50-I ਜਾਇਦਾਦ ਰਕਬਾ 125 ਵਰਗ ਗਜ਼ ਦਾ ਜਾਇਦਾਦੀ ਹਿੱਸਾ। ਹੱਦਾਂ: ਪੂਰਬ : ਸੜਕ, ਪੱਛਮ : ਮਕਾਨ ਨੰ. 53-I, ਉੱਤਰ : ਪਲਾਟ ਨੰ. 49, ਦੱਖਣ : ਮਕਾਨ ਨੰ. 51-I ਗਿਰਵੀਕਾਰ: ਸ਼੍ਰੀਮਤੀ ਰਾਜੇਸ਼ ਧਵਨ ਪਤਨੀ ਸ੍ਰੀ ਰਾਕੇਸ਼ ਧਵਨ ਅਤੇ ਸ਼੍ਰੀਮਤੀ ਸੀਆ ਧਵਨ ਪਤਨੀ ਸ੍ਰੀ ਰਿਪੂ ਧਵਨ। | 15 ਸਤੰਬਰ 2023 ਮਿਤੀ 20 ਸਤੰਬਰ 2023 ਨੂੰ (ਡਿਸਪੈਚ ਕੀਤਾ ਗਿਆ) | 20 ਨਵੰਬਰ 2024 | ਰੁਪਏ 32,447,586.20/- (ਰੁਪਏ ਤਿੰਨ ਕਰੋੜ ਚੌਵੀ ਲੱਖ ਸੰਤਾਲੀ ਹਜ਼ਾਰ ਪੰਜ ਸੌ ਛਿਆਸੀ ਅਤੇ ਵੀਹ ਪੈਸੇ ਕੇਵਲ) ਅਤੇ ਰੁਪਏ 28,58,760.17/- (ਰੁਪਏ ਅਠਾਈ ਲੱਖ ਅਠਵੰਜਾ ਹਜ਼ਾਰ ਸੱਤ ਸੌ ਸੱਠ ਅਤੇ ਸਤਾਰਾਂ ਪੈਸੇ ਕੇਵਲ) ਮਿਤੀ 14 ਸਤੰਬਰ 2023 ਅਨੁਸਾਰ ਮਿਤੀ 20 ਨਵੰਬਰ 2024 ਤੋਂ ਇਸ ਉਪਰ ਬਣਦੇ ਹੋਰ ਵਿਆਜ ਅਤੇ ਖਰਚਿਆਂ ਸਮੇਤ |

ਮਿਤੀ : 20-11 2024
ਸਥਾਨ : ਪੰਜਾਬ

ਵਾਸਤੇ ਯੈੱਸ ਬੈਂਕ ਲਿਮਟਿਡ, ਸ੍ਰੀ ਗੌਰਵ ਮਹਾਜਨ,
ਅਧਿਕਾਰਤ ਅਫਸਰ

# ਸੂਬੇ ਦਾ ਹਰ ਨੌਜੁਆਨ ਹੁਨਰਮੰਦ ਮਾਲੀ ਰੂਪ ਨਾਲ ਖੁਸ਼ਹਾਲ ਬਣੇ : ਸੈਨੀ



**ਚੰਡੀਗੜ੍ਹ (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਹਰਿਆਣਾ ਸਰਕਾਰ ਦਾ ਸੰਕਲਪ ਹੈ ਕਿ ਸਾਲ 2030 ਤਕ ਸੂਬੇ ਦਾ ਹਰ ਨੌਜੁਆਨ ਹੁਨਰਮੰਦ ਹੋਵੇ ਅਤੇ ਮਾਲੀ ਰੂਪ ਨਾਲ ਖੁਸ਼ਹਾਲ ਬਣੇ। ਇਸ ਦੇ ਲਈ ਸਰਕਾਰ ਵੱਲੋਂ ਸਿਖਿਆ ਦੇ ਨਾਲ-ਨਾਲ ਨੌਜੁਆਨਾਂ ਦੇ ਸਕਿਲ ਵਿਕਾਸ 'ਤੇ ਵੀ ਜੋਰ ਦਿੱਤਾ ਜਾ ਰਿਹਾ ਹੈ। ਮੌਜੂਦਾ ਸੂਬਾ ਸਰਕਾਰ ਨੇ ਆਪਣੇ ਤੀਜੇ ਕਾਰਜਕਾਲ ਵਿਚ 2 ਲੱਖ ਨੌਜੁਆਨਾਂ ਨੂੰ ਯੋਗਤਾ ਦੇ ਆਧਾਰ 'ਤੇ ਬਿਨਾ ਪਰਚੀ-ਖਰਚੀ ਦੇ ਸਰਕਾਰੀ ਨੌਕਰੀਆਂ ਦੇਣ ਦਾ ਟੀਚਾ ਰੱਖਿਆ ਹੈ। ਮੁੱਖ ਮੰਤਰੀ ਜ਼ਿਲ੍ਹਾ ਹਿਸਾਰ ਵਿਚ ਜਾਟ ਵਿਦਿਅਕ ਸੰਸਥਾ ਦੇ 100 ਸਾਲ ਪੂਰਾ ਹੋਣ 'ਤੇ ਚੌਧਰੀ ਛਾਜੂਰਾਮ ਦੇ 159ਵੀਂ ਜੈਯੰਤੀ ਦੇ ਮੌਕੇ ਵਿਚ ਛਾਜੂਰਾਮ ਮੈਮੋਰਿਅਲ ਜਾਟ ਕਾਲਜ ਵਿਚ ਪ੍ਰਬੰਧਿਤ ਸਮਾਰੋਹ ਵਿਚ ਮੌਜੂਦ ਜਨਤਾ ਨੂੰ ਸੰਬੋਧਿਤ ਕਰ ਰਹੇ ਸਨ।ਉਨ੍ਹਾਂ ਨੇ ਕਿਹਾ ਕਿ ਦਾਨਵੀਰ ਸੇਠ ਛਾਜੂ ਰਾਮ ਨੇ ਦੇਸ਼ ਵਿਚ ਸਿਖਿਆ ਦੀ ਲੌਅ ਜਲਾ ਕੇ ਲੋਕਾਂ ਨੂੰ ਹਨੇਰੇ ਤੋਂ ਉਜਾਲੇ ਦੇ ਵੱਲ ਲੈਣ ਜਾਣ ਦਾ ਕੰਮ ਕੀਤਾ। ਉਨ੍ਹਾਂ ਨੇ ਸਿਖਿਆ ਦੇ ਪ੍ਰਚਾਰ-ਪ੍ਰਸਾਰ ਵਿਸ਼ੇਸ਼ ਤੌਰ 'ਤੇ ਪੇਂਡੂ ਖੇਤਰਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਰਾਸ਼ਟਰ ਦੇ ਵਿਕਾਸ ਵਿਚ ਉਨ੍ਹਾਂ ਦੇ ਵੱਲੋਂ ਦਿੱਤਾਗਿਆ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ।ਕੈਬਨਿਟ ਮੰਤਰੀ ਰਣਬੀਰ ਗੰਗਵਾ ਨੇ ਕਿਹਾ ਕਿ ਦਾਨਵੀਰ ਸੇਠ ਛਾਜੂਰਾਮ ਨੇ ਨਾ ਸਿਰਫ ਹਰਿਆਣਾ ਸਗੋਂ ਪੂਰੇ ਦੇਸ਼ ਵਿਚ ਵਿਦਿਅਕ ਸੰਸਥਾਵਾਂ ਸਥਾਪਿਤ ਕਰਵਾਈਆਂ।ਸਿਖਿਆ ਮੰਤਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਹਰਿਆਣਾ ਸਿਖਿਆ ਦੇ ਖੇਤਰ ਵਿਚ ਤੇਜੀ ਨਾਲ ਉਨਤੀ ਕਰ ਰਿਹਾ ਹੈ। ਇਸ ਵਿਚ ਦਾਨਵੀਰ ਸੇਠ ਛਾਜੂਰਾਮ ਦਾ ਵਿਸ਼ੇਸ਼ ਯੋਗਦਾਨ ਹੈ। ਮੌਜੂਦਾ ਰਾਜ ਸਰਕਾਰ ਵੀ ਸੇਠ ਛਾਜੂ ਰਾਮ ਦੇ ਦਿਖਾਏ ਮਾਰਗ 'ਤੇ ਚੱਲ ਕੇ ਸਾਰੇ ਵਰਗਾਂ ਦੇ ਉਥਾਨ ਲਈ ਲਗਾਤਾਰ ਕੰਮ ਕਰ ਰਹੀ ਹੈ।

## ਆਪ ਦੀ ਪਟਿਆਲਾ ਤੋਂ ਅੰਮ੍ਰਿਤਸਰ ਤੱਕ ਸ਼ੁਕਰਾਨਾ ਯਾਤਰਾ ਅੱਜ



**ਚੰਡੀਗੜ੍ਹ (ਗੁਰਜੀਤ ਬਿੱਲਾ)** — ਆਮ ਆਦਮੀ ਪਾਰਟੀ (ਆਪ) ਪੰਜਾਬ ਵਿੱਚ ਪਾਰਟੀ ਨੂੰ ਨਵਾਂ ਪ੍ਰਧਾਨ ਅਤੇ ਕਾਰਜਕਾਰੀ ਪ੍ਰਧਾਨ ਮਿਲਣ ਅਤੇ ਜ਼ਿਮਨੀ ਚੋਣਾਂ ਵਿੱਚ ਤਿੰਨ ਸੀਟਾਂ 'ਤੇ ਮਿਲੀ ਵੱਡੀ ਜਿੱਤ ਦਾ ਜਸ਼ਨ ਮਨਾਉਣ ਲਈ ਭਲਕੇ 26 ਨਵੰਬਰ ਨੂੰ ਪਟਿਆਲਾ ਤੋਂ ਅੰਮ੍ਰਿਤਸਰ ਤੱਕ ਸ਼ੁਕਰਾਨਾ ਯਾਤਰਾ ਕੱਢੇਗੀ।ਇਹ ਜਾਣਕਾਰੀ 'ਆਪ' ਆਗੂ ਅਤੇ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਪਾਰਟੀ ਦਫ਼ਤਰ ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਯਾਤਰਾ ਪਟਿਆਲਾ ਦੇ ਪ੍ਰਸਿੱਧ ਕਾਲੀ ਮਾਤਾ ਮੰਦਿਰ ਤੋਂ ਸ਼ੁਰੂ ਹੋ ਕੇ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਿਰ ਤੋਂ ਹੁੰਦੀ ਹੋਈ ਸ੍ਰੀ ਰਾਮ ਤੀਰਥ ਮੰਦਿਰ ਤੱਕ ਚੱਲੇਗੀ। ਪ੍ਰੈਸ ਕਾਨਫਰੰਸ ਵਿੱਚ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, ਪਾਰਟੀ ਦੇ ਬੁਲਾਰੇ ਬਿਕਰਮਜੀਤ ਪਾਸੀ ਅਤੇ 'ਆਪ' ਆਗੂ ਅਮਨਦੀਪ ਸਿੰਘ ਮੋਹੀ ਵੀ ਹਾਜ਼ਰ ਸਨ।ਸੌਂਦ ਨੇ ਕਿਹਾ ਕਿ ਇਹ ਯਾਤਰਾ ਸਵੇਰੇ 9:00 ਵਜੇ ਪਟਿਆਲਾ ਕਾਲੀ ਮਾਤਾ ਮੰਦਰ ਤੋਂ ਸ਼ੁਰੂ ਹੋ ਕੇ ਸਰਹੰਦ, ਮੰਡੀ ਗੋਬਿੰਦਗੜ੍ਹ, ਖੰਨਾ, ਦੋਰਾਹਾ, ਲੁਧਿਆਣਾ, ਲਾਡੋਵਾਲ ਟੋਲ ਪਲਾਜ਼ਾ, ਫਿਲੌਰ, ਫਗਵਾੜਾ, ਜਲੰਧਰ ਅਤੇ ਕਰਤਾਰਪੁਰ ਸਾਹਿਬ ਤੋਂ ਹੁੰਦੀ ਹੋਈ ਸੱਚਖੰਡ ਸ੍ਰੀ ਦਰਬਾਰ ਸਾਹਿਬ ਪਹੁੰਚੇਗੀ। ਉਥੇ ਮੱਥਾ ਟੇਕਣ ਤੋਂ ਬਾਅਦ ਦੁਰਗਿਆਣਾ ਮੰਦਿਰ ਵਿਖੇ ਮੱਥਾ ਟੇਕਣ ਤੋਂ ਬਾਅਦ ਵਾਲਮੀਕਿ ਰਾਮਤੀਰਥ ਮੰਦਰ ਦੇ ਦਰਸ਼ਨ ਕਰਕੇ ਯਾਤਰਾ ਦੀ ਸਮਾਪਤੀ ਹੋਵੇਗੀ।

# ਦੋਆਬਾ ਸਾਹਿਤ ਸਭਾ ਨੇ ਪੁਸਤਕ ਗੋਸ਼ਟੀ ਤੇ ਕਵੀ ਦਰਬਾਰ ਕਰਵਾਇਆ



**ਨਵਾਂਸ਼ਹਿਰ (ਮਨੋਜ ਲਾਡੀ)**—ਦੋਆਬਾ ਸਾਹਿਤ ਸਭਾ ਨਵਾਂਸ਼ਹਿਰ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੀਹਾ ਦੇ ਸਹਿਯੋਗ ਨਾਲ ਇਸੇ ਹੀ ਸਕੂਲ ਵਿੱਚ ਪੁਸਤਕ ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਗਿਆ। ਪਹਿਲੇ ਸੈਸ਼ਨ ਦੀ ਪ੍ਰਧਾਨਗੀ ਵਿੱਚ ਉੱਘੇ ਜੁਝਾਰਵਾਦੀ ਸ਼ਾਇਰ ਦਰਸ਼ਨ ਸਿੰਘ ਖਟਕੜ , ਪੰਜਾਬੀ ਯੂਨਿਵਰਸਿਟੀ ਪਟਿਆਲਾ ਦੇ ਸਾਬਕਾ ਡੀਨ ਡਾਕਟਰ ਰਜਿੰਦਰਪਾਲ ਸਿੰਘ ਬਰਾੜ , ਡਾਕਟਰ ਕੁਲਦੀਪ ਸਿੰਘ ਦੀਪ , ਪੰਜਾਬੀ ਟ੍ਰਿਬਿਊਨ ਦੇ ਸਹਾਇਕ ਸੰਪਾਦਕ ਜਸਵੀਰ ਸਮਰ , ਕਹਾਣੀਕਾਰ ਗੁਰਮੀਤ ਕੜਿਆਲਵੀ , ਇੰਡੀਅਨ ਫ਼ਰੈਂਡਸ ਕਮੇਟੀ ਕੈਨੇਡਾ ਦੇ ਪ੍ਰਧਾਨ ਇਕਬਾਲ ਸਿੰਘ ਪੁਰੇਵਾਲ ਅਤੇ ਪ੍ਰਿੰਸੀਪਲ ਰਣਜੀਤ ਕੌਰ ਬਿਰਾਜਮਾਨ ਸਨ । ਪ੍ਰਿੰਸੀਪਲ ਰਣਜੀਤ ਕੌਰ ਨੇ ਸਵਾਗਤੀ ਸ਼ਬਦ ਕਹੇ । ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਨੇ ਲੇਖਿਕਾ ਪਰਮਿੰਦਰ ਕੌਰ ਸਵੈਚ ਅਤੇ ਵਿਦਵਾਨਾਂ ਦੇ ਜੀਵਨ ਅਤੇ ਸਾਹਿਤ ਬਾਰੇ ਚਾਨਣਾ ਪਾਇਆ। ਪਰਮਿੰਦਰ ਕੌਰ ਸਵੈਚ ਦੇ ਕਾਵਿ ਸੰਗ੍ਰਹਿ 'ਜ਼ਹਰ ਰੰਗਾਂ ਦਾ ਮੌਸਮ' ਉੱਤੇ ਡਾਕਟਰ ਕੁਲਦੀਪ ਸਿੰਘ ਦੀਪ ਨੇ ਪਰਚਾ ਪੜ੍ਹਦਿਆਂ ਕਿਹਾ ਕਿ ਪਰਮਿੰਦਰ ਦੀ ਕਵਿਤਾ ਨਿਤਾਣਿਆਂ ਅਤੇ ਇਨਕਲਾਬੀਆਂ ਨੂੰ ਕੇਂਦਰ ਵਿੱਚ ਰੱਖਦੀ ਹੈ। ਉਹ ਲੋਕਾਈ ਦੇ ਦਰਦ ਨੂੰ ਪੇਸ਼ ਕਰਦੀ ਹੈ ਅਤੇ ਜਰਵਾਣਿਆਂ ਦੇ ਜਬਰ ਨੂੰ ਨੰਗਾ ਕਰਦੀ ਹੈ । ਬਹਿਸ ਵਿਚ ਹਿੱਸਾ ਲੈਂਦਿਆਂ ਡਾਕਟਰ ਚਰਨਜੀਤ ਕੌਰ , ਜਸਵੀਰ ਸਮਰ ਅਤੇ ਗੁਰਮੀਤ ਕੜਿਆਲਵੀ ਨੇ ਮੁੱਲਵਾਨ ਟਿੱਪਣੀਆਂ ਕੀਤੀਆਂ । ਡਾਕਟਰ ਰਜਿੰਦਰਪਾਲ ਸਿੰਘ ਬਰਾੜ ਨੇ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਸਵੈਚ ਦੀ ਕਵਿਤਾ ਸੰਸਾਰ ਪੱਧਰ ਉੱਤੇ ਚਲਦੀਆਂ ਲਹਿਰਾਂ ਦੀ ਹਮਾਇਤ ਕਰਦੀ ਹੈ। ਪ੍ਰਧਾਨਗੀ ਭਾਸ਼ਣ ਦਿੰਦਿਆਂ ਦਰਸ਼ਨ ਸਿੰਘ ਖਟਕੜ ਨੇ ਚਿੰਤਾ ਪ੍ਰਗਟ ਕੀਤੀ ਕਿ ਇਸ ਸਮੇਂ ਇਨਕਲਾਬੀ ਕਵਿਤਾ ਦੀ ਧਾਰਾ ਕਮਜ਼ੋਰ ਹੈ । ਉਹਨਾਂ ਨੇ ਸਵੈਚ ਦੀ ਕਵਿਤਾ ਦੇ ਹਵਾਲੇ ਨਾਲ ਕਵਿਤਰੀ ਦੀ ਸਿਫ਼ਤ ਕੀਤੀ ।ਉਹਨਾਂ ਕਿਹਾ ਪਰਮਿੰਦਰ ਦੀ ਕਵਿਤਾ ਸਾਮਰਾਜ , ਪੂੰਜੀਵਾਦ ਅਤੇ ਕਾਰਪੋਰੇਟ ਨੂੰ ਲੰਬੇ ਹੱਥੀਂ ਲੈਂਦੀ ਹੈ।ਇਸ ਸੈਸ਼ਨ ਦਾ ਮੰਚ ਸੰਚਾਲਨ ਡਾਕਟਰ ਕੇਵਲ ਰਾਮ ਨੇ ਕੀਤਾ ।ਕਵੀ ਦਰਬਾਰ ਵਾਲੇ ਦੂਜੇ ਸੈਸ਼ਨ ਦੀ ਪ੍ਰਧਾਨਗੀ ਡਾਕਟਰ ਚਰਨਜੀਤ ਕੌਰ, ਸਿਮਰਨਜੀਤ ਸਿੰਮੀ , ਰਣਜੀਤ ਕੌਰ, ਪਰਮਜੀਤ ਕੌਰ , ਨਰਿੰਦਰਜੀਤ ਕੌਰ ਖਟਕੜ , ਕਮਲੇਸ਼ ਕੌਰ ਅਤੇ ਰਜਨੀ ਸ਼ਰਮਾ ਨੇ ਕੀਤੀ । ਕਵੀ ਦਰਬਾਰ ਵਿਚ ਦਰਸ਼ਨ ਸਿੰਘ ਖਟਕੜ , ਜਸਵੰਤ ਖਟਕੜ , ਕੁਲਵਿੰਦਰ ਕੁੱਲਾ , ਪਰਮਜੀਤ ਕਰਿਆਮ ਰਜਨੀ ਸ਼ਰਮਾ, ਬਲਵੀਰ ਕੁਮਾਰ , ਪਰਮਿੰਦਰ ਮਸਾਣੀ , ਰਣਜੀਤ ਕੌਰ, ਲਾਜ ਕੁਮਾਰੀ , ਅਲੀਸ਼ਾ ਅਤੇ ਰਾਜ ਰਾਣੀ ਨੇ ਬਹੁਤ ਹੀ ਖੂਬਸੂਰਤ ਕਵਿਤਾਵਾਂ ਸੁਣਾਈਆਂ । ਇਸ ਸੈਸ਼ਨ ਦੀ ਮੰਚ ਸੰਚਾਲਨਾ ਡਾਕਟਰ ਕੁਲਵਿੰਦਰ ਕੁੱਲਾ ਨੇ ਕੀਤੀ ।ਇਨਕਲਾਬੀ ਵੀਰਾਂਗਣਾ ਅਤੇ ਮਾਂ ਮੈਗਜ਼ੀਨ ਦੀ ਸੰਪਾਦਕ ਕੇਵਲ ਕੌਰ ਦੀ ਯਾਦ ਵਿੱਚ ਸਭਾ ਵਲੋਂ ਕੇਵਲ ਕੌਰ ਯਾਦਗਾਰੀ ਪੁਰਸਕਾਰ ਪਰਮਿੰਦਰ ਕੌਰ ਸਵੈਚ ਨੂੰ ਦਿੱਤਾ ਗਿਆ।ਸਮਾਗਮ ਵਿੱਚ ਕੁਲਵਿੰਦਰ ਸਿੰਘ ਵੜੈਚ , ਜਸਵੀਰ ਦੀਪ , ਹਰੀ ਰਾਮ ਰਸੂਲਪੁਰੀ , ਬਲਵੀਰ ਸਿੰਘ ਸਨਾਵਾ , ਸਤਨਾਮ ਚਾਹਲ , ਹਰਵਿੰਦਰ ਮੁਸਾਪੁਰ, ਮਨਦੀਪ ਮੁਸਾਪੁਰ , ਗਗਨ ਜੋਸ਼ੀ , ਦੀਪਕ ਗੁਣਾਚੌਰ , ਹਰਪ੍ਰੀਤ ਕੌਰ, ਸਾਰਾ ਸਿੱਧੂ , ਨਵਰਾਜ ਸਿੰਘ ਸਿੱਧੂ , ਕੁਲਦੀਪ ਸਿੰਘ ਬੋਪਾਰਾਏ , ਬੂਟਾ ਸਿੰਘ ਮਹਿਮੂਦਪੁਰ , ਅਜੇ ਕੁਮਾਰ ਚਾਹੜਮਜਾਰਾ , ਸ਼ੰਕਰ ਦਾਸ, ਦੀਦਾਰ ਸਿੰਘ ਸ਼ੇਤਰਾ , ਮਲਕੀਅਤ ਸਿੰਘ ਸਵੈਚ , ਵਿਨੇ ਸ਼ਰਮਾ, ਸੁਰੇਸ਼ ਕੁਮਾਰ ਚੌਹਾਨ , ਅਨੁਰਾਧਾ ਕਰੀਹਾ , ਤਰਸੇਮ ਬੈਂਸ , ਅਵਤਾਰ ਸਿੰਘ ਤਾਰੀ ਸੋਹਨ ਸਿੰਘ ਅਟਵਾਲ ਸਮੇਤ ਸੌ ਤੋਂ ਵੱਧ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜਰ ਸਨ।

## ਜਿੰਪਾ ਨੇ ਟਿਊਬਵੈੱਲ ਦੇ ਕੰਮ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵੱਲੋਂ ਸ਼ਹਿਰ ਦੇ ਵਾਰਡ ਨੰਬਰ 27, ਮੁਹੱਲਾ ਨਿਊ ਦੀਪ ਨਗਰ ਵਿਚ 35 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਟਿਊਬਵੈੱਲ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਟਿਊਬਵੈੱਲ ਇਲਾਕਾ ਨਿਵਾਸੀਆਂ ਦੀ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ ਅਤੇ ਇਸ ਨਾਲ ਲੋਕਾਂ ਨੂੰ ਕਾਫੀ ਲਾਭ ਮਿਲੇਗਾ।ਟਿਊਬਵੈੱਲ ਪ੍ਰੋਜੈਕਟ ਲਈ ਜ਼ਮੀਨ ਦਾਨ ਕਰਨ ਵਾਲੇ ਨੰਬਰਦਾਰ ਅਵਤਾਰ ਸਿੰਘ ਧਾਮੀ ਦੀ ਸ਼ਲਾਘਾ ਕਰਦਿਆਂ ਜਿੰਪਾ ਨੇ ਕਿਹਾ ਕਿ ਸਮਾਜ ਭਲਾਈ ਦੇ ਕੰਮਾਂ ਵਿਚ ਯੋਗਦਾਨ ਦੇਣ ਵਾਲੇ ਅਜਿਹੇ ਵਿਅਕਤੀਆਂ ਦੀ ਬੁਨਿਆਦੀ ਢਾਂਚੇ ਦੇ ਵਿਕਾਸ ਨਿਭਾਈ ਭੂਮਿਕਾ ਹਮੇਸ਼ਾ ਸਲਾਹੁਣਯੋਗ ਰਹਿੰਦੀ ਹੈ ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੁਲਵਿੰਦਰ ਸਿੰਘ ਹੁੰਦਲ, ਕੌਂਸਲਰ ਜਸਵੰਤ ਕਾਲਾ, ਪ੍ਰੀਤਮ ਦਾਸ, ਰਵਿੰਦਰ ਲੋਹੀਆ, ਰਾਜਿੰਦਰ ਮੱਲੀ, ਓ.ਪੀ ਲੂਥਰਾ, ਰਵਿੰਦਰ ਰਤਨ, ਤੀਰਥ ਰਾਮ, ਹੰਸ ਰਾਜ, ਲਾਲ ਸਿੰਘ, ਸੁਦੇਸ਼ ਰਾਣੀ, ਐਸ.ਐਸ ਬਾਜਵਾ, ਜੋਗਿੰਦਰ, ਕ੍ਰਿਸ਼ਨ ਲਾਲ, ਦਲਬੀਰ ਕੌਰ ਤੋਂ ਇਲਾਵਾ ਹੋਰ ਮੁਹੱਲਾ ਨਿਵਾਸੀ ਵੀ ਮੌਜੂਦ ਸਨ।

## ਪੈਨਕ੍ਰੀਆਟਿਕ ਕੈਂਸਰ ਸਬੰਧੀ ਜਾਗਰੂਕਤਾ ਹੈ ਪਹਿਲਾ ਕਦਮ : ਡਾ. ਮਿੱਢਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**: ਸਥਾਨਕ ਪਾਰਸ ਹਸਪਤਾਲ ਦੇ ਪੇਟ ਰੋਗਾਂ ਵਿਭਾਗ ਦੇ ਸੀਨੀਅਰ ਸਲਾਹਕਾਰ ਡਾ: ਕਰਨ ਮਿੱਢਾ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਹੋਈਆਂ ਖੋਜਾਂ ਦੇ ਮੁਤਾਬਿਕ ਪੈਨਕ੍ਰੀਆਟਿਕ ਕੈਂਸਰ ਸਭ ਤੋਂ ਵੱਡੀ ਸਮੱਸਿਆ ਬਣਿਆ ਹੋਇਆ ਹੈ। ਇੱਥੇ ਨਵੰਬਰ ਮਹੀਨੇ ਨੂੰ ਪੈਨਕ੍ਰੀਆਟਿਕ ਕੈਂਸਰ ਜਾਗਰੂਕਤਾ ਮਹੀਨੇ ਵਜੋਂ ਮਨਾਏ ਜਾਣ ਸਬੰਧੀ ਇੱਕ ਸਮਾਗਮ ਦੌਰਾਨ ਗੱਲਬਾਤ ਕਰਦਿਆਂ ਡਾ. ਮਿੱਢਾ ਨੇ ਕਿਹਾ ਕਿ ਇਸ ਕੈਂਸਰ ਦੇ ਪ੍ਰਮੁੱਖ ਲੱਛਣਾਂ ਨੂੰ ਜਲਦੀ ਦੇਖਣ ਦੀ ਅਸਮਰਥਾ ਦੇ ਕਾਰਨ ਇਸ ਦੀ ਪਹਿਚਾਨ ਅਕਸਰ ਹੀ ਦੇਰੀ ਨਾਲ ਹੁੰਦੀ ਹੈ। ਜਿਸ ਕਾਰਨ ਇਸ ਦੀ ਸਥਿਤੀ ਵੀ ਜਲਦੀ ਸਪੱਸ਼ਟ ਕਰਨ ਵਿੱਚ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਇਸ ਦੀ ਸਮੇਂ ਸਿਰ ਪਹਿਚਾਨ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਦੀ ਸੂਖਮ ਪ੍ਰਕਿਰਤੀ ਹੋਣ ਕਾਰਨ ਇਸ ਪ੍ਰਤੀ ਗੰਭੀਰ ਹੋਣਾ ਜਰੂਰੀ ਹੈ। ਉਨ੍ਹਾਂ ਕਿਹਾ ਕਿ ਪੇਟ ਦੀ ਹਲਕੀ ਬੇਅਰਾਮੀ ਜਾਂ ਭਾਰ ਦਾ ਅਚਾਨਕ ਘਟਨਾ ਇਸ ਦੇ ਮੁੱਢਲੇ ਲੱਛਣ ਹਨ। ਡਾ. ਮਿੱਢਾ ਨੇ ਕਿਹਾ ਕਿ ਇਸ ਦਾ ਸਭ ਤੋਂ ਸੁਖਾਲਾ ਇਲਾਜ਼ ਫਿਲਹਾਲ ਸਰਜਰੀ ਹੀ ਹੈ।ਉਨ੍ਹਾਂ ਦੱਸਿਆ ਕਿ ਪੈਨਕ੍ਰੀਅਸ ਪਾਚਨ ਪ੍ਰਕਿਰਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀ ਗ੍ਰੰਥੀ ਹੈ, ਜੋ ਕਿ ਖੂਨ ਵਿੱਚ ਸ਼ੂਗਰ ਦੇ ਨਿਯਮ ਲਈ ਜਵਾਬਦੇਹ ਹੈ।ਉਨ੍ਹਾਂ ਕਿਹਾ ਕਿ ਇਸ ਬਿਮਾਰੀ ਵਿੱਚ ਐਕਸੋਕਰੀਨ ਕੈਂਸਰ ਜ਼ਿਆਦਾ ਪਾਏ ਜਾਂਦੇ ਹਨ ਜੋ ਪਾਚਣ ਸੈਲਾਂ ਤੋਂ ਵਿਕਸਿਤ ਹੁੰਦੇ ਹਨ। ਇਸ ਤਰ੍ਹਾਂ ਹੀ ਇੱਕ ਹੋਰ ਐਂਡੋਕਰੀਨ ਕੈਂਸਰ ਵਿੱਚ ਸ਼ਾਮਿਲ ਹੁੰਦਾ ਹੈ ਜੋ ਮੁੱਖ ਤੌਰ ਤੇ ਹਾਰਮੋਨ ਪੈਦਾ ਕਰਨ ਵਾਲੇ ਸੈੱਲਾਂ ਵਿੱਚ ਵਿਕਸਿਤ ਹੁੰਦਾ ਹੈ।ਉਨ੍ਹਾਂ ਕਿਹਾ ਕਿ ਇੰਨ੍ਹਾਂ ਦੇ ਲੱਛਣ ਅਸਪੱਸ਼ਟ ਹੋਣ ਕਾਰਨ ਇਹ ਮਾਮੂਲੀ ਸਿਹਤ ਸਮੱਸਿਆਵਾਂ ਜਿਵੇਂ ਪੀਲੀਆ, ਪਿੱਠ ਦਰਦ, ਅਸਪੱਸ਼ਟ ਵਜ਼ਨ ਘਟਣਾ, ਭੁੱਖ ਨਾ ਲੱਗਣਾ, ਮਤਲੀ, ਅਤੇ ਸ਼ੂਗਰ ਦੀ ਨਵੀਂ ਸ਼ੁਰੂਆਤ ਆਦਿ ਲਈ ਵੀ ਘਾਤਕ ਸਾਬਿਤ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਇਹ ਬਿਮਾਰੀ ਪੇਟ ਦੀ ਡੂੰਘਾਈ ਤੱਕ ਹੋਣ ਕਾਰਨ ਇਸਦੇ ਸ਼ੁਰੂਆਤੀ ਪੜਾਵਾਂ ਨੂੰ ਖੋਜਣਾ ਮੁਸ਼ਕਿਲ ਹੁੰਦਾ ਹੈ।ਉਨ੍ਹਾਂ ਕਿਹਾ ਕਿ ਵਧਦੀ ਉਮਰ, ਸਿਗਰਟਨੋਸ਼ੀ, ਮੋਟਾਪਾ, ਸ਼ੂਗਰ, ਪੁਰਾਣੀ ਪੈਨਕ੍ਰੇਟਾਈਟਸ ਅਤੇ ਪੈਨਕ੍ਰੀਆਟਿਕ ਜਾਂ ਹੋਰ ਕੈਂਸਰਾਂ ਦਾ ਪਰਵਾਰਕ ਇਤਿਹਾਸ ਇਸ ਤਰ੍ਹਾਂ ਦੀ ਸਮੱਸਿਆ ਦੇ ਹੱਲ ਲਈ ਲਾਭਦਾਇਕ ਸਾਬਿਤ ਹੋ ਸਕਦਾ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਸਥਿਤੀ ਵਿੱਚ ਕੀਮੋਥੈਰੇਪੀ, ਰੇਡੀਓਥੈਰੇਪੀ, ਟਾਰਗੇਟਡ ਥੈਰੇਪੀ, ਅਤੇ ਇਮਯੂਨੋਥੈਰੇਪੀ ਰਾਹੀਂ ਕਾਫ਼ੀ ਸਫ਼ਲਤਾ ਹਾਸਿਲ ਕੀਤੀ ਜਾ ਸਕਦੀ ਹੈ।ਉਨ੍ਹਾਂ ਸਿਗਰਟਨੋਸ਼ੀ ਛੱਡਣ ਸਮੇਤ ਸਰਗਰਮ ਜੀਵਨਸ਼ੈਲੀ ਅਪਣਾਉਣ ਅਤੇ ਫਲਾਂ, ਸਬਜ਼ੀਆਂ ਅਤੇ ਸਾਬਤ ਅਨਾਜ ਨਾਲ ਭਰਪੂਰ ਖੁਰਾਕ ਦੀ ਪਾਲਣਾ ਕਰਨ ਨੂੰ ਪਹਿਲ ਦੇਣ ਦਾ ਸੁਝਾਅ ਦਿੱਤਾ।

## ਜੰਡਿਆਲਾ ਪ੍ਰੈੱਸ ਕਲੱਬ ਦੀ ਹੰਗਾਮੀ ਮੀਟਿੰਗ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਬੀਤੇ ਦਿਨ ਦੇਰ ਸ਼ਾਮ ਜੰਡਿਆਲਾ ਪ੍ਰੈੱਸ ਕਲੱਬ ਦੀ ਇੱਕ ਹੰਗਾਮੀ ਮੀਟਿੰਗ ਸਥਾਨਕ ਹੋਟਲ ਤੇਜ ਗ੍ਰੈਂਡ ਵਿਖੇ ਹੋਈ, ਜਿਸ ਵਿਚ ਪ੍ਰੈੱਸ ਕਲੱਬ ਦੀਆਂ ਗਤੀਵਿਧੀਆਂ ਉਪਰ ਵੱਖ-ਵੱਖ ਮੈਂਬਰਾਂ ਵੱਲੋਂ ਆਪਣੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ ਗਏ ਅਤੇ ਇਸ ਮੌਕੇ ਕਲੱਬ ਦੇ ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ ਅਤੇ ਚੇਅਰਮੈਨ ਸੁਨੀਲ ਦੇਵਗਨ ਨੇ ਇਕ ਸਾਂਝੇ ਬਿਆਨ ਵਿਚ ਕਲੱਬ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਹਰ ਇੱਕ ਮੈਂਬਰ ਆਪਣੀ ਗੱਲ ਕਰਨ ਦਾ ਹੱਕਦਾਰ ਹੈ ਅਤੇ ਇਸ ਵਾਰ ਜਿਵੇਂ ਕਲਬ ਦੇ ਕਰੀਬ ਸਾਰੇ ਮੈਂਬਰਾਂ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਆਪਣੇ ਵੀਚਾਰ ਸਾਂਝੇ ਕੀਤੇ ।ਇਸ ਮੌਕੇ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਵਿਰਦੀ ਨੇ ਕਿਹਾ ਕਿ ਜਲਦੀ ਹੀ ਆਉਣ ਵਾਲੇ ਦਿਨਾਂ ਵਿੱਚ ਇੱਕ ਹੋਰ ਵੱਡੀ ਮੀਟਿੰਗ ਕੀਤੀ ਜਾਵੇਗੀ ਜਿਸ ਵਿਚ ਜਨਤਾ ਨੂੰ ਆਉਂਦੀਆਂ ਮੁਸ਼ਕਿਲਾਂ ਸਬੰਧੀ ਪੁਲਸ ਅਤੇ ਹੋਰ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਜਾਵੇਗਾ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪਰਦੀਪ ਜੈਨ ਜਨਰਲ ਸੈਕਟਰੀ, ਹਰਿੰਦਰਪਾਲ ਸਿੰਘ, ਅਨਿਲ ਕੁਮਾਰ, ਸੋਨੂੰ ਮਿਗਲਾਨੀ, ਮੁਨੀਸ਼ ਕੁਮਾਰ, ਅੰਗਰੇਜ਼ ਸੂਰੀ, ਰਾਕੇਸ਼ ਕੁਮਾਰ, ਸੁਖਦੇਵ ਸਿੰਘ ਟਾਂਗਰਾ, ਕੰਵਲਜੀਤ ਸਿੰਘ ਤਰਸਿੱਕਾ ਆਦਿ ਹਾਜ਼ਰ ਸਨ ।

## ਨਵ-ਨਿਯੁਕਤ ਨੌਜਵਾਨਾਂ ਵੱਲੋਂ ਪਾਰਦਰਸ਼ੀ ਤੇ ਨਿਰਪੱਖ ਭਰਤੀ ਲਈ ਮੁੱਖ ਮੰਤਰੀ ਦੀ ਸ਼ਲਾਘਾ





**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਪੀ.ਐਸ.ਪੀ.ਸੀ.ਐਲ. ਦੇ ਮੁਲਾਜ਼ਮਾਂ ਨੇ ਭਰਤੀ ਪ੍ਰਕਿਰਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ 'ਆਪ' ਸਰਕਾਰ ਦੀ ਭਰਪੂਰ ਸ਼ਲਾਘਾ ਕੀਤੀ।ਦਸੂਹਾ ਤੋਂ ਗਗਨਦੀਪ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਦੋ ਸਾਲਾਂ ਵਿੱਚ ਉਸ ਨੂੰ ਮੁੱਖ ਮੰਤਰੀ ਵੱਲੋਂ ਦੂਜਾ ਨਿਯੁਕਤੀ ਪੱਤਰ ਮਿਲਿਆ ਹੈ। ਉਸ ਨੇ ਕਿਹਾ ਕਿ ਇਹ ਮੌਜੂਦਾ ਸੂਬਾ ਸਰਕਾਰ ਕਾਰਨ ਹੀ ਸੰਭਵ ਹੋਇਆ ਹੈ। ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਕੇ ਵਿਦੇਸ਼ ਜਾਣ ਦੇ ਰੁਝਾਨ ਨੂੰ ਬਦਲਣ ਲਈ ਉਸ ਨੇ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।ਸੰਗਰੂਰ ਤੋਂ ਸੁਖਚੈਨ ਕੌਰ ਨੇ ਕਿਹਾ ਕਿ ਹੋਰ ਕਿਸੇ ਵੀ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਉਸ ਨੇ ਕਿਹਾ ਕਿ ਉਸ ਦਾ ਪਰਵਾਰ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਦੇਣ ਲਈ ਮੁੱਖ ਮੰਤਰੀ ਦਾ ਰਿਣੀ ਹੈ।ਸੰਗਰੂਰ ਤੋਂ ਜਸਪ੍ਰੀਤ ਕੌਰ ਨੇ ਦੱਸਿਆ ਕਿ ਉਹ ਲੰਬੇ ਸਮੇਂ ਤੋਂ ਨੌਕਰੀ ਪ੍ਰਾਪਤ ਕਰਨ ਲਈ ਯਤਨਸ਼ੀਲ ਸੀ ਅਤੇ ਉਸ ਦਾ ਪਰਵਾਰ ਮੁੱਖ ਮੰਤਰੀ ਦਾ ਕਰਜ਼ਦਾਰ ਹੈ।ਅੰਮ੍ਰਿਤਸਰ ਦੇ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਹ ਬਹੁਤ ਸਧਾਰਨ ਪਰਵਾਰ ਨਾਲ ਸਬੰਧਤ ਹੈ ਅਤੇ ਉਸ ਦੇ ਪੂਰੇ ਪਰਵਾਰ ਵਿੱਚੋਂ ਉਸ ਨੂੰ ਹੀ ਪਹਿਲੀ ਵਾਰ ਸਰਕਾਰੀ ਨੌਕਰੀ ਮਿਲੀ ਹੈ। ਉਸ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਮੁੱਚੀ ਪ੍ਰਕਿਰਿਆ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹ ਕੇ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਗਿਆ ਹੈ।ਬਠਿੰਡਾ ਤੋਂ ਰੁਜਲ ਰਾਣੀ ਨੇ ਵੀ ਮੁੱਖ ਮੰਤਰੀ ਵੱਲੋਂ ਵੀ ਨੌਕਰੀ ਦੇ ਮੌਕਾ ਪ੍ਰਦਾਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਫਰੀਦਕੋਟ ਤੋਂ ਪਰਵਿੰਦਰ ਸਿੰਘ ਨੇ ਕਿਹਾ ਕਿ ਉਹ ਨਿਯੁਕਤੀ ਪ੍ਰਕਿਰਿਆ ਨੂੰ ਸਮਾਂਬੱਧ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਮੁੱਖ ਮੰਤਰੀ ਦਾ ਧੰਨਵਾਦੀ ਹੈ।ਸੰਗਰੂਰ ਦੇ ਰਹਿਣ ਵਾਲੇ ਰਾਹੁਲ ਸ਼ਰਮਾ ਨੇ ਦੱਸਿਆ ਕਿ ਉਸ ਨੇ ਇਟਲੀ ਤੋਂ ਵਾਪਸ ਆ ਕੇ ਨੌਕਰੀ ਜੁਆਇਨ ਕੀਤੀ ਹੈ। ਉਸ ਨੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੇ ਰੁਝਾਨ ਨੂੰ ਬਦਲਣ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।

## ਜੂਰੀ ਭਗਵਾਨਪੁਰੀਆ ਦਾ ਕੀਤਾ ਸ਼ਾਨਦਾਰ ਸਵਾਗਤ



**ਆਦਮਪੁਰ (ਪਰਮਜੀਤ ਸਿੰਘ)**- ਇਲਾਕੇ ਦੇ ਪ੍ਰਸਿੱਧ ਅੰਤਰਰਾਸ਼ਟਰੀ ਖਿਡਾਰੀ ਜੂਰੀ ਭਗਵਾਨਪੁਰੀਆ ਨੇ ਨਿਊਜ਼ੀਲੈਂਡ ਦੇ ਕਬੱਡੀ ਕੱਪ ਵਿਚ ਹਿੱਸਾ ਲੈਂਦਿਆਂ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਉਥੋਂ ਵਾਪਸ ਆਦਮਪੁਰ ਪੁੱਜਣ 'ਤੇ ਉਨ੍ਹਾਂ ਦਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਪਿੰਡ ਵਾਸੀਆਂ , ਨੌਜਵਾਨਾਂ ਤੇ ਖੇਡ ਪ੍ਰੇਮੀਆਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ।ਉਸ ਦੇ ਸਨਮਾਨ ਵਿੱਚ ਟਰੈਕਟਰਾਂ ਤੇ ਕਾਰਾਂ ਦੇ ਕਾਫਲੇ ਨਾਲ ਇਲਾਕੇ ਵਿਚ ਵਿਸ਼ਾਲ ਸਵਾਗਤੀ ਰੈਲੀ ਕੱਢੀ ਗਈ ।ਲੈਕਚਰਾਰ ਗੁਰਿੰਦਰ ਸਿੰਘ ਨੇ ਦੱਸਿਆ ਕਿ ਜੂਰੀ ਭਗਵਾਨਪੁਰੀਆ ਤੇ ਉਸਦਾ ਭਰਾ ਫਰਿਆਦ ਮੁਹੰਮਦ ਦੋਵੇਂ ਕਬੱਡੀ ਦੇ ਅੰਤਰਰਾਸ਼ਟਰੀ ਖਿਡਾਰੀ ਹਨ ਜੋ ਦੇਸ਼ਾਂ ਵਿਦੇਸ਼ਾਂ ਵਿਚ ਵੱਡੇ ਟੂਰਨਾਮੈਂਟ ਖੇਡਦੇ ਹਨ । ਇਹ ਦੋਨੋ ਭਰਾ ਲੰਮੇ ਸਮੇਂ ਤੋਂ ਬਿਨਾਂ ਕੋਈ ਫੀਸ ਲਏ ਇਲਾਕੇ ਦੇ ਨੌਜਵਾਨਾਂ ਨੂੰ ਕਬੱਡੀ ਦੀ ਟ੍ਰੇਨਿੰਗ ਦੇ ਰਹੇ ਹਨ । ਉਹ ਆਦਮਪੁਰ ਬਲਾਕ ਦੇ ਛੋਟੇ ਜਿਹੇ ਪਿੰਡ ਭਗਵਾਨਪੁਰ ਦੇ ਰਹਿਣ ਵਾਲੇ ਹਨ ਪਰ ਕਬੱਡੀ ਵਿਚ ਉਹਨਾਂ ਦਾ ਯੋਗਦਾਨ ਬਹੁਤ ਵੱਡਾ ਹੈ । ਇਸ ਸਵਾਗਤ ਸਮਾਰੋਹ ਮੌਕੇ ਬਲਾਕ ਪੰਚਾਇਤ ਅਧਿਕਾਰੀ ਅਮਰਜੀਤ ਸਿੰਘ, ਪ੍ਰਿੰਸੀਪਲ ਰਾਮ ਆਸਰਾ ਸਟੇਟ ਅਵਾਰਡੀ , ਉੱਘੇ ਖੇਡ ਪ੍ਰਮੋਟਰ ਬਿੰਦਾ ਗਰੇਵਾਲ, ਕਮਲਜੀਤ ਥਿੰਦ ਬਿਜਲੀ ਵਿਭਾਗ, ਨੈਸ਼ਨਲ ਰੈਫਰੀ ਗੁਰਚਰਨ ਸਿੰਘ, ਲੈਕਚਰਾਰ ਗੁਰਿੰਦਰ ਸਿੰਘ, ਪੇਂਡੂ ਵਿਕਾਸ ਵਿਭਾਗ ਤੋ ਜਗਜੀਤ ਸਿੰਘ, ਗੁਰਪ੍ਰੀਤ ਸਿੰਘ , ਰੋਹਿਤ ਹਰਜਾਈ, ਸੁਪਰਡੈਂਟ ਜਗਮੋਹਨ ਸਿੰਘ, ਮਨਿੰਦਰ ਭੱਟੀ (ਪੰਜਾਬ ਪੁਲਸ), ਖਿਡਾਰੀ ਫਰਿਆਦ ਮੁਹੰਮਦ ਤੇ ਵੱਡੀ ਗਿਣਤੀ ਵਿਚ ਨੌਜਵਾਨ ਤੇ ਖੇਡ ਪ੍ਰੇਮੀ ਹਾਜਰ ਸਨ ।

# ਲਿੰਗ-ਆਧਾਰਤ ਹਿੰਸਾ ਦੇ ਖਿਲਾਫ ਰਾਸ਼ਟਰੀ ਮੁਹਿੰਮ ਦਾ ਉਦਘਾਟਨ ਸਮਾਰੋਹ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, ( ਗੁਰਜੀਤ ਬਿੱਲਾ)**— 25 ਨਵੰਬਰ ਤੋਂ 23 ਦਸੰਬਰ, 2024 ਤੱਕ ਲਿੰਗ ਅਧਾਰਿਤ ਵਿਤਕਰੇ 'ਤੇ ਚਲਾਈ ਜਾ ਰਹੀ ਰਾਸ਼ਟਰੀ ਮੁਹਿੰਮ 'ਨਵੀਂ ਚੇਤਨਾ-ਪਹਿਲ ਬਦਲਾਅ ਦੀ' ਦੇ ਤੀਸਰੇ ਪੜਾਅ ਤਹਿਤ ਪੰਜਾਬ ਰਾਜ ਆਜੀਵਿਕਾ ਮਿਸ਼ਨ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵਲੋਂ ਰਾਜ ਪੱਧਰ 'ਤੇ ਉਦਘਾਟਨੀ ਸਮਾਰੋਹ ਦਾ ਪ੍ਰਬੰਧ ਕੀਤਾ ਗਿਆ। ਉਦਘਾਟਨੀ ਸਮਾਗਮ ਵਿਕਾਸ ਭਵਨ, ਸੈਕਟਰ-62, ਮੋਹਾਲੀ ਵਿਖੇ ਕੀਤਾ ਗਿਆ ਅਤੇ ਇਸਦਾ ਉਦੇਸ਼ ਲਿੰਗ-ਅਧਾਰਤ ਹਿੰਸਾ ਦੇ ਪ੍ਰਮੁੱਖ ਮੁੱਦੇ 'ਤੇ ਜਾਗਰੂਕਤਾ ਪੈਦਾ ਕਰਨਾ ਅਤੇ ਪੂਰੇ ਖੇਤਰ ਵਿੱਚ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨਾ ਸੀ। ਸਮਾਗਮ ਦਾ ਉਦਘਾਟਨ ਸੁਰਿੰਦਰ ਪਾਲ ਆਂਗਰਾ, ਵਧੀਕ ਮੁੱਖ ਕਾਰਜਕਾਰੀ ਅਫਸਰ, ਪੰਜਾਬ ਰਾਜ ਆਜੀਵਿਕਾ ਮਿਸ਼ਨ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਨੇ ਕੀਤਾ। ਬੁਲਾਰਿਆਂ ਵਿੱਚ ਡਾ. ਉਪਨੀਤ ਕੌਰ ਮਾਂਗਟ, ਸੈਂਟਰ ਫਾਰ ਹਿਊਮਨ ਰਾਈਟਸ ਐਂਡ ਡਿਊਟੀਜ਼, ਪੰਜਾਬ ਯੂਨੀਵਰਸਿਟੀ ਵਿਖੇ ਸਹਾਇਕ ਪ੍ਰੋਫੈਸਰ ਅਤੇ ਐਡਵੋਕੇਟ ਆਰਤੀ ਸ਼ਰਮਾ, ਮੋਹਾਲੀ ਜ਼ਿਲ੍ਹੇ ਵਿੱਚ ਸੂਚੀਬੱਧ ਵਕੀਲ, ਕਾਨੂੰਨੀ ਸੇਵਾਵਾ ਅਥਾਰਟੀ ਵਲੋਂ ਕੀਤਾ ਗਿਆ। ਪੰਜਾਬ ਰਾਜ ਆਜੀਵਿਕਾ ਮਿਸ਼ਨ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਸਟੇਟ ਪ੍ਰੋਗਰਾਮ ਮੈਨੇਜਰ ਮਨਦੀਪ ਸਿੰਘ ਪੂਨੀਆ ਨੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਨਾ ਸਿਰਫ਼ ਆਰਥਿਕ ਤੌਰ 'ਤੇ ਸਗੋਂ ਸਮਾਜਿਕ ਤੌਰ 'ਤੇ ਵੀ ਔਰਤਾਂ ਦੇ ਸਸ਼ਕਤੀਕਰਨ ਵਿੱਚ ਮਿਸ਼ਨ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ। ਪੂਨੀਆ ਨੇ ਲਿੰਗ ਅਸਮਾਨਤਾਵਾਂ ਨੂੰ ਦੂਰ ਕਰਨ ਅਤੇ ਔਰਤਾਂ ਨੂੰ ਉੱਚਾ ਚੁੱਕਣ ਲਈ ਪੰਜਾਬ ਰਾਜ ਆਜੀਵਿਕਾ ਮਿਸ਼ਨ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੀਆਂ ਪਹਿਲਕਦਮੀਆਂ ਬਾਰੇ ਗੱਲ ਕੀਤੀ। ਘਰੇਲੂ ਅਤੇ ਕਮਿਊਨਿਟੀ ਦੋਵਾਂ ਪੱਧਰਾਂ 'ਤੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਉਹਨਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਇਆ। ਡਾ. ਉਪਨੀਤ ਕੌਰ ਮਾਂਗਟ ਨੇ ਲਿੰਗ ਸੰਵੇਦਨਸ਼ੀਲਤਾ 'ਤੇ ਇੱਕ ਸੈਸ਼ਨ ਨੂੰ ਸੰਬੋਧਨ ਕੀਤਾ। ਲਿੰਗ ਸਮਾਨਤਾ ਦੇ ਮੁੱਦਿਆਂ 'ਤੇ ਜਾਗਰੂਕਤਾ ਪੈਦਾ ਕਰਨ ਅਤੇ ਲਿੰਗ ਭੂਮਿਕਾਵਾਂ ਪ੍ਰਤੀ ਸਮਾਜਿਕ ਰਵੱਈਏ ਨੂੰ ਬਦਲਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਹਨਾਂ ਨੇ ਇੱਕ ਸੱਭਿਆਚਾਰਕ ਤਬਦੀਲੀ ਲਿਆਉਣ ਲਈ ਨਿਰੰਤਰ ਸਿੱਖਿਆ ਅਤੇ ਸੰਵੇਦਨਸ਼ੀਲਤਾ ਦੀ ਲੋੜ ਨੂੰ ਉਜਾਗਰ ਕੀਤਾ ਤਾਂ ਜੋ ਸਾਰੇ ਲਿੰਗਾਂ ਲਈ ਬਰਾਬਰ ਅਧਿਕਾਰਾਂ ਅਤੇ ਮੌਕਿਆਂ ਦਾ ਸਮਰਥਨ ਕਰਦਾ ਹੈ। ਐਡਵੋਕੇਟ ਆਰਤੀ ਸ਼ਰਮਾ ਨੇ ਲਿੰਗ-ਅਧਾਰਤ ਹਿੰਸਾ ਦੇ ਕਾਨੂੰਨੀ ਪਹਿਲੂ 'ਤੇ ਧਿਆਨ ਕੇਂਦਰਿਤ ਕੀਤਾ। ਖਾਸ ਤੌਰ 'ਤੇ ਕੰਮ ਵਾਲੀ ਥਾਂ 'ਤੇ ਔਰਤਾਂ ਦੇ ਜਿਨਸੀ ਸ਼ੋਸ਼ਣ ਨੂੰ ਸੰਬੋਧਿਤ ਕਰਨਾ। ਆਪਣੇ ਸੈਸ਼ਨ ਰਾਹੀਂ ਆਰਤੀ ਨੇ ਹਾਜ਼ਰੀਨ ਨੂੰ ਸੰਬੰਧਿਤ ਕਾਨੂੰਨਾਂ ਅਤੇ ਉਤਪੀੜਨ ਦਾ ਸਾਹਮਣਾ ਕਰ ਰਹੀਆਂ ਔਰਤਾਂ ਲਈ ਉਪਲਬਧ ਕਾਨੂੰਨੀ ਉਪਚਾਰਾਂ ਬਾਰੇ ਜਾਗਰੁਕ ਕੀਤਾ, ਉਹਨਾਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਨਿਆਂ ਦੀ ਮੰਗ ਕਰਨ ਲਈ ਲੋੜੀਂਦੇ ਗਿਆਨ ਨਾਲ ਸਸ਼ਕਤ ਕਰਨ ਵਿੱਚ ਮਦਦ ਕੀਤੀ। ਇਵੈਂਟ ਵਿੱਚ ਪੇਂਡੂ ਵਿਕਾਸ ਪਹਿਲਕਦਮੀਆਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ, ਸਥਾਨਕ ਭਾਈਚਾਰਿਆਂ ਦੇ ਮੈਂਬਰਾਂ ਸ਼ਾਮਲ ਸਨ।ਜਿਨ੍ਹਾਂ ਵਿੱਚੋਂ ਬਹੁਤ ਸਾਰੇ ਸਿੱਧੇ ਤੌਰ ਤੇ ਲਿੰਗ ਸਮਾਨਤਾ ਅਤੇ ਆਰਥਿਕ ਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕੰਮ ਕਰਦੇ ਹਨ। ਇਹ ਮੁਹਿੰਮ ਪੰਜਾਬ ਵਿੱਚ ਲਿੰਗ-ਅਧਾਰਤ ਹਿੰਸਾ ਦੀ ਰੋਕਥਾਮ ਕਰਨ ਅਤੇ ਔਰਤਾਂ ਲਈ ਹਿੰਸਾ-ਮੁਕਤ ਭਵਿੱਖ ਲਈ ਸੰਵਾਦ, ਸਿੱਖਿਆ ਅਤੇ ਕਾਰਵਾਈ ਨੂੰ ਉਤਸ਼ਾਹਿਤ ਕਰਨ ਲਈ ਇੱਕ ਠੋਸ ਯਤਨ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ। ਇਸ ਸਮਾਗਮ ਦਾ ਸੰਚਾਲਨ ਅਮਨ, ਆਂਚਲ ਸਾਵਾ (ਯੰਗ ਪ੍ਰੋਫੈਸ਼ਨਲਜ਼) ਅਤੇ ਦੀਪਕ ਭਾਰਦਵਾਜ (ਕਲੱਸਟਰ ਕੋਆਰਡੀਨੇਟਰ) ਵੱਲੋਂ ਕੀਤਾ ਗਿਆ।

# ਹੀਰੋ ਆਫ ਲੱਦਾਖ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਦੀ ਸ਼ਹੀਦੀ ਸਾਡੇ ਲਈ ਮਾਣ ਵਾਲੀ ਗੱਲ : ਰਾਣਾ



**ਬਲਾਚੌਰ ਨਵੰਬਰ (ਜਸਵਿੰਦਰ ਬੈਂਸ)**—ਹੀਰੋ ਆਫ ਲੱਦਾਖ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਵਰਗੇ ਬਹਾਦਰਾਂ ਦੀ ਕੁਰਬਾਨੀ ਦਾ ਦੇਸ਼ ਹਮੇਸ਼ਾ ਰਿਣੀ ਰਹੇਗਾ ਅਤੇ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਬਹਾਦਰ ਜਰਨੈਲ ਸਬ ਡਵੀਜ਼ਨ ਬਲਾਚੌਰ ਵਿੱਚ ਪੈਂਦੇ ਪਿੰਡ ਸਿਆਣਾ ਦੇ ਵਸਨੀਕ ਸਨ ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹੀਰੋ ਆਫ ਲੱਦਾਖ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਸ਼ਹਾਦਤ ਨੂੰ ਸਜਦਾ ਕਰਨ ਲਈ ਸਿਆਣਾ ਵਿਖੇ ਉਹਨਾਂ ਦੀ ਸਮਾਰਕ 'ਤੇ ਰੱਖੇ ਗਏ ਵਿਸ਼ੇਸ ਸ਼ਹੀਦੀ ਸਮਾਗਮ ਦੌਰਾਨ ਸਾਂਝਾ ਕਿਸਾਨ ਮਜਦੂਰ ਮੋਰਚਾ ਦੇ ਜਨਰਲ ਸਕੱਤਰ ਅਤੇ ਪ੍ਰਧਾਨ ਭਾਈ ਲਾਲੋ ਲੋਕ ਮੰਚ ਸਭਸ ਨਗਰ ਕਰਨ ਸਿੰਘ ਰਾਣਾ ਵਲੋਂ ਸ਼ਰਧਾ ਸੁੰਮਨ ਭੇਂਟ ਕਰਨ ਉਪਰੰਤ ਕੀਤਾ ਗਿਆ ।ਉਹਨਾਂ ਨਾਲ ਪ੍ਰਧਾਨ ਜਸਵਿੰਦਰ ਸਿੰਘ ਕਾਹਮਾ, ਹਰਦੀਪ ਸਿੰਘ ਗਹੂੰਣ, ਡਾ. ਸੁਨੀਤਾ ਸ਼ਰਮਾ, ਬੀੜ ਸੋਸਾਇਟੀ ਦੇ ਪ੍ਰਧਾਨ ਅਮਨ ਵਰਮਾ, ਕਸ਼ਮੀਰ ਸਿੰਘ ਢਿੱਲੋਂ ਜਨਰਲ ਸਕੱਤਰ, ਸਮਾਜ ਸੇਵੀ ਰਵਿੰਦਰ ਸਿੰਘ ਘੁੰਮਣ ਵੀ ਮੌਜੂਦ ਸਨ । ਉਨ੍ਹਾ ਅੱਗੇ ਆਖਿਆ ਕਿ ਬਿਕਰਮ ਸਿੰਘ ਵਲੋਂ ਆਪਣੇ ਡਿਊਟੀ ਦੇ ਕਾਰਜਕਾਲ ਨੂੰ ਬਾਖੂਬੀ ਨਿਭਾਉਂਦਿਆਂ ਜ਼ਿਲ੍ਹੇ ਦਾ ਨਾਂਅ ਪੂਰੀ ਦੁਨੀਆ ਵਿੱਚ ਰੋਸ਼ਨ ਕੀਤਾ ਹੈ । ਉਨ੍ਹਾਂ ਦੀ ਜੀਵਨੀ ਬਾਰੇ ਸੰਖੇਪ ਦੱਸਦਿਆ ਆਖਿਆ ਕਿ ਸੰਨ 1962 ਵਿੱਚ ਚੀਨ ਵਲੋਂ ਕੀਤੇ ਹਮਲੇ ਦਾ ਜਿੱਥੇ ਮੂੰਹ ਤੋੜ ਜਵਾਬ ਦਿੱਤਾ ਉਥੇ ਹੀ ਉਹਨਾਂ ਦੀ ਰਣਨੀਤੀ ਨੇ ਜੰਮੂ - ਕਸ਼ਮੀਰ ਦੇ ਲੱਦਾਖ ਖੇਤਰ ਨੂੰ ਦੁਸ਼ਮਣਾਂ ਹੱਥ ਨਾ ਜਾਣ ਦਿੱਤਾ ਗਿਆ । 22 ਨਵੰਬਰ 1963 ਨੂੰ ਉਹ ਜੰਮੂ-ਕਸ਼ਮੀਰ ਦੇ ਪੁਣਛ ਇਲਾਕੇ ਵਿੱਚ ਆਪਣੇ ਸਾਥੀਆਂ ਨਾਲ ਹੈਲੀਕਾਪਟਰ ਤੇ ਸਰਹੱਦ ਦਾ ਨਿਰੀਖਣ ਕਰ ਰਹੇ ਸਨ ਤਾਂ ਉਹਨਾਂ ਦਾ ਹੈਲੀਕਾਪਟਰ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਉਹ ਆਪਣੇ ਸਾਥੀਆਂ ਸਮੇਤ ਸ਼ਹੀਦ ਹੋ ਗਏ। ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਉਹਨਾਂ ਦੀ ਸ਼ਹਾਦਤ ਅਤੇ ਜਨਮ ਦਿਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।ਬਲਾਚੌਰ ਵਿੱਚ ਉਹਨਾਂ ਦੇ ਨਾਂਅ 'ਤੇ ਜਿੱਥੇ ਇਹ ਸਿਵਲ ਹਸਪਤਾਲ ਚੱਲ ਰਿਹਾ ਹੈ, ਉਥੇ ਕਿ ਲੈਫ: ਜਨ: ਬਿ: ਸਿੰਘ ਮੈਮੋਰੀਅਲ ਸਰਕਾਰੀ ਹਾਈ ਸਕੂਲ ਮਹਿੰਦੀਪੁਰ ਵਿੱਚ ਚੱਲ ਰਿਹਾ ਹੈ ਅਤੇ ਜੰਮੂ ਸ਼ਹਿਰ ਵਿੱਚ ਤਵੀ ਨਦੀ ਦੇ ਕਿਨਾਰੇ ਪੈਂਦੇ ਚੌਕ ਦਾ ਨਾਮ ਵੀ 'ਬਿਕਰਮ ਸਿੰਘ ਚੌਕ ' ਰੱਖਿਆ ਗਿਆ ਹੈ' ਜਿੱਥੇ ਉਹਨਾਂ ਦਾ ਬੁੱਤ ਵੀ ਸਥਾਪਿਤ ਕੀਤਾ ਹੋਇਆ ਹੈ ਅਤੇ ਇਸ ਦੇ ਨਾਲ ਹੀ ਪਿੰਡ ਸਿਆਣਾ ਵਿਖੇ ਉਹਨਾ ਦਾ ਬੁੱਤ ਸਥਾਪਿਤ ਕੀਤਾ ਗਿਆ ਹੈ। ਇਸ ਮੌਕੇ ਮੁੱਖ ਥਾਣਾ ਅਫਸਰ ਸਿਟੀ ਬਲਾਚੌਰ ਸਤਨਾਮ ਸਿੰਘ,ਪਰਵਿੰਦਰ ਮੇਨਕਾ, ਜਸਵੰਤ ਸਿੰਘ ਤੂਰ, ਬਲਜੀਤ ਕੌਰ, ਹੰਸ ਰਾਜ ਸਮੇਤ ਪਿੰਡ ਸਿਆਣਾ ਅਤੇ ਇਲਾਕੇ ਦੀਆਂ ਹੋਰ ਵੀ ਪ੍ਰਮੁੱਖ ਸਖਸ਼ੀਅਤਾਂ ਮੌਜੂਦ ਸਨ ।

## ਦੋ ਹਫ਼ਤੇ ਦਾ ਡੇਅਰੀ ਸਿਖਲਾਈ ਕੋਰਸ ਸੰਪੰਨ



**ਫ਼ਗਵਾੜਾ (ਜਸਵਿੰਦਰ ਢੱਡਾ)** ਡੇਅਰੀ ਸਿਖਲਾਈ ਅਤੇ ਵਿਸਥਾਰ ਸੇਵਾ ਕੇਂਦਰ ਫ਼ਗਵਾੜਾ ਵਿਖੇ ਡਾਇਰੈਕਟਰ ਡੇਅਰੀ ਵਿਕਾਸ ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੀ ਅਗਵਾਈ ਹੇਠ 2 ਹਫ਼ਤੇ ਦਾ ਡੇਅਰੀ ਸਿਖਲਾਈ ਕੋਰਸ ਕਰਵਾਇਆ ਗਿਆ, ਜਿਸ ਵਿੱਚ 28 ਸਿਖਿਆਰਥੀਆਂ ਨੇ ਡੇਅਰੀ ਕਿੱਤੇ ਸਬੰਧੀ ਵਿਗਿਆਨਕ ਡੇਅਰੀ ਸਿਖਲਾਈ ਪ੍ਰਾਪਤ ਕੀਤੀ।ਡੇਅਰੀ ਵਿਕਾਸ ਅਫਸਰ ਫਗਵਾੜਾ ਕਸ਼ਮੀਰ ਸਿੰਘ ਨੇ ਵਿਭਾਗੀ ਸਕੀਮਾਂ ਬਾਰੇ ਡੇਅਰੀ ਕਿੱਤੇ ਮਹੱਤਤਾ, ਦੁਧਾਰੂ ਪਸ਼ੂਆਂ ਦੀ ਪਰਖ ਅਤੇ ਚੋਣ ਕਰਨ ਬਾਰੇ, ਕਟੜੂ/ਵਛੜੂ ਦੀ ਦੇਖਭਾਲ ਕਰਨ ਬਾਰੇ ਫਾਰਮਿੰਗ ਦੀ ਆਰਥਿਕਤਾ ਅਤੇ ਰਿਕਾਰਡ ਰੱਖਣ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸ਼ੁਭਮ ਕੁਮਾਰ ਡੀਡੀਆਈ-2 ਨੇ ਦੁੱਧ ਦੀ ਬਣਤਰ ਬਾਰੇ, ਫੈਟ ਅਤੇ ਐੱਸਐੱਨਐਫ ਦੀ ਟੈਸਟਿੰਗ ਬਾਰੇ, ਦੁੱਧ ਤੋਂ ਦਹੀਂ, ਲੱਸੀ, ਪਨੀਰ ਤਿਆਰ ਕਰਨ ਬਾਰੇ ਦੱਸਿਆ ਅਤੇ ਪ੍ਰੈਕਟੀਕਲ ਵੀ ਕਰਵਾਏ। ਸਿਖਿਆਰਥੀਆਂ ਨੂੰ ਵਿਭਾਗੀ ਸਕੀਮਾਂ ਬਾਰੇ, ਮਾਰਡਨ ਕੈਟਲ ਸ਼ੈਡਾਂ ਬਾਰੇ ਅਤੇ ਸਾਫ ਦੁੱਧ ਪੈਦਾ ਕਰਨ ਬਾਰੇ ਦੱਸਿਆ ਗਿਆ। ਡਾ. ਹਰਜੀਤ ਸਿੰਘ ਸੈਣੀ ਨੇ ਨਸਲ ਸੁਧਾਰ ਦੀ ਵਿਉਂਤਬੰਦੀ ਬਾਰੇ, ਪਸ਼ੂਆਂ ਦੀ ਬਿਮਾਰੀਆਂ ਅਤੇ ਰੋਕਥਾਮ ਬਾਰੇ ਜਾਣਕਾਰੀ ਅਤੇ ਸਫਲ ਡੇਅਰੀ ਫਾਰਮਿੰਗ ਦੇ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ। ਸ਼ੇਰ ਸਿੰਘ ਆਜ਼ਾਦ ਡੇਅਰੀ ਫੀਲਡ ਸਹਾਇਕ ਨੇ ਪਸ਼ੂਆਂ ਦੀਆਂ ਨਸਲਾਂ ਬਾਰੇ, ਪਸ਼ੂ ਖੁਰਾਕ ਦੀ ਬਣਤਰ ਬਾਰੇ, ਧਾਤਾਂ ਦੇ ਚੂਰੇ ਦੀ ਵਰਤੋਂ ਕਰਨ ਬਾਰੇ ਅਤੇ ਦੁੱਧ ਪੈਦਾ ਕਰਨ ਅਤੇ ਮਾਡਰਨ ਕੈਟਲ ਸ਼ੈਡਾਂ ਸਬੰਧੀ ਦੱਸਿਆ। ਅੰਤ ਵਿੱਚ ਸਿਖਿਆਰਥੀਆਂ ਨੂੰ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ ਅਤੇ ਸਿਖਿਆਰਥੀਆਂ ਨੂੰ ਡੇਅਰੀ ਦਾ ਧੰਦਾ ਅਪਨਾਉਣ ਬਾਰੇ ਪ੍ਰੇਰਿਆ।

# ਸਿਹਤ ਮੰਤਰੀ ਨੇ ਅੱਪਗ੍ਰੇਡ ਕੀਤੇ ਬਲੱਡ ਕੰਪੋਨੈਂਟ ਸੇਪਰੇਸ਼ਨ ਯੂਨਿਟ ਦਾ ਕੀਤਾ ਉਦਘਾਟਨ



**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**—ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ, ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਮੋਹਾਲੀ ਵਿਖੇ ਅਪਗ੍ਰੇਡ ਕੀਤੇ ਬਲੱਡ ਕੰਪੋਨੈਂਟ ਸੇਪਰੇਸ਼ਨ ਯੂਨਿਟ ਦਾ ਉਦਘਾਟਨ ਕਰਨ ਦੇ ਨਾਲ-ਨਾਲ ਦੋ ਬਲੱਡ ਕੁਲੈਕਸ਼ਨ ਅਤੇ ਟਰਾਂਸਪੋਰਟੇਸ਼ਨ ਵੈਨਾਂ ਦੀ ਸ਼ੁਰੂਆਤ ਕੀਤੀ। ਇਸ ਮੌਕੇ ਮੈਡੀਕਲ ਕਾਲਜ ਮੋਹਾਲੀ ਪੰਜਾਬ ਰਾਜ ਬਲੱਡ ਟ੍ਰਾਂਸਫਿਊਜ਼ਨ ਕੌਂਸਲ ਦੇ ਸਟਾਫ਼ ਅਤੇ ਨਰਸਿੰਗ ਅਤੇ ਮੈਡੀਕਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਰਾਜ ਵੱਲੋਂ ਸਵੈ-ਇੱਛਤ ਖ਼ੂਨਦਾਨੀਆਂ ਵਿੱਚ ਤੀਜਾ ਰਾਸ਼ਟਰੀ ਰੈਂਕ ਹਾਸਲ ਕਰਨ ਦੀ ਪ੍ਰਾਪਤੀ ਨੇ ਸੂਬੇ ਦਾ ਮਨੋਬਲ ਉੱਚਾ ਕੀਤਾ ਹੈ ਜਿਸ ਤੋਂ ਬਾਅਦ ਹੁਣ ਖ਼ੂਨਦਾਨ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਤੋਂ ਇਲਾਵਾ ਇਸ ਨੂੰ ਸੁਰੱਖਿਅਤ ਢੰਗ ਨਾਲ ਅਤੇ ਸਾਵਧਾਨੀ ਨਾਲ ਵਰਤਣ ਲਈ ਢੁਕਵੇਂ ਪ੍ਰਬੰਧਾਂ ਨੂੰ ਰਾਜ ਵੱਲੋਂ ਹੋਰ ਬਿਹਤਰ ਢੰਗ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਰਾਜ ਵਿੱਚ ਸਰਕਾਰੀ ਖੇਤਰ ਵਿੱਚ 26 ਬਲੱਡ ਕੰਪੋਨੈਂਟ ਸੇਪਰੇਸ਼ਨ ਯੂਨਿਟ ਹਨ ਅਤੇ ਇਹ 27ਵਾਂ ਅਜਿਹਾ ਯੂਨਿਟ ਹੈ ਜੋ ਸਿਵਲ ਹਸਪਤਾਲ ਮੁਹਾਲੀ ਵਿੱਚ ਅਪਗ੍ਰੇਡ ਕੀਤਾ ਗਿਆ ਹੈ। ਇਹ ਅਪਗ੍ਰੇਡ ਯੂਨਿਟ ਪੈਕਡ ਲਾਲ ਸੈੱਲ, ਫ੍ਰੈਸ਼ ਫ੍ਰੋਜ਼ਨ ਪਲਾਜ਼ਮਾ, ਪਲੇਟਲੈਟਸ, ਪਲੇਟਲੇਟ ਕੰਨਸੈਂਟਰੇਟ, ਕ੍ਰਾਇਓਪ੍ਰੀਸਿਪੀਟੇਟ ਅਤੇ ਪਲੇਟਲੇਟ ਰਿਚ ਪਲਾਜ਼ਮਾ ਉਪਲਬਧ ਕਰਵਾਏਗੀ ਜੋ ਇਸ ਯੂਨਿਟ ਦੁਆਰਾ ਇੱਕੋ ਵਿਅਕਤੀ ਦੇ ਖ਼ੂਨ ਤੋਂ ਵੱਖ ਕੀਤੇ ਜਾਣਗੇ। ਪਹਿਲਾਂ ਇੱਥੇ ਖ਼ੂਨ ਕੰਪੋਨੈਂਟ ਸੇਪਰੇਸ਼ਨ ਦੀ ਸਹੂਲਤ ਨਹੀਂ ਸੀ।ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਐਮ ਡੀ ਵਰਿੰਦਰ ਕੁਮਾਰ ਸ਼ਰਮਾ, ਅੰਬੇਦਕਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦੀ ਡਾਇਰੈਕਟਰ ਪ੍ਰਿੰਸੀਪਲ ਡਾ. ਭਵਨੀਤ ਭਾਰਤੀ, ਐਸ ਡੀ ਐਮ ਮੁਹਾਲੀ ਦਮਨਦੀਪ ਕੌਰ, ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੇ ਵਧੀਕ ਪ੍ਰਾਜੈਕਟ ਡਾਇਰੈਕਟਰ ਡਾ. ਬੌਬੀ ਗੁਲਾਟੀ, ਸੰਯੁਕਤ ਡਾਇਰੈਕਟਰ ਬਲੱਡ ਟ੍ਰਾਂਸਫਿਊਜ਼ਨ ਸਰਵਿਸਿਜ਼ ਪੰਜਾਬ ਡਾ. ਸੁਨੀਤਾ ਦੇਵੀ, ਡਾ. ਰੇਨੂ ਸਿੰਘ ਸਿਵਲ ਸਰਜਨ ਅਤੇ ਐਸ.ਐਮ.ਓ ਡਾ. ਐਚ.ਐਸ.ਚੀਮਾ ਵੀ ਹਾਜ਼ਰ ਸਨ।

# ਰਾਜਪਾਲ ਸੋਨੀਪਤ 'ਚ ਤੇ ਮੁੱਖ ਮੰਤਰੀ ਕੁਰਕਸ਼ੇਤਰ 'ਚ ਸੰਵਿਧਾਨ ਦਿਵਸ ਸਮਾਰੋਹ 'ਚ ਹੋਣਗੇ ਸ਼ਾਮਲ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਭਾਰਤ ਦੇ ਸੰਵਿਧਾਨ ਨੂੰ ਅਪਨਾਉਣ ਲਈ 75ਵੀਂ ਵਰ੍ਹੇਗੰਢ ਮੌਕੇ 'ਤੇ ਪੂਰੇ ਸੂਬੇ ਵਿਚ ਸੰਵਿਧਾਨ ਦਿਵਸ ਸਮਾਰੋਹ ਪ੍ਰਬੰਧਿਤ ਕੀਤੇ ਜਾਣਗੇ। ਇਸ ਮੌਕੇ 'ਤੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਸੋਨੀਪਤ ਵਿਚ ਜਦੋਂਕਿ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਕੁਰਕਸ਼ੇਤਰ ਵਿਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਣਗੇ। ਮੁੱਖ ਮੰਤਰੀ ਦਫਤਰ ਵੱਲੋਂ ਸੂਬੇ ਦੇ ਸਾਰੇ 22 ਜ਼ਿਲ੍ਹਿਆਂ ਵਿਚ ਸੰਵਿਧਾਨ ਦਿਵਸ ਦੇ ਮੌਕੇ 'ਤੇ ਪ੍ਰਬੰਧਿਤ ਪ੍ਰੋਗ੍ਰਾਮਾਂ ਵਿਚ ਮੁੱਖ ਮਹਿਮਾਨ ਵਜੋ ਸ਼ਾਮਿਲ ਹੋਣ ਵਾਲੇ ਰਾਜ ਸਰਕਾਰ ਦੇ ਮੰਤਰੀਆਂ, ਸਾਂਸਦਾਂ ਅਤੇ ਵਿਧਾਇਕਾਂ ਦੀ ਲਿਸਟ ਜਾਰੀ ਕੀਤੀ ਗਈ ਹੈ।ਇਸ ਸੂਚੀ ਅਨੁਸਾਰ ਸੋਨੀਪਤ ਵਿਚ ਰਾਜਪਾਲ ਬੰਡਾਰੂ ਦੱਤਾਤ੍ਰੇਅ ਦੇ ਨਾਲ ਰਾਈ ਹਲਕੇ ਤੋਂ ਵਿਧਾਇਕ ਸ੍ਰੀਮਤੀ ਕ੍ਰਿਸ਼ਣਾ ਗਹਿਲੋਤ, ਸਥਾਨਕ ਵਿਧਾਇਕ ਨਿਖਿਲ ਮਦਾਨ, ਖਰਖੌਦਾ ਤੋਂ ਵਿਧਾਇਕ ਪਵਨ ਖਰਦੌਂਦਾ ਅਤੇ ਗੰਨੌਰ ਤੋਂ ਵਿਧਾਇਕ ਦੇਵੇਂਦਰ ਕਾਦਿਆਨ ਵੀ ਮੌਜੂਦ ਰਹਿਣਗੇ। ਇਸੀ ਤਰ੍ਹਾਂ ਕੁਰੂਕਸ਼ੇਤਰ ਵਿਚ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਦੇ ਨਾਲ ਸਥਾਨਕ ਸਾਂਸਦ ਨਵੀਨ ਜਿੰਦਲ ਵੀ ਪ੍ਰੋਗ੍ਰਾਮ ਵਿਚ ਸ਼ਾਮਿਲ ਹੋਣਗੇ। ਜ਼ਿਲ੍ਹਾ ਕਰਨਾਲ ਵਿਚ ਹਰਿਆਣਾ ਵਿਧਾਨ ਸਭਾ ਸਪੀਕਰ ਹਰਵਿੰਦਰ ਕਲਿਆਣ ਦੇ ਨਾਲ ਅਸੰਧ ਤੋਂ ਵਿਧਾਇਕ ਯੋਗੇਂਦਰ ਸਿੰਘ ਰਾਣਾ, ਸਥਾਨਕ ਵਿਧਾਇਕ ਜਗਮੋਹਨ ਆਨੰਦ ਅਤੇ ਨੀਲੋਖੇਤੀ ਤੋਂ ਵਿਧਾਇਕ ਭਗਵਾਨ ਦਾਸ ਸੰਵਿਧਾਨ ਦਿਵਸ ਸਮਾਰੋਹ ਵਿਚ ਹਿੱਸਾ ਲੈਣਗੇ।ਜ਼ਿਲ੍ਹਾ ਯਮੁਨਾਨਗਰ ਵਿਚ ਖੇਤੀਬਾੜੀ ਮੰਤਰੀ ਸ਼ਾਮ ਸਿੰਘ ਰਾਣਾ ਦੇ ਨਾਲ ਸਥਾਨਕ ਵਿਧਾਇਕ ਘਨਸ਼ਾਮ ਦਾਸ ਵੀ ਪ੍ਰੋਗ੍ਰਾਮ ਵਿਚ ਮੌਜੂਦ ਰਹਿਣਗੇ।ਜ਼ਿਲ੍ਹਾ ਪੰਚਕੂਲਾ ਵਿਚ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਣ ਕੁਮਾਰ ਬੇਦੀ ਦੇ ਨਾਲ ਕਾਲਕਾ ਤੋਂ ਵਿਧਾਇਕ ਸ੍ਰੀਮਤੀ ਸ਼ਕਤੀ ਰਾਣੀ ਸਮਾਰੋਹ ਵਿਚ ਹਿੱਸਾ ਲਵੇਗੀ।ਜ਼ਿਲ੍ਹਾ ਕੈਥਲ ਵਿਚ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਸ਼ਣ ਲਾਲ ਪੰਵਾਰ ਦੇ ਨਾਲ ਪੁੰਡਰੀ ਤੋਂ ਵਿਧਾਇਕ ਸਤਪਾਲ ਜਾਂਬਾ ਵੀ ਪ੍ਰੋਗ੍ਰਾਮ ਵਿਚ ਸ਼ਾਮਿਲ ਹੋਣਗੇ।ਜ਼ਿਲ੍ਹਾ ਪਾਨੀਪਤ ਵਿਚ ਸਿਖਿਆ ਮੰਤਰੀ ਮਹੀਪਾਲ ਢਾਂਡਾ ਦੇ ਨਾਲ ਪਾਨੀਪਤ ਸ਼ਹਿਰ ਤੋਂ ਵਿਧਾਇਕ ਪ੍ਰਮੋਦ ਵਿਜ ਅਤੇ ਸਮਾਲਖਾ ਤੋਂ ਵਿਧਾਇਕ ਮਨਮੋਹਨ ਭੜਾਨਾ ਵੀ ਸਮਾਰੋਹ ਵਿਚ ਹਿੱਸਾ ਲੈਣਗੇ।ਜ਼ਿਲ੍ਹਾ ਫਤਿਹਾਬਾਦ ਵਿਚ ਰਾਜਸਭਾ ਸਾਂਸਦ ਸੁਭਾਸ਼ ਬਰਾਲਾ ਸੰਵਿਧਾਨ ਦਿਵਸ ਪ੍ਰੋਗ੍ਰਾਮ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਣਗੇ।ਜ਼ਿਲ੍ਹਾ ਚਰਖੀ ਦਾਦਰੀ ਵਿਚ ਭਿਵਾਨੀ-ਮਹੇਂਦਰਗੜ੍ਹ ਤੋਂ ਸਾਂਸਦ ਧਰਮਬੀਰ ਸਿੰਘ ਦੇ ਨਾਲ ਦਾਦਰੀ ਤੋਂ ਵਿਧਾਇਕ ਸੁਨੀਲ ਸਾਂਗਵਾਨ ਅਤੇ ਬਾਡੜਾ ਤੋਂ ਵਿਧਾਇਕ ਉਮੇਦ ਸਿੰਘ ਵੀ ਸਮਾਰੋਹ ਵਿਚ ਮੌਜੂਦ ਰਹਿਣਗੇ।ਜ਼ਿਲ੍ਹਾ ਗੁਰੂਗ੍ਰਾਮ ਵਿਚ ਵਨ ਮੰਤਰੀ ਰਾਓ ਨਰਬੀਰ ਸਿੰਘ ਦੇ ਨਾਲ ਸਥਾਨਕ ਵਿਧਾਇਕ ਮੁਕੇਸ਼ ਸ਼ਰਮਾ ਤਐ ਸੋਹਨਾ ਤੋਂ ਵਿਧਾਇਕ ਤੇਜਪਾਲ ਤੰਵਰ ਪ੍ਰੋਗ੍ਰਾਮ ਵਿਚ ਹਿੱਸਾ ਲੈਣਗੇ।ਜ਼ਿਲ੍ਹਾ ਹਿਸਾਰ ਵਿਚ ਕਰਨਾਲ ਦੇ ਇੰਦਰੀ ਤੋਂ ਵਿਧਾਇਕ ਅਤੇ ਮੁੱਖ ਸਚੇਤਕ ਰਾਮ ਕੁਮਾਰ ਕਸ਼ਪ ਦੇ ਨਾਲ ਹਿਸਾਰ ਤੋਂ ਵਿਧਾਇਕ ਸ੍ਰੀਮਤੀ ਸਵਿੱਤਰੀ ਜਿੰਦਲ, ਹਾਂਸਲੀ ਤੋਂ ਵਿਧਾਇਕਵਿਨੋਦ ਭਿਆਣਾ ਅਤੇ ਨਲਵਾ ਤੋਂ ਵਿਧਾਇਕ ਰਣਧੀਰ ਪਨਿਹਾਰ ਵੀ ਸਮਾਰੋਹ ਵਿਚ ਸ਼ਾਮਿਲ ਹੋਣਗੇ। ਜ਼ਿਲ੍ਹਾ ਜੀਂਦ ਵਿਚ ਹਰਿਆਣਾ ਵਿਧਾਨ ਸਭਾ ਦੇ ਡਿਪਸੀ ਸਪੀਕਰ ਕਿਸ਼ਣ ਲਾਲ ਮਿੱਢਾ ਦੇ ਨਾਲ ਸਫੀਦੋਂ ਤੋਂ ਵਿਧਾਇਕ ਰਾਮ ਕੁਮਾਰ ਗੌਤਮ ਅਤੇ ਉਚਾਨਾ ਕਲਾਂ ਤੋਂ ਵਿਧਾਇਕ ਦੇਵੇਂਦਰ ਚਤਰ ਭੁਜ ਅਤਰੀ ਪ੍ਰੋਗ੍ਰਾਮ ਵਿਚ ਹਿੱਸਾ ਲੈਣਗੇ। ਜ਼ਿਲ੍ਹਾ ਪਲਵਲ ਵਿਚ ਖੇਡ ਅਤੇ ਯੂਵਾ ਮਾਮਲੇ ਰਾਜ ਮੰਤਰੀ ਗੌਰਵ ਗੌਤਮ ਦੇ ਨਾਲ ਹੋਡਲ ਤੋਂ ਵਿਧਾਇਕ ਹਰੇਂਦਰ ਸਿੰਘ ਵੀ ਸਮਾਰੋਹ ਵਿਚ ਮੌਜੂਦ ਰਹਿਣਗੇ।ਜ਼ਿਲ੍ਹਾ ਅੰਬਾਲਾ ਵਿਚ ਉਰਜਾ ਅਤੇ ਟ੍ਰਾਂਸਪੋਰਟ ਮੰਤਰੀ ਅਨਿਲ ਵਿਜ ਸੰਵਿਧਾਨ ਦਿਵਸ ਪ੍ਰੋਗ੍ਰਾਮ ਵਿਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਣਗੇ।ਜ਼ਿਲ੍ਹਾ ਫਰੀਦਾਬਾਦ ਵਿਚ ਮਾਲ ਮੰਤਰੀ ਵਿਪੁਲ ਗੋਇਲ ਦੇ ਨਾਲ ਵਲੱਭਗੜ੍ਹ ਤੋਂ ਵਿਧਾਇਕ ਮੂਲਚੰਦ ਸ਼ਰਮਾ, ਬੜਖਲ ਤੋਂ ਵਿਧਾਇਕ ਧਨੇਸ਼ ਅਦਲਖਾ ਅਤੇ ਫਰੀਦਾਬਾਦ ਐਨਆਈਟੀ ਤੋਂ ਵਿਧਾਇਕ ਸਤੀਸ਼ ਫਾਗਨਾ ਵੀ ਸਮਾਰੋਹ ਵਿਚ ਮੌਜੂਦ ਰਹਿਣਗੇ।ਜ਼ਿਲ੍ਹਾ ਰੋਹਤਕ ਵਿਚ ਰਾਜ ਸਭਾ ਸਾਂਸਦ ਸ੍ਰੀਮਤੀ ਕਿਰਣ ਚੌਧਰੀ ਦੇ ਨਾਲ ਰਾਜਸਭਾ ਸਾਂਸਦ ਰਾਮ ਚੰਦਰ ਜਾਂਗੜਾ ਵੀ ਪ੍ਰੋਗ੍ਰਾਮ ਵਿਚ ਸ਼ਿਰਗਤ ਕਰਣਗੇ।ਜ਼ਿਲ੍ਹਾ ਨੂੰਹ ਵਿਚ ਖੁਰਾਕ ਅਤੇ ਸਪਲਾਈ ਰਾਜ ਮੰਤਰੀ ਰਾਜੇਸ਼ ਨਾਗਰ ਦੇ ਨਾਲ ਪਟੌਦੀ ਤੋਂ ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ ਵੀ ਸਮਾਰੋਹ ਵਿਚ ਸ਼ਾਮਿਲ ਹੋਣਗੇ।ਜ਼ਿਲ੍ਹਾ ਭਿਵਾਨੀ ਵਿਚ ਸਿੰਚਾਈ ਮੰਤਰੀ ਸ੍ਰੀਮਤੀ ਸ਼ਰੂਤੀ ਚੌਧਰੀ ਦੇ ਨਾਲ ਸਥਾਨਕ ਵਿਧਾਇਕ ਘਨਸ਼ਾਮ ਸਰਾਫ ਅਤੇ ਬਵਾਨੀ ਖੇੜਾ ਤੋਂ ਵਿਧਾਇਕ ਕਪੂਰ ਸਿੰਘ ਵੀ ਪ੍ਰੋਗ੍ਰਾਮ ਵਿਚ ਮੌਜੂਦ ਰਹਿਣਗੇ।ਜ਼ਿਲ੍ਹਾ ਝੱਜਰ ਵਿਚ ਸਹਿਕਾਰਤਾ ਮੰਤਰੀ ਰਵਿੰਦ ਕੁਮਾਰ ਸ਼ਰਮਾ ਦੇ ਨਾਲ ਬਹਾਦੁਰਗੜ੍ਹ ਤੋਂ ਵਿਧਾਇਕ ਰਾਜੇਸ਼ ਜੂਨ ਵੀ ਸਮਾਰੋਹ ਵਿਚ ਸ਼ਾਮਿਲ ਹੋਣਗੇ।ਜ਼ਿਲ੍ਹਾ ਸਿਰਸਾ ਵਿਚ ਲੋਕ ਨਿਰਮਾਣ ਮੰਤਰੀ ਰਣਬੀਰ ਗੰਗਵਾ ਸੰਵਿਧਾਨ ਦਿਵਸ ਪ੍ਰੋਗ੍ਰਾਮ ਵਿਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਣਗੇ।ਜ਼ਿਲ੍ਹਾ ਮਹੇਂਦਰਗੜ੍ਹ ਵਿਚ ਸਿਹਤ ਮੰਤਰੀ ਆਰਤੀ ਸਿੰਘ ਰਾਓ ਦੇ ਨਾਲ ਸਥਾਨਕ ਵਿਧਾਇਕ ਕੰਵਰ ਸਿੰਘ ਯਾਦਵ, ਕੋਸਲੀ ਤੋਂ ਵਿਧਾਇਕ ਅਨਿਲ ਯਾਦਵ ਅਤੇ ਸਾਬਕਾ ਮੰਤਰੀ ਓਮ ਪ੍ਰਕਾਸ਼ ਯਾਦਵ ਵੀ ਸਮਾਰੋਹ ਵਿਚ ਮੌਜੂਦ ਰਹਿਣਗੇ।ਜ਼ਿਲ੍ਹਾ ਰਿਵਾੜੀ ਵਿਚ ਰਾਜ ਸਭਾ ਸਾਂਸਦ ਕਾਰਤੀਕੇਯ ਸ਼ਰਮਾ ਦੇ ਨਾਲ ਸਥਾਨਕ ਵਿਧਾਇਕ ਲਛਮਣ ਸਿੰਘ ਯਾਦਵ ਅਤੇ ਬਾਵਲ ਤੋਂ ਵਿਧਾਇਕ ਡਾ. ਕ੍ਰਿਸ਼ਣ ਕੁਮਾਰ ਵੀ ਸੰਵਿਧਾਨ ਦਿਵਸ ਪ੍ਰੋਗ੍ਰਾਮ ਵਿਚ ਸ਼ਿਰਕਤ ਕਰਣਗੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਸਮਾਗਮਸ਼ਰਧਾ ਪੂਰਵਕ ਸੰਪੰਨ



**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲਾ ਜੱਟਾਂ ਵਿਖੇ ਗੁਰਦੁਆਰਾ ਸਿੰਘ ਸਭਾ, ਨਗਰ ਨਿਵਾਸੀ ਸਾਧ ਸੰਗਤ ਅਤੇ ਐਨਆਰਆਈ ਸੰਗਤਾਂ ਦੇ ਸਹਿਯੋਗ ਨਾਲ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਤਿੰਨ ਦਿਨਾ ਸਮਾਗਮ ਸ਼ਰਧਾ ਪੂਰਵਕ ਸੰਪੰਨ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਹੋਏ ਇਸ ਸਮਾਗਮ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ।ਇਸ ਮੌਕੇ ਪੰਥ ਦੇ ਪ੍ਰਸਿੱਧ ਕੀਰਤਨੀ ਜਥਾ ਭਾਈ ਸੰਦੀਪ ਸਿੰਘ ਆਦਮਪੁਰ ਵਾਲਿਆ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹੀਦੀ ਬਾਰੇ ਵਿਸਥਾਰ ਪੂਰਵਕ ਕਥਾ ਰਾਹੀਂ ਜਾਣਕਾਰੀ ਦਿੱਤੀ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਇਸੇ ਤਰ੍ਹਾਂ ਸ਼ਾਮ ਵੇਲੇ ਵੀ ਸ੍ਰੀ ਰਹਿਰਾਸ ਜੀ ਦੇ ਪਾਠ ਉਪਰੰਤ ਕੀਰਤਨ ਦੀਵਾਨ ਸਜਾਏ ਗਏ।ਜਿਸ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਰਸੀਆ ਜਲੰਧਰ ਵਾਲੇ , ਨਗਰ ਦੇ ਸਿਰਮੌਰ ਕੀਰਤਨੀਏ ਭਾਈ ਗੁਰਮੁਖ ਸਿੰਘ ਨੇ ਅਤੇ ਹੋਰ ਬੱਚਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਿਮਰਨਜੀਤ ਸਿੰਘ ਕੰਧਾਲਾ ਜੱਟਾਂ ਵਾਲਿਆਂ ਦੀ ਰਹਿਨੁਮਾਈ ਹੇਠ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਉਹਨਾਂ ਦੱਸਿਆ ਕਿ ਹਰੇਕ ਐਤਵਾਰ ਨੂੰ ਸ਼ਾਮ 4 ਵਜੇ ਤੋਂ 6 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਵਿਖੇ ਗੁਰਬਾਣੀ ਕੰਠ ਕਰਵਾਈ ਜਾਂਦੀ ਹੈ ।ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਕਮੇਟੀ ਪ੍ਰਧਾਨ ਜਗੀਰ ਸਿੰਘ ,ਭਾਈ ਗੁਰਮੁੱਖ ਸਿੰਘ, ਸਰਪੰਚ ਹਰਪ੍ਰੀਤ ਕੌਰ ਅਤੇ ਸਮੂਹ ਗ੍ਰਾਮ ਪੰਚਾਇਤ ਕੰਧਾਲਾ ਜੱਟਾਂ, ਸਿਮਰਨਜੀਤ ਸਿੰਘ , ਤੇਜਪਾਲ ਸਿੰਘ,ਦਲਜੀਤ ਸਿੰਘ, ਮਹਿੰਦਰ ਸਿੰਘ, ਰਾਜਾ ਸਿੰਘ ਲੰਬੜਦਾਰ, ਅੰਮ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ, ਜਸਵੀਰ ਸਿੰਘ ਜੱਸੀ, ਜਸਵਿੰਦਰ ਸਿੰਘ,ਜਸਕਰਨ ਸਿੰਘ , ਇੱਕਪ੍ਰੀਤ ਸਿੰਘ,ਜਪਜੋਤ ਸਿੰਘ ਪ੍ਰਭ ਕੀਰਤ ਸਿੰਘ, ਸੁੱਖਵਿੰਦਰ ਸੁੱਖਾ ਅਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ। ਭਾਈ ਗੁਰਪ੍ਰੀਤ ਸਿੰਘ ਕਨੇਡਾ, ਜਗਮੀਤ ਸਿੰਘ ਅਮਰੀਕਾ, ਭਾਈ ਰੇਸ਼ਮ ਸਿੰਘ ਕਨੇਡਾ, ਹੋਰ ਐਨ ਆਰ ਆਈ ਸੰਗਤ, ਨਗਰ ਕੰਧਾਲਾ ਜੱਟਾਂ ਦੀ ਸਰਬੱਤ ਸੰਗਤ, ਨਗਰ ਕੰਧਾਲਾ ਜੱਟਾਂ ਦੇ ਸਾਰੇ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਅਤੇ ਹੋਰ ਸੰਗਤਾਂ ਦਾ ਇਸ ਸਮਾਗਮ ਵਿੱਚ ਵਿਸ਼ੇਸ਼ ਸਹਿਯੋਗ ਰਿਹਾ।

26-Nov-PAGE-9.qxd 11/25/2024 11:02 PM Page 1



# ਪੰਜਾਬ ਪੈਨਸ਼ਨਰਜ਼ ਯੂਨੀਅਨ 23 ਨੂੰ ਮਨਾਏਗੀ ਪੈਨਸ਼ਨਰ ਡੇਅ



**ਜਲੰਧਰ /ਮਹਿਟੀਆਣਾ (ਜਗਤਾਰ ਸਿੰਘ ਭੁੰਗਰਨੀ / ਰਾਜੇਸ਼ ਥਾਪਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ ( ਸਬੰਧਤ ਏਟਕ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ,ਚੰਡੀਗੜ੍ਹ ) ਦੀ ਸੂਬਾ ਕਾਰਜਕਾਰਨੀ ਕਮੇਟੀ ਦੀ ਇੱਕ ਮੀਟਿੰਗ ਇੱਥੇ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਵਿਖੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਸਾਥੀ ਦਰਸ਼ਨ ਸਿੰਘ ਛੀਨਾ ਪ੍ਰਧਾਨ ਪੰਜਾਬ ਪੈਨਸ਼ਨਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ, ਕਾਮਰੇਡ ਕਰਤਾਰ ਸਿੰਘ ਬੁਆਣੀ ਅਤੇ ਕਈ ਹੋਰ ਵਿਛੜੀਆਂ ਸ਼ਖਸੀਅਤਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਸਾਰੇ ਹਾਜ਼ਰੀਨ ਨਾਲ ਏਜੰਡਾ ਸਾਂਝਾ ਕੀਤਾ ਅਤੇ ਇਸ ਉਪਰੰਤ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਨੇ ਪਿਛਲੇ ਸਮੇਂ ਦੌਰਾਨ ਜਥੇਬੰਦੀ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਚੇਅਰਮੈਨ ਗੁਰਦੀਪ ਸਿੰਘ ਮੋਤੀ, ਮੁੱਖ ਜੱਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ , ਵਿੱਤ ਸਕੱਤਰ ਪ੍ਰਿਤਪਾਲ ਸਿੰਘ ਪੰਡੋਰੀ ,ਪ੍ਰੈਸ ਸਕੱਤਰ ਕੁਲਵੰਤ ਸਿੰਘ ਚਾਨੀ , ਅਵਤਾਰ ਸਿੰਘ ਫਿਰੋਜ਼ਪੁਰ, ਨਸੀਬ ਸਿੰਘ ਜੜ੍ਹੋਤ , ਸੂਬਾਈ ਸਲਾਹਕਾਰ ਗੁਰਬਖਸ਼ ਸਿੰਘ ਢਿੱਲੋਂ , ਵੇਦ ਪ੍ਰਕਾਸ਼ ਬਟਾਲਾ, ਵਿਜੇ ਕੁਮਾਰ ਜਲੰਧਰ , ਬਲਵੰਤ ਸਿੰਘ ਸੰਧੂ ਫਿਰੋਜ਼ਪੁਰ , ਸਵਰਨ ਸਿੰਘ ਹਠੂਰ , ਸੁੱਚਾ ਸਿੰਘ ਅਜਨਾਲਾ, ਬਲਰਾਜ ਸਿੰਘ ਭੰਗੂ, ਗੁਰਦੀਪ ਸਿੰਘ ਪਠਾਨਕੋਟ , ਜਗਤਾਰ ਸਿੰਘ ਨਵਾਂ ਸ਼ਹਿਰ, ਮਨਜੀਤ ਸਿੰਘ ਮਨਸੂਰਾ ,ਗੁਰਜੀਤ ਸਿੰਘ ਸਰਗਾਓ , ਬਚਿੱਤਰ ਸਿੰਘ ਧੋਥੜ, ਅੰਗਰੇਜ ਸਿੰਘ ਸ੍ਰੀ ਮੁਕਤਸਰ ਸਾਹਿਬ ਅਤੇ ਸੁਰੇਸ਼ ਕੁਮਾਰ ਪਠਾਨਕੋਟ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪੰਜਾਬ ਸਰਕਾਰ ਤੇ ਦੋਸ਼ ਲਾਇਆ ਹੈ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਨਜ਼ਰ ਅੰਦਾਜ਼ ਕਰ ਰਹੀ ਹੈ ਅਤੇ ਮੁੱਖ ਮੰਤਰੀ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਨਾਲ ਗੱਲਬਾਤ ਕਰਨ ਤੋਂ ਲਗਾਤਾਰ ਭਗੌੜੇ ਹੋ ਗਏ ਹਨ। ਆਗੂਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਢੇ ਪੰਜ ਸਾਲਾਂ ਦਾ ਬਣਦਾ ਤਨਖਾਹਾਂ ,ਪੈਨਸ਼ਨਾਂ ਅਤੇ ਲੀਵ ਇਨਕੈਸ਼ਮੈਂਟ ਦਾ ਬਣਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ, ਪੈਨਸ਼ਨਾਂ ਲਈ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਮਹਿੰਗਾਈ ਭੱਤੇ ਦੀਆਂ 11ਕਿਸ਼ਤਾਂ ਦੀ ਦਰ ਨਾਲ ਬਕਾਇਆ ਪਈਆਂ ਤਿੰਨ ਕਿਸ਼ਤਾਂ ਨਹੀਂ ਦਿੱਤੀਆਂ ਜਾ ਰਹੀਆਂ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਨਹੀਂ ਕੀਤੀ ਜਾ ਰਹੀ , ਕੱਚੇ ਅਤੇ ਆਊਟਸੋਰਸ ਮੁਲਾਜ਼ਮਾਂ ਦੀ ਵੱਡੇ ਪੱਧਰ ਤੇ ਆਰਥਿਕ ਲੁੱਟ ਜਾਰੀ ਹੈ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਸੂਬਾ ਪੱਧਰੀ ਪੈਨਸ਼ਨਰ ਡੇਅ 23 ਦਸੰਬਰ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਮਨਾਇਆ ਜਾਵੇਗਾ।

ਇਸ ਤੋਂ ਪਹਿਲਾਂ 17 ਦਸੰਬਰ ਨੂੰ ਅੰਮ੍ਰਿਤਸਰ ਅਤੇ ਵੱਖ-ਵੱਖ ਜਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰ 'ਤੇ ਪੈਨਸ਼ਨਰ ਡੇਅ ਮਨਾਏ ਜਾਣਗੇ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਅਜਮੇਰ ਸਿੰਘ ਮੋਗਾ, ਸੋਮ ਨਾਥ ਅਰੋੜਾ ਫਰੀਦਕੋਟ , ਗੁਰਮੁਖ ਸਿੰਘ ਜਲੰਧਰ , ਦਲਜੀਤ ਸਿੰਘ, ਚਮਕੌਰ ਸਿੰਘ, ਦਰਸ਼ਨ ਸਿੰਘ ਲੁਧਿਆਣਾ , ਪਵਿੱਤਰ ਸਿੰਘ, ਸੰਤੋਖ ਸਿੰਘ, ਮੁਖਤਿਆਰ ਸਿੰਘ ਫਿਰੋਜ਼ਪੁਰ ਤੇ ਮਹਿੰਦਰ ਸਿੰਘ ਆਦਿ ਸ਼ਾਮਲ ਸਨ।

## ਅੱਜ ਲੱਗੇਗਾ ਪਲੇਸਮੈਂਟ ਕੈਂਪ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ,ਐਸਏਐਸ ਨਗਰ ਵੱਲੋਂ 26 ਨਵੰਬਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀਬੀਈਈ) ਐਸਏਐਸ ਨਗਰ ਵਿਖੇ ਕੀਤਾ ਜਾ ਰਿਹਾ ਹੈ, ਜਿਸਦਾ ਸਮਾਂ ਸਵੇਰੇ 10.00 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ।ਡੀਬੀਈਈ ਐਸਏਐਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਨੇ ਦੱਸਿਆ ਕਿ ਭਲਕੇ ਲੱਗਣ ਵਾਲੇ ਕੈਂਪ ਵਿੱਚ ਨਾਮੀ ਕੰਪਨੀਆਂ ਭਾਗ ਲੈ ਰਹੀਆਂ ਹਨ । ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ, ਜਿਨ੍ਹਾਂ ਦੀ ਉਮਰ 18 ਤੋਂ 35 ਸਾਲ ਹੋਵੇ ਅਤੇ ਘੱਟ ਤੋਂ ਘੱਟ ਯੋਗਤਾ ਦਸਵੀਂ, ਬਾਰ੍ਹਵੀਂ, ਗ੍ਰੈਜੂਏਸ਼ਨ ਆਦਿ ਪਾਸ ਹੋਵੇ, ਭਾਗ ਲੈ ਸਕਦੇ ਹਨ। ਪ੍ਰਾਰਥੀ ਆਪਣਾ ਬਾਇਉ ਡਾਟਾ ਵੀ ਨਾਲ ਲੈ ਕੇ ਇਸ ਕੈਂਪ ਵਿੱਚ ਸ਼ਮੂਲੀਅਤ ਕਰਨ। ਇਸ ਤੋਂ ਇਲਾਵਾ ਪ੍ਰਾਰਥੀ ਆਪਣੀ ਫਾਰਮਲ ਡਰੈਸ ਵਿੱਚ ਆਉਣ ਦੀ ਖੇਚਲ ਕਰਨ।

## ਟਿੱਬਾ ਵਿਖੇ ਇਨਕਲਾਬੀ ਨਾਟਕ ਮੇਲਾ 6 ਨੂੰ



**ਤਲਵੰਡੀ ਚੌਧਰੀਆਂ (ਨਵਕਿਰਨ/ ਭੋਲਾ )**— ਪਿੰਡ ਟਿੱਬਾ ਵਿਖੇ ਪਿਛਲੇ 12 ਸਾਲਾਂ ਤੋਂ ਕਰਵਾਇਆ ਜਾ ਰਿਹਾ ਇਨਕਲਾਬੀ ਨਾਟਕ ਮੇਲਾ 6 ਦਸੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਪ੍ਰਾਇਮਰੀ ਸਕੂਲ ਟਿੱਬਾ ਵਿਖੇ ਹੋਵੇਗਾ ।ਇਸ ਸਬੰਧੀ ਸ਼ਹੀਦ ਊਧਮ ਸਿੰਘ ਲਾਇਬ੍ਰੇਰੀ ਦੇ ਮੈਂਬਰਾਂ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਹ ਇਨਕਲਾਬੀ ਨਾਟਕ ਮੇਲਾ ਸ਼ਹੀਦ- ਏ - ਆਜ਼ਮ ਭਗਤ ਸਿੰਘ ਰਾਜਗੁਰੂ, ਸੁਖਦੇਵ, ਗਦਰੀ ਬਾਬਿਆਂ ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਿਤ ਹੋਵੇਗਾ। ਤਰਕਸ਼ੀਲ ਆਗੂ ਸੁਰਜੀਤ ਟਿੱਬਾ ਨੇ ਦੱਸਿਆ ਕਿ ਇਸ ਨਾਟਕ ਮੇਲੇ ਨੇ ਹੁਣ ਤੱਕ ਅਮਿੱਟ ਪੈੜਾਂ ਪਾਈਆਂ ਹਨ। ਪਿੰਡ ਦੇ ਲੋਕਾਂ, ਐਨਆਰਆਈ ਵੀਰਾਂ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਇੱਕ ਯਾਦਗਾਰੀ ਮੇਲੇ ਦੇ ਰੂਪ ਵਿੱਚ ਇਹ ਮੇਲਾ ਉਭਰਿਆ ਹੈ। ਉਨ੍ਹਾਂ ਦੱਸਿਆ ਕਿ ਡਾਕਟਰ ਸਾਹਿਬ ਸਿੰਘ ਦੀ ਅਦਾਕਾਰ ਮੰਚ ਮੋਹਾਲੀ ਇਸ ਵਾਰ 'ਧੰਨ ਲਿਖਾਰੀ ਨਾਨਕਾ' ਨਾਟਕ ਖੇਡੇਗੀ। ਇਸ ਦੇ ਨਾਲ ਲੋਕ ਪੱਖੀ ਗਾਇਕ ਧਰਮਿੰਦਰ ਮਸਾਣੀ ਇਨਕਲਾਬੀ ਗੀਤ ਪੇਸ਼ ਕਰਨਗੇ ਅਤੇ ਸੁਖਦੇਵ ਮਲੂਕਪੁਰੀ ਜਾਦੂ ਦੇ ਟਰਿੱਕ ਦਿਖਾਉਣਗੇ।ਕਿਤਾਬਾਂ ਦਾ ਸਟਾਲ ਵੀ ਲੱਗੇਗਾ।ਇਸ ਮੌਕੇ ਜਸਵਿੰਦਰ ਸਿੰਘ ,ਦਲਵਿੰਦਰ ਸਿੰਘ ਸਰਪੰਚ, ਮਾ. ਜਸਵਿੰਦਰ ਸਿੰਘ, ਮਾ. ਮਨਪ੍ਰੀਤ ਸਿੰਘ, ਡਾਕਟਰ ਸਤਬੀਰ ਸਿੰਘ, ਸੰਤੋਖ ਸਿੰਘ , ਮਨਜਿੰਦਰ ਸਿੰਘ, ਮਦਨ ਲਾਲ ਕੰਡਾ, ਸਨੀ- ਮਨੀ,ਰਾਜਵਿੰਦਰ ਸਿੰਘ ਬੱਬੂ , ਗੁਰਪ੍ਰੀਤ ਸਿੰਘ ਸਾਬੀ ਹਾਜਰ ਸਨ।

## ਸਾਲਾਨਾ ਖੇਡ ਦਿਵਸ ਮਨਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**—ਵੁੱਡਬਰੀ ਇੰਟਰਨੈਸ਼ਨਲ ਪਬਲਿਕ ਸਕੂਲ ਭੋਗਪੁਰ ਵੱਲੋਂ ਸਾਲਾਨਾ ਖੇਡ ਦਿਵਸ ਮਨਾਇਆ ਗਿਆ।ਇਸ ਮੌਕੇ ਬੱਚਿਆਂ ਦੇ ਬੈਕਵਰਡ ਰੇਸ, ਰਿਲੇਅ ਰੇਸ, ਹਾਈ ਜੰਪ ਰੇਸ ,ਥ੍ਰੀ ਲੇਗ ਰੇਸ ਅਤੇ ਰੱਸਾਕੱਸ਼ੀ ਆਦਿ ਦੇ ਮੁਕਾਬਲੇ ਕਰਵਾਏ ਗਏ। ਜੇਤੂਆਂ ਨੂੰ ਖੇਡਾਂ ਪ੍ਰਤੀ ਹੋਰ ਉਤਸ਼ਾਹਿਤ ਕਰਨ ਲਈ ਇਨਾਮ ਤੇ ਮੈਡਲ ਦਿੱਤੇ ਗਏ। ਇਸ ਮੌਕੇ ਚੇਅਰਮੈਨ ਇੰਜੀਨੀਅਰ ਸੁਖਵਿੰਦਰ ਸਿੰਘ ਅਤੇ ਚੇਅਰਪਰਸਨ ਮਿਸਜ਼ ਪਰਮਜੀਤ ਕੌਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਡਾਇਰੈਕਟਰ ਮਿਸ ਮਨਜਿੰਦਰ ਕੌਰ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੀ ਸਿਹਤ ਵੱਲ ਧਿਆਨ ਦੇਣ ਲਈ ਵੀ ਪ੍ਰੇਰਿਤ ਕੀਤਾ।

## 30 ਤੱਕ ਮਨਾਇਆ ਜਾਵੇਗਾ ਵਿਸ਼ੇਸ਼ ਟੀਕਾਕਰਨ ਹਫਤਾ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ )**—ਬਲਾਕ ਹਾਰਟਾ ਬੱਡਲਾ ਸਿਹਤ ਵਿਭਾਗ ਪੰਜਾਬ ਦੇ ਹੁਕਮਾਂ ਅਤੇ ਸਿਵਲ ਸਰਜਨ ਡਾ.ਪਵਨ ਕੁਮਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬਲਾਕ ਹਾਰਟਾ ਵਿਖੇ ਮਿਤੀ 25 ਨਵੰਬਰ ਤੋਂ 30 ਨਵੰਬਰ 2024 ਤੱਕ ਵਿਸ਼ੇਸ਼ ਟੀਕਾਕਰਨ ਹਫਤਾ ਮਨਾਇਆ ਜਾ ਰਿਹਾ ਹੈ। ਬੱਚਿਆਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ.ਕੁਲਵੰਤ ਰਾਏ ਨੇ ਦੱਸਿਆ ਕਿ ਇਸ ਵਿਸ਼ੇਸ਼ ਟੀਕਾਕਰਨ ਹਫਤੇ ਦੌਰਾਨ ਪ੍ਰਵਾਸੀ ਪਰਵਾਰਾਂ ਦੇ 0-5 ਸਾਲ ਦੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਜਿੰਨ੍ਹਾ ਦਾ ਟੀਕਾਕਰਨ ਕਿਸੇ ਕਾਰਣ ਕਰਕੇ ਅਧੂਰਾ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਬੱਚੇ ਦਾ ਕੋਈ ਟੀਕਾ ਨਹੀਂ ਵੀ ਰਹਿੰਦਾ ਤਾਂ ਆਪਣੇ 0-5 ਤੱਕ ਦੇ ਬੱਚਿਆਂ ਨੂੰ ਵਿਟਾਮਿਨ-ਏ ਦੀ ਖੁਰਾਕ ਜ਼ਰੂਰ ਪਿਲਾਉਣ ਕਿਉਂਕਿ ਡੇਢ ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਹਰ 6 ਮਹੀਨੇ ਦੇ ਵਕਫੇ 'ਤੇ ਵਿਟਾਮਿਨ-ਏ ਦੀ ਖੁਰਾਕ ਪਿਲਾਉਣੀ ਬਹੁਤ ਜਰੂਰੀ ਹੈ ਜੋ ਕਿ ਅੱਖਾਂ ਦੀ ਰੋਸ਼ਨੀ ਲਈ ਬਹੁਤ ਲਾਹੇਵੰਦ ਹੈ।

## ਬੱਚਾਜੀਵੀ ਨੇ ਲਾਇਨ ਆਸ਼ੂ ਮਾਰਕੰਡਾ ਦੇ ਦਫ਼ਤਰ ਦਾ ਕੀਤਾ ਦੌਰਾ

**ਫਗਵਾੜਾ (ਡਾ. ਰਮਨ)**-ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਗਵਰਨਰ ਲਾਇਨ ਰਸ਼ਪਾਲ ਸਿੰਘ ਬੱਚਾਜੀਵੀ ਨੇ ਰੀਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਦੇ ਸੁਭਾਸ਼ ਨਗਰ ਸਥਿਤ ਦਫਤਰ ਚਿਰਾਗ ਐਸੋਸੀਏਟਸ ਦਾ ਦੌਰਾ ਕੀਤਾ। ਇਸ ਦੌਰਾਨ ਦੋਵਾਂ ਲਾਇਨਜ਼ ਅਹੁਦੇਦਾਰਾਂ ਵਿਚਾਲੇ ਦਸੰਬਰ ਮਹੀਨੇ ਦੇ ਪ੍ਰਾਜੈਕਟਾਂ ਸਬੰਧੀ ਵਿਚਾਰਾਂ ਹੋਈਆਂ।ਮਾਰਕੰਡਾ ਨੇ ਦੱਸਿਆ ਕਿ ਦਸੰਬਰ ਮਹੀਨੇ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਹ ਕੈਲੰਡਰ ਵਰ੍ਹੇ ਦਾ ਆਖਰੀ ਮਹੀਨਾ ਹੈ। ਜਿਸ ਵਿੱਚ ਕ੍ਰਿਸਮਸ ਅਤੇ ਨਵੇਂ ਸਾਲ ਵਰਗੇ ਆਯੋਜਨ ਅਤੇ ਸਰਦੀ ਦਾ ਪੂਰਾ ਜ਼ੋਰ ਰਹਿੰਦਾ ਹੈ। ਇਸ ਲਈ ਮੀਟਿੰਗ ਵਿੱਚ ਲਾਇਨਜ਼ 321-ਡੀ ਦੀਆਂ ਸਾਰੀਆਂ ਕਲੱਬਾਂ ਨੂੰ ਜਿਨ੍ਹਾਂ ਪ੍ਰੋਜੈਕਟਾਂ ਲਈ ਪ੍ਰੇਰਿਤ ਕੀਤਾ ਜਾਣਾ ਹੈ, ਉਨ੍ਹਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਬੱਚਾਜੀਵੀ ਨੇ ਕਿਹਾ ਕਿ ਠੰਢ ਦੇ ਮੌਸਮ ਵਿੱਚ ਗਰੀਬ ਵਰਗ ਦੇ ਲੋਕਾਂ ਨੂੰ ਠੰਢ ਤੋਂ ਬਚਣ ਲਈ ਕਾਫੀ ਜੱਦੋ-ਜਹਿਦ ਕਰਨੀ ਪੈਂਦੀ ਹੈ। ਇਸ ਲਈ ਇਹ ਕੋਸ਼ਿਸ਼ ਰਹੇਗੀ ਕਿ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਜੁਰਾਬਾਂ, ਬੂਟ ਅਤੇ ਸਵੈਟਰ ਆਦਿ ਵੰਡੇ ਜਾਣ। ਇਸ ਤੋਂ ਇਲਾਵਾ ਸਮੂਹ ਲਾਇਨਜ਼ ਕਲੱਬਾਂ ਨੂੰ ਝੁੱਗੀਆਂ ਵਿੱਚ ਰਹਿਣ ਵਾਲੇ ਗਰੀਬ ਲੋਕਾਂ ਨੂੰ ਗਰਮ ਕੰਬਲ ਵਰਗੀਆਂ ਜ਼ਰੂਰੀ ਚੀਜ਼ਾਂ ਭੇਂਟ ਕਰਨ ਲਈ ਵੀ ਪ੍ਰੇਰਿਤ ਕੀਤਾ ਜਾਵੇਗਾ। ਇਸੇ ਵਿਸ਼ੇ 'ਤੇ ਰੀਜ਼ਨ ਚੇਅਰਮੈਨ ਆਸ਼ੂ ਮਾਰਕੰਡਾ ਨਾਲ ਵਿਚਾਰ ਚਰਚਾ ਕੀਤੀ ਗਈ ਹੈ ਤਾਂ ਜੋ ਇਸ ਸੁਨੇਹਾ ਰੀਜਨ ਦੀਆਂ ਸਾਰੀਆਂ ਕਲੱਬਾਂ ਤੱਕ ਪਹੁੰਚਾਇਆ ਜਾ ਸਕੇ।

## ਹੈਰੋਇਨ ਸਮੇਤ ਕਾਬੂ

**ਬੰਗਾ (ਅਵਤਾਰ ਕਲੇਰ)**— ਥਾਣਾ ਮੁਕੰਦਪੁਰ ਏ ਐਸ ਆਈ ਸੰਦੀਪ ਸਿੰਘ ਸਮੇਤ ਪੁਲਸ ਪਾਰਟੀ ਨੇ ਇਕ ਵਿਅਕਤੀ ਨੂੰ 5 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ । ਪੁਲਸ ਪਾਰਟੀ ਮੁਕੰਦਪੁਰ ਤੋਂ ਪਿੰਡ ਸਰਹਾਲ ਕਾਜੀਆਂ ਨੂੰ ਜਾ ਰਹੀ ਸੀ ਕਿ ਜਦੋਂ ਪੁਲਸ ਪਾਰਟੀ ਗੇਟ ਸੂਆ ਪੁਲੀ ਸਾਧਪੁਰ ਪਾਸ ਪੁੱਜੀ ਤਾਂ ਪਿੰਡ ਸਾਧਪੁਰ ਸਾਇਡ ਤੋਂ ਇੱਕ ਵਿਅਕਤੀ ਨੂੰ ਪੁਲਸ ਨੇ ਕਾਬੂ ਕਰਕੇ ਨਾਂਅ ਤੇ ਪਤਾ ਪੁੱਛਿਆ ਜਿਸ ਨੇ ਆਪਣਾ ਨਾਂਅ ਬਲਵੰਤ ਸਿੰਘ ਉਰਫ ਬੰਤੂ ਪੁੱਤਰ ਕੁਲਵਿੰਦਰ ਸਿੰਘ ਵਾਸੀ ਚੱਕ ਮਾਈ ਦਾਸ ਥਾਣਾ ਬਹਿਰਾਮ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੱਸਿਆ। ਇਸ ਨੌਜਵਾਨ ਤੋਂ 05 ਗ੍ਰਾਮ ਹੈਰੋਇਨ ਬਰਾਮਦ ਹੋਈ ਜਿਸ ਨੂੰ ਗ੍ਰਿਫਤਾਰ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਬਘਾਣਾ ਦੀ ਨਵੀਂ ਬਣੀ ਪੰਚਾਇਤ ਨੇ ਸੜਕ ਦੀ ਕੀਤੀ ਮੁਰੰਮਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**=ਪਿੰਡ ਬਘਾਣਾ ਤੋਂ ਰਿਹਾਣਾ ਜੱਟਾਂ ਨੂੰ ਜਾਂਦੀ ਸੜਕ 'ਤੇ ਥਾਂ ਥਾਂ 'ਤੇ ਡੂੰਘੇ ਪਏ ਟੋਇਆਂ ਨੂੰ ਕੰਕਰੀਟ ਭਰ ਕੇ ਪਿੰਡ ਬਘਾਣਾ ਦੀ ਨਵੀਂ ਬਣੀ ਪੰਚਾਇਤ ਨੇ ਬਹੁਤ ਹੀ ਸ਼ਲਾਘਾ ਯੋਗ ਕੰਮ ਕੀਤਾ ਹੈ। ਪੀ ਡਬਲਯੂ ਵਿਭਾਗ ਦੇ ਅਧਿਕਾਰੀ ਰਾਜੀਵ ਉਪੱਲ ਐਸਡੀਓ ਅਤੇ ਜੇਈ ਜਤਿੰਦਰ ਸਿੰਘ ਵੱਲੋਂ ਵੀ ਪੰਚਾਇਤ ਨੂੰ ਵਿਕਾਸ ਦੇ ਕੰਮ ਲਈ ਪੂਰਾ ਸਹਿਯੋਗ ਦਿੱਤਾ ਗਿਆ ।ਇਹ ਸੜਕ ਪਿੰਡ ਬਘਾਣਾ ਤੋਂ ਰਿਹਾਣਾ ਜੱਟਾਂ ਲਿੰਕ ਰੋਡ ਹੁਸ਼ਿਆਰਪੁਰ-ਫਗਵਾੜਾ ਮੇਨ ਰੋਡ ਨਾਲ ਜੋੜਦੀ ਹੈ ।ਇਸ ਸੜਕ ਦੀ ਹਾਲਤ ਬਹੁਤ ਨਾਜ਼ੁਕ ਸੀ ਅਤੇ ਥਾਂ ਥਾਂ 'ਤੇ ਡੂੰਘੇ ਟੋਏ ਪਏ ਸਨ ਤੇ ਕਿਸੇ ਵਕਤ ਵੀ ਕੋਈ ਐਕਸੀਡੈਂਟ ਜਾਂ ਜਾਨੀ ਜਾਂ ਮਾਲੀ ਨੁਕਸਾਨ ਹੋ ਸਕਦਾ ਸੀ। ਇਹ ਸੜਕ ਤੋਂ ਲੋਕ ਕਾਫ਼ੀ ਪਿੰਡਾਂ ਨੂੰ ਜਾਂਦੇ ਸਨ ਪਰ ਇਸ ਸੜਕ ਤੋਂ ਲੋਕਾਂ ਦਾ ਲੰਘਣਾ ਕਾਫੀ ਮੁਸ਼ਕਲ ਹੋ ਗਿਆ ਸੀ । ਪਿੰਡ ਬਘਾਣਾ ਦੀ ਨਵੀਂ ਪੰਚਾਇਤ ਨੇ ਨਵੇਂ ਕੰਮਾਂ ਦੀ ਸ਼ੁਰੂਆਤ ਇਸ ਭਲਾਈ ਦੇ ਕੰਮ ਤੋਂ ਕੀਤੀ। ਇਸ ਮੌਕੇ ਸਰਪੰਚ ਬਲਵਿੰਦਰ ਸਿੰਘ ਬਘਾਣਾ, ਸਚਿਨ ਕੁਮਾਰ ਪੰਚ, ਬਲਵਿੰਦਰ ਸਿੰਘ ਪੰਚ, ਰਾਮ ਲੁਭਾਇਆ ਪੰਚ, ਡਾਕਟਰ ਪਿੰਕੀ ਪੰਚ ਅਮਰ ਜੀਤ ਕੁਮਾਰ , ਰਮਨਜੀਤ ਸਿੰਘ ਕਾਲਾ ਫੌਜੀ ਬਲਦੇਵ ਸਿੰਘ, ਫੌਜੀ ਬਲਵਿੰਦਰ ਸਿੰਘ, ਅਮਨਦੀਪ ਪੱਬੀ, ਗੁਰਮੇਲ ਸਿੰਘ, ਗੁਰਮੀਤ ਸਿੰਘ, ਗੁਰਮੀਤ ਰਾਮ ਆਦਿ ਹਾਜ਼ਰ ਸਨ।

## ਰਾਜਾ ਨੇ ਗਲੀ ਦੇ ਨਿਰਮਾਣ ਕਾਰਜ ਦਾ ਕੀਤਾ ਉਦਘਾਟਨ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਓਂਕਾਰ ਸਿੰਘ)** - ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਦੇ ਵਿਕਾਸ ਨੂੰ ਵੀ ਪਹਿਲ ਦਿੱਤੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਬਿਜਲੀ ਘਰ ਕਲੋਨੀ ਟਾਂਡਾ ਵਿਖੇ ਵਿਖੇ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ। ਉਹਨਾਂ ਨਾਲ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਵਾਰਡ ਕੌਂਸਲਰ ਮੰਜੂ ਬਾਲਾ, ਕੌਂਸਲਰ ਹਰਕ੍ਰਿਸ਼ਨ ਸੈਣੀ, ਸੋਨੂ ਖੰਨਾ , ਜੋਤੀ ਖੰਨਾ, ਪ੍ਰੇਮ ਪਡਵਾਲ ਸੁਰਿੰਦਰ ਸਿੰਘ ਭਾਟੀਆ ਵੀ ਹਾਜ਼ਰ ਸਨ।ਉਹਨਾਂ ਕਰੀਬ 11.30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਗਲੀ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਵਿਧਾਇਕ ਵਾਰਡ ਵਾਸੀਆਂ ਦੀਆਂਮੁਸ਼ਕਿਲਾਂ ਵੀ ਸੁਣੀਆਂ ਅਤੇ ਇਹਨਾਂ ਮੁਸ਼ਕਿਲਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ।ਇਸ ਮੌਕੇ ਐਸ.ਓ ਗੁਰਵਿੰਦਰ ਸਿੰਘ, ਸੈਨਟਰੀ ਇੰਸਪੈਕਟਰ ਅਜੇ ਸੈਣੀ,ਨਿਖਲੇਸ਼ ਜਸਰਾ, ਰਾਹੁਲ ਖੰਨਾ ਕਾਰਜਕਾਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ, ਬਾਬਾ ਸੁਖਜਿੰਦਰ ਸਿੰਘ, ਸਾਬਕਾ ਸਰਪੰਚ ਬਚਿੱਤਰ ਸਿੰਘ, ਓਮ ਪ੍ਰਕਾਸ਼ ਤਾਓ ਜੀ, ਸੂਰਜ ਸਿੰਘ, ਜਤਿੰਦਰ ਸਿੰਘ ਭਾਟੀਆ ,ਡਾ. ਸਤਨਾਮ ਸਿੰਘ ,ਸਹਿਜ ਵੀਰ ਸਿੰਘ ,ਦਲਜੀਤ ਕੌਰ, ਮਨਦੀਪ ਕੌਰ ,ਥਾਣੇਦਾਰ ਹਰਬੰਸ ਸਿੰਘ ਦਰਸ਼ਨ ਕੁਮਾਰ, ਮਨਜੀਤ ਸਿੰਘ, ਠੇਕੇਦਾਰ ਮਨੀਸ਼ ਕੁਮਾਰ ਵੀ ਮੌਜੂਦ ਸਨ।

**ਲੋਕਲ ਬਾਡੀਜ਼ ਚੋਣਾਂ**

## ਦਸੰਬਰ 'ਚ ਸਾਰੀ ਪ੍ਰਕਿਰਿਆ ਹੋਵੇਗੀ ਮੁਕੰਮਲ : ਡਾ. ਰਵਜੋਤ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਜ਼ਿਮਨੀ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਵਿਕਾਸ ਦੇ ਏਜੰਡੇ 'ਤੇ ਮੋਹਰ ਲਾਉਂਦਿਆਂ ਪਾਰਟੀ ਦੇ ਸਿਰ ਜਿੱਤ ਦਾ ਸਿਹਰਾ ਬੰਨ੍ਹਿਆ ਹੈ। ਉਨ੍ਹਾਂ ਕਿਹਾ ਕਿ ਲੋਕਲ ਬਾਡੀਜ਼ ਦੀਆਂ ਚੋਣਾਂ ਲਈ ਦਸੰਬਰ ਵਿਚ ਸਮੁੱਚੀ ਪ੍ਰਕਿਰਿਆ ਮੁਕੰਮਲ ਹੋ ਜਾਵੇਗੀ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ, ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਤੋਂ ਇਲਾਵਾ ਸਿਵਲ ਸਰਜਨ ਡਾ. ਪਵਨ ਸ਼ਗੋਤਰਾ, ਸਹਾਇਕ ਸਿਵਲ ਸਰਜਨ ਡਾ. ਕਮਲੇਸ਼, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਬੰਸ ਕੌਰ, ਡੀ.ਆਈ.ਓ. ਡਾ. ਸੀਮਾ ਗਰਗ, ਡੀ.ਐਫ.ਪੀ.ਓ. ਡਾ. ਅਨੀਤਾ, ਡੀ.ਐਚ.ਓ. ਡਾ. ਜਤਿੰਦਰ ਭਾਟੀਆ, ਐਸ.ਐਮ.ਓ. ਡਾ. ਸਵਾਤੀ ਅਤੇ ਡਾ. ਕੁਲਦੀਪ ਸਿੰਘ ਵੀ ਮੌਜੂਦ ਸਨ।

## ਟੀ ਈ ਚੰਡੀਗੜ੍ਹ ਕ੍ਰਿਕਟ ਲੀਗ : ਬੀਸੋਲਵਰ ਤੇ ਸਪਿਟਫਾਇਰ ਕਵਾਰਟਰ ਫਾਈਨਲ 'ਚ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਸਮਾਰਟਡਾਟਾ ਐਂਟਰਪਰਾਈਜ਼ਿਜ਼ ਟੀਈ ਚੰਡੀਗੜ੍ਹ ਕ੍ਰਿਕੇਟ ਲੀਗ 2024 ਆਪਣੇ ਸ਼ੀਖਰ 'ਤੇ ਪਹੁੰਚ ਚੁੱਕੀ ਹੈ। 18 ਟੀਮਾਂ ਦੇ ਵਿਚਕਾਰ ਹੋਏ ਤਿੱਖੇ ਮੁਕਾਬਲੇ ਤੋਂ ਬਾਅਦ, 12 ਸਰਵੋਤਮ ਟੀਮਾਂ ਨੇ ਦੂਜੇ ਚਰਨ ਵਿੱਚ ਆਪਣੀ ਜਗ੍ਹਾ ਬਣਾਈ।ਤੀਜੇ ਦਿਨ ਦੋਵੇਂ ਗ੍ਰਾਊਂਡਾਂ 'ਤੇ ਲੀਗ ਰਾਊਂਡ ਅਤੇ ਸੁਪਰ ਲੀਗ ਰਾਊਂਡ ਦੇ ਮੁਕਾਬਲੇ ਖੇਡੇ ਗਏ। ਆਪਣੇ ਮੈਚ ਜਿੱਤ ਕੇ ਬੀਸੋਲਵਰ ਅਤੇ ਸਪਿਟਫਾਇਰ ਕਵਾਰਟਰ ਫਾਈਨਲ ਵਿੱਚ ਪਹੁੰਚਣ ਵਾਲੀਆਂ ਪਹਿਲੀਆਂ ਟੀਮਾਂ ਬਣੀਆਂ।ਮੁੱਖ ਸਕੋਰ ਅਤੇ ਹਾਈਲਾਈਟਸ: ਹਰਟੈਕ ਇੰਡੀਅੰਸ ਨੇ ਟੈਲੈਂਟੇਲਜੀਆ ਸਮੈਸ਼ਰਜ਼ ਦੇ 170 ਰਨਾਂ ਦਾ ਪਿੱਛਾ 10.3 ਓਵਰ ਵਿੱਚ ਕਰਦੇ ਹੋਏ 7 ਵਿਕਟਾਂ ਨਾਲ ਜਿੱਤ ਦਰਜ ਕੀਤੀ। ਇਸ ਸ਼ਾਨਦਾਰ ਪ੍ਰਦਰਸ਼ਨ ਨੇ ਹਰਟੈਕ ਨੂੰ ਦੂਜੇ ਚਰਨ ਵਿੱਚ ਜਗ੍ਹਾ ਬਣਾਉਣ ਵਿੱਚ ਮਦਦ ਕੀਤੀ।ਸਮਾਰਟਡਾਟਾ ਐਂਟਰਪਰਾਈਜ਼ਿਜ਼ ਨੇ ਸਿਗਨੀਟੀ ਸੋਲੂਸ਼ਨਜ਼ ਨੂੰ ਆਖਰੀ ਓਵਰ ਤੱਕ ਚਲੇ ਰੋਮਾਂਚਕ ਮੁਕਾਬਲੇ ਵਿੱਚ 5 ਰਨਾਂ ਨਾਲ ਹਰਾ ਦਿੱਤਾ। ਦੋਹਾਂ ਟੀਮਾਂ ਨੇ ਉੱਚ ਪੱਧਰ ਦੀ ਮੁਕਾਬਲਾਪ੍ਰਸਤੀ ਦਿਖਾਈ।ਲੀਡਿੰਗ ਏਜ ਇੰਫੋ ਸੋਲੂਸ਼ਨਜ਼ ਨੇ ਬਲੂਬੈਸ਼ ਨੂੰ 7 ਵਿਕਟਾਂ ਨਾਲ ਹਰਾਉਂਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬੀਸੋਲਵਰ ਨੇ ਮਾਸਟਰ ਟ੍ਰਸਟ ਦੇ 151 ਰਨਾਂ ਦਾ ਪਿੱਛਾ ਸਿਰਫ 13 ਓਵਰ ਵਿੱਚ ਕਰਕੇ ਜਿੱਤ ਹਾਸਲ ਕੀਤੀ। ਸਾਈਬਰੇਨ ਸੌਫਟਵੇਅਰ ਸੋਲੂਸ਼ਨਜ਼ ਅਤੇ ਵੈਬੋਮੇਜ਼ ਨੇ ਆਪਣੇ-ਆਪਣੇ ਮੁਕਾਬਲਿਆਂ ਵਿੱਚ 9 ਵਿਕਟਾਂ ਨਾਲ ਜਿੱਤ ਦਰਜ ਕੀਤੀ। ਤਿੱਖੇ ਮੁਕਾਬਲਿਆਂ ਤੋਂ ਬਾਅਦ, 12 ਟੀਮਾਂ ਅਗਲੇ ਰਾਊਂਡ ਵਿੱਚ ਪਹੁੰਚ ਚੁੱਕੀਆਂ ਹਨ।ਸੁਪਰ ਲੀਗ ਮੁਕਾਬਲਿਆਂ ਵਿੱਚ ਆਪਣਾ ਦੋਵੇਂ ਮੈਚ ਹਾਰਣ ਤੋਂ ਬਾਅਦ, ਮਾਸਟਰ ਟ੍ਰਸਟ ਸੁਪਰ ਲੀਗ ਰਾਊਂਡ ਤੋਂ ਬਾਹਰ ਹੋਣ ਵਾਲੀ ਪਹਿਲੀ ਟੀਮ ਬਣੀ।

## ਸਰਕਾਰੀ ਸਕੂਲ ਲੱਖਪੁਰ ਵਿਖੇ ਲਗਾਇਆ ਵੋਟਰ ਸੂਚੀ ਸੁਧਾਈ ਸੰਬੰਧੀ ਦੋ ਰੋਜ਼ਾ ਕੈਂਪ



**ਫਗਵਾੜਾ (ਡਾ. ਰਮਨ)** ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01.01.2025 ਦੇ ਅਧਾਰ ਤੇ ਵੋਟਰ ਸੂਚੀਆਂ ਦੀ ਸੁਧਾਈ ਦੀ ਮੁਹਿਮ ਨੂੰ ਅੱਗੇ ਤੋਰਦੇ ਹੋਏ ਉਪ ਮੰਡਲ ਮੈਜਿਸਟ੍ਰੇਟ ਕਮ ਚੋਣਕਾਰ ਰਜਿਸਟ੍ਰੇਸ਼ਨ ਫਗਵਾੜਾ-29 ਚੋਣ ਅਫਸਰ ਜਸ਼ਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਫਗਵਾੜਾ ਦੇ ਪਿੰਡ ਲੱਖਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਥਿਤ ਬੂਥ ਨੰਬਰ 39 ਅਤੇ 40 'ਚ ਦੋ ਰੋਜਾ ਕੈਂਪ ਬੀ.ਐਲ.ਓ. ਪਰਮਜੀਤ ਸਿੰਘ ਅਤੇ ਸਰਬਜੀਤ ਕੁਮਾਰ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਵੋਟਰਾਂ ਦੇ ਦਾਅਵੇ ਤੇ ਇਤਰਾਜ ਪ੍ਰਾਪਤ ਕੀਤੇ ਗਏ। ਬੀ.ਐਲ.ਓਜ. ਨੇ ਦੱਸਿਆ ਕਿ 1 ਜਨਵਰੀ 2025 ਨੂੰ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਅਤੇ ਜਿਹਨਾਂ ਨੇ ਹੁਣ ਤੱਕ ਆਪਣੀ ਵੋਟ ਨਹੀਂ ਬਣਾਈ ਹੈ, ਉਹਨਾਂ ਦੀ ਦਸਤਾਵੇਜੀ ਖਾਨਾਪੂਰਤੀ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਇਹਨਾਂ ਕੈਂਪਾ ਦੌਰਾਨ ਨਵੀਂ ਵੋਟ ਬਨਾਉਣ ਲਈ ਫਾਰਮ ਨੰਬਰ 6 ਜਦਕਿ ਪ੍ਰਵਾਸੀ ਭਾਰਤੀਆਂ ਦੀ ਵੋਟ ਬਨਾਉਣ ਲਈ ਫਾਰਮ ਨੰਬਰ 6-ਏ ਅਤੇ ਵੋਟ ਕਟਵਾਉਣ ਲਈ ਫਾਰਮ ਨੰਬਰ 7, ਵੋਟ ਵੇਰਵਿਆਂ ਵਿਚ ਸੋਧ ਕਰਵਾਉਣ ਲਈ, ਡੁਪਲੀਕੇਟ ਵੋਟਰ ਕਾਰਡ ਲੈਣ, ਰਿਹਾਇਸ਼ੀ ਪਤਾ ਬਦਲਣ ਲਈ ਅਤੇ ਪੀ.ਡਬਲਯੂ.ਡੀ. ਮਾਰਕ ਕਰਵਾਉਣ ਲਈ ਫਾਰਮ ਨੰਬਰ 8 ਭਰ ਕੇ ਦਿੱਤੇ ਗਏ ਹਨ, ਤਾਂ ਜੋ ਉਹਨਾਂ ਦਾ ਨਾਂਅ ਸੁਧਾਈ ਤੋਂ ਬਾਅਦ ਪ੍ਰਕਾਸ਼ਿਤ ਹੋਣ ਵਾਲੀਆਂ ਅਗਲੀਆਂ ਵੋਟਰ ਸੂਚੀਆਂ ਵਿਚ ਸ਼ਾਮਲ ਕੀਤਾ ਜਾ ਸਕੇ ਅਤੇ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਯੋਗ ਹੋ ਸਕਣ। ਉਹਨਾਂ ਦੱਸਿਆ ਕਿ ਇਹ ਫਾਰਮ ਮੋਬਾਇਲ ਐਪ ਜਾਂ ਫਾਰਮ ਪੋਰਟਲ ਰਾਹੀਂ ਆਨਲਾਈਨ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।

ਵਧੇਰੇ ਜਾਣਕਾਰੀ ਲਈ ਟੋਲ ਫਰੀ ਨੰਬਰ 1950 'ਤੇ ਦਫਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਮੇਜਰ ਸਿੰਘ, ਮੇਹਰ ਚੰਦ, ਜਤਿੰਦਰ ਸਿੰਘ, ਅਸ਼ੋਕ ਕੁਮਾਰ, ਦਵਿੰਦਰ ਸਿੰਘ, ਅਵਤਾਰ ਸਿੰਘ, ਵਿਜੇ ਕੁਮਾਰ, ਗੁਰਮੀਤ ਸਿੰਘ, ਮਹਿੰਦਰ ਸਿੰਘ, ਜਸਵਿੰਦਰ ਸਿੰਘ, ਕੁਲਵੰਤ ਸਿੰਘ ਆਦਿ ਹਾਜਰ ਸਨ।

## ਹੁਨਰਮੰਦ ਕਿਰਤੀ ਪੀ ਐੱਮ ਵਿਸ਼ਵਕਰਮਾ ਯੋਜਨਾ ਦਾ ਲਾਭ ਲੈਣ : ਡੀ ਐੱਲ ਐੱਸ ਏ




**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ ਨੇ ਇੱਥੇ ਜਾਗਰੂਕਤਾ ਕੈਂਪ ਦੌਰਾਨ ਦੱਸਿਆ ਕਿ 'ਪ੍ਰਧਾਨ ਮੰਤਰੀ ਵਿਸ਼ਵਕਰਮਾ' ਯੋਜਨਾ ਲਈ ਕੇਂਦਰ ਸਰਕਾਰ ਵਲੋਂ ਵਿੱਤੀ ਸਾਲ 2023-24 ਤੋਂ ਵਿੱਤੀ ਸਾਲ 2027-28 ਤੱਕ 13,000 ਕਰੋੜ ਰੁਪਏ ਵਿੱਤੀ ਖਰਚਾ ਰਖਿਆ ਗਿਆ । ਇਸ ਸਕੀਮ ਅਧੀਨ ਪ੍ਰਾਪਤ ਅਰਜ਼ੀਆਂ ਦੀ ਜਾਂਚ ਪੜਤਾਲ ਡਿਪਟੀ ਕਮਿਸ਼ਨਰ ਦੀ ਰਹਿਨੁਮਾਈ ਹੇਠ ਪੀ ਐੱਮ ਵਿਸ਼ਵਕਰਮਾ ਯੋਜਨਾ ਜ਼ਿਲ੍ਹਾ ਇੰਪਲੀਮੈਂਟਿੰਗ ਕਮੇਟੀ ਕਰਦੀ ਹੈ। ਚੁਣੇ ਹੋਏ ਲਾਭਪਾਤਰੀਆਂ ਦੀ 5 ਦਿਨ ਬੇਸਿਕ ਅਤੇ 15 ਦਿਨ ਅਡਵਾਂਸ ਟ੍ਰੇਨਿੰਗ ਹੁੰਦੀ ਹੈ ਅਤੇ ਇਸ ਦੌਰਾਨ ਉਨ੍ਹਾਂ ਨੂੰ ਵਜੀਫਾ ਵੀ ਮਿਲਦਾ ਹੈ। ਡੀ ਐੱਲ ਐੱਸ ਏ ਦੇ ਪੀ ਐੱਲ ਵੀ ਬਲਦੇਵ ਭਾਰਤੀ ਨੇ ਦੱਸਿਆ ਕਿ ਇਸ ਸਕੀਮ ਅਧੀਨ 18 ਵੱਖ ਵੱਖ ਤਰ੍ਹਾਂ ਤੇ ਕਿੱਤਿਆਂ ਦੇ ਹੁਨਰਮੰਦ ਜਿਵੇਂ ਕਿ ਤਰਖਾਣ, ਘੁਮਿਆਰ, ਨਾਈ, ਧੋਬੀ, ਦਰਜੀ, ਲੁਹਾਰ, ਪਲੰਬਰ, ਮਾਲਾਕਾਰ, ਰਾਜ ਮਿਸਤਰੀ, ਮੋਚੀ, ਜੁੱਤੀਆਂ ਬਣਾਉਣ ਵਾਲੇ, ਰਾਜ ਮਿਸਤਰੀ, ਪੱਥਰ ਦੇ ਮੂਰਤੀਕਾਰ, ਟੋਕਰੀਆਂ ਬਣਾਉਣ ਵਾਲੇ, ਝਾੜੂ ਬਣਾਉਣ ਵਾਲੇ, ਕਿਸ਼ਤੀ ਨਿਰਮਾਤਾ, ਖਿਡੌਣੇ ਬਣਾਉਣ ਵਾਲੇ, ਸੁਨਿਆਰ, ਮਿੱਟੀ ਦੇ ਭਾਂਡੇ ਬਣਾਉਣ ਵਾਲੇ ਹੇਅਰ ਕਟਿੰਗ ਵਾਲੇ , ਮਾਲਾ ਬਣਾਉਣ ਵਾਲੇ ਅਤੇ ਤਾਲੇ ਬਣਾਉਣ ਵਾਲੇ ਆਦਿ ਲਾਭ ਲੈ ਸਕਦੇ ਹਨ। ਇਸ ਲਾਭ ਵਿੱਚ ਟ੍ਰੇਨਿੰਗ, ਟੂਲ ਕਿੱਟ ਲਈ 15000/- ਰੁ. ਅਤੇ ਰਿਆਇਤੀ ਵਿਆਜ ਦਰਾਂ ਤੇ ਪਹਿਲਾਂ 1 ਲੱਖ ਰੁਪਏ ਅਤੇ ਕਰਜ਼ਾ ਵਾਪਿਸ ਕਰਨ ਉਪਰੰਤ 2 ਲੱਖ ਰੁਪਏ ਦਾ ਕਰਜ਼ਾ ਸ਼ਾਮਲ ਹਨ । ਇਸ ਸਕੀਮ ਦਾ ਲਾਭ ਉਠਾਉਣ ਦੇ ਇੱਛੁਕ ਵਿਅਕਤੀ ਆਪਣੇ ਆਧਾਰ ਕਾਰਡ ਅਤੇ ਬੈਂਕ ਖਾਤੇ ਸਮੇਤ ਨਜ਼ਦੀਕੀ ਕਾਮਨ ਸਰਵਿਸ ਸੈਂਟਰ ਵਿਖੇ ਜਾ ਕੇ ਰਜਿਸਟਰੇਸ਼ਨ ਕਰਵਾ ਸਕਦੇ ਹਨ ।

## ਕੈਂਪ 'ਚ ਕੀਤੀ 442 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ



**ਕਰਤਾਰਪੁਰ (ਹਰਮੇਸ਼ ਦੱਤ)** - ਲਾਇਨਜ਼ ਕਲੱਬ ਕਰਤਾਰਪੁਰ ਦੇ ਮੁਖੀ ਲਾਇਨ ਐਡਵੋਕੇਟ ਸ਼ਿਵ ਕੁਮਾਰ ਵਰਮਾ ਦੀ ਦੇਖ-ਰੇਖ ਹੇਠ ਸ਼੍ਰੀ ਗੁਰੂ ਵਿਰਜਾਨੰਦ ਗੁਰੂਕੁਲ ਮਹਾਵਿਦਿਆਲਿਆ ਸਮਾਰਕ ਵਿਖੇ ਅੱਖਾਂ ਦਾ ਮੈਗਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ, ਜਿਸ ਦੇ ਪ੍ਰੋਜੈਕਟ ਚੇਅਰਮੈਨ ਡਾ: ਸੁਨੀਲ ਕੁਮਾਰ ਮਦਾਨ ਸਨ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਪੁੱਜੇ, ਜਿਨ੍ਹਾਂ ਦਾ ਲਾਇਨਜ਼ ਕਲੱਬ ਦੇ ਪ੍ਰਧਾਨ ਐਡਵੋਕੇਟ ਸ਼ਿਵ ਕੁਮਾਰ ਵਰਮਾ, ਲਾਇਨ ਸੁਰਜੀਤ ਸਿੰਘ ਵਾਲੀਆ, ਲਾਇਨ ਨੀਰਜ ਸੂਰੀ, ਲਾਇਨ ਨਰੇਸ਼ ਅਗਰਵਾਲ, ਲਾਇਨ ਪ੍ਰਦੀਪ ਅਗਰਵਾਲ ਅਤੇ ਹੋਰ ਅਧਿਕਾਰੀਆਂ ਨੇ ਸਵਾਗਤ ਕੀਤਾ। ਇਸ ਕੈਂਪ ਦਾ ਉਦਘਾਟਨ ਵਿਧਾਇਕ ਬਲਕਾਰ ਸਿੰਘ ਨੇ ਰਿਬਨ ਕੱਟ ਕੇ ਕੀਤਾ, ਉਨ੍ਹਾਂ ਕਿਹਾ ਕਿ ਲਾਇਨਜ਼ ਕਲੱਬ ਕਰਤਾਰਪੁਰ ਸਮਾਜ ਸੇਵਾ ਦਾ ਬਹੁਤ ਵਧੀਆ ਕੰਮ ਕਰ ਰਿਹਾ ਹੈ। ਕੈਂਪ ਵਿੱਚ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਸੁਸਾਇਟੀ ਆਦਮਪੁਰ ਦੇ ਚੇਅਰਮੈਨ ਦਸ਼ਵਿੰਦਰ ਕੁਮਾਰ ਅਤੇ ਕੋ-ਚੇਅਰਮੈਨ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਵਿਸ਼ੇਸ਼ ਮਾਹਿਰ ਡਾਕਟਰਾਂ ਦੀ ਟੀਮ ਨੇ ਭਾਗ ਲਿਆ ਅਤੇ ਕੁੱਲ 442 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਮਰੀਜਾਂ ਦੀਆਂ ਅੱਖਾਂ ਦੇ ਮੁਫਤ ਅਪ੍ਰੇਸ਼ਨ ਲਈ ਲਾਇਨਜ਼ ਆਈ ਹਸਪਤਾਲ ਆਦਮਪੁਰ ਭੇਜ ਦਿੱਤਾ ਗਿਆ।ਇਸ ਮੌਕੇ ਲਾਇਨਜ ਕਲੱਬ ਦੇ ਪ੍ਰਧਾਨ ਸ਼ਿਵ ਕਮਾਰ ਵਰਮਾ,ਭਜਨ ਸਿੰਘ,ਪ੍ਰਦੀਪ ਅਗਰਵਾਲ,ਨਰੇਸ਼ ਅਗਰਵਾਲ,ਭਾਨੂ ਗੁਪਤਾ,ਅਨਿਲ ਵਰਮਾ, ਗੁਰੂਕੁਲ ਹੈੱਡ ਧਰੁਵ ਮਿੱਤਲ, ਪ੍ਰਿੰਸੀਪਲ ਡਾ. ਉਦਯਨ ਆਰੀਆ, ਨੀਰਜ ਸੂਰੀ,ਅਨੀਸ਼ ਅਗਰਵਾਲ,ਪ੍ਰਿੰਸ ਅਰੋੜਾ,ਡਾ. ਸੁਭਾਸ਼ ਸਰਦਾਨਾ, ਨਿਤਿਨ ਅਗਰਵਾਲ,ਯੋਗੇਸ਼ ਸੂਰੀ,ਵਿਮਲ ਜੈਨ ਰਮੇਸ਼ ਸੂਰੀ,ਬਲਵੀਰ ਰਾਣਾ,ਨਰੇਸ਼ ਸੂਰੀ ਕਾਲਾ,ਰਾਹੁਲ ਅਗਰਵਾਲ,ਰਾਜ ਕਮਾਰ ਅਰੋੜਾ,ਮਾਸਟਰ ਅਮਰੀਕ ਸਿੰਘ,ਆਪ ਆਗੂ ਵਰੁਣ ਬਾਵਾ,ਵਿਪਨ ਥਾਪਰ, ਕੌਂਸਲਰ ਜੋਤੀ ਅਰੋੜਾ, ਕੌਂਸਲਰ ਅਮਰਜੀਤ ਕੌਰ,ਵੰਦਨਾ ਸਾਹਨੀ,ਡਾ. ਮੀਨਾਕਸੀ ਮਦਾਨ,ਲਵਲੀ ਜੈਨ,ਅੰਜੂ ਵਰਮਾ,ਸੀਤਲ ਓਹਰੀ, ਸੁਨੈਨਾ ਅਗਰਵਾਲ, ਰੁਚਿਕਾ ਓਹਰੀ ਆਦਿ ਹਾਜ਼ਰ ਸਨ।

## ਕਲਵਿੰਦਰ ਸਿੰਘ ਭਾਰਟਾ ਇੰਡਸਟਰੀਜ਼ ਵਿੰਗ ਪੰਜਾਬ ਦੇ ਚੇਅਰਮੈਨ ਨਿਯੁਕਤ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਰਾਹੋਂ, ਕੁਲਵਿੰਦਰ ਸਿੰਘ ਦੁਰਗਾਪੁਰ)** – ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਭਾਰਤ ਦਾ ਇੱਕ ਵਿਸ਼ੇਸ਼ ਸਮਾਗਮ ਕੌਮੀ ਪ੍ਰਧਾਨ ਆਸਾ ਸਿੰਘ ਅਜ਼ਾਦ ਅਤੇ ਮੈਡਮ ਪਵਨਜੀਤ ਕੌਰ ਮਾਨ ਪ੍ਰਧਾਨ ਮਹਿਲਾ ਵਿੰਗ ਕੌਮੀ, ਸੀਨੀਅਰ ਕੌਂਸਲਰ ਚੇਤ ਰਾਮ ਰਤਨ ਚੇਅਰਮੈਨ ਭਾਰਤ ਦੀ ਪ੍ਰਧਾਨਗੀ ਹੇਠ ਸਥਾਨਕ ਰੈਸਟੋਰੈਂਟ ਵਿਖੇ ਹੋਇਆ। ਜਿਸ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼ ਦੇ ਆਹੁਦੇਦਾਰਾ ਤੋਂ ਇਲਾਵਾ ਬੁਧੀਜੀਵੀ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਸਮਾਜ ਸੇਵੀ ਕਲਵਿੰਦਰ ਸਿੰਘ ਭਾਰਟਾ ਪ੍ਰਧਾਨ ਲੋਕ ਭਲਾਈ ਸੁਸਾਇਟੀ ਲੁਧਿਆਣਾ ਨੂੰ ਪੰਜਾਬ ਇੰਡਸਟਰੀਜ਼ ਵਿੰਗ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਪ੍ਰਧਾਨ ਅਜ਼ਾਦ, ਪ੍ਰਧਾਨ ਮਾਨ, ਐਡਵੋਕੇਟ ਸ਼ਰਮਾ, ਡਾ. ਦੀਪਕ ਕੁਮਾਰ ਪਾਂਡੇ, ਤਰਲੋਚਨ ਸਿੰਘ ਵਿਰਦੀ ਪ੍ਰਧਾਨ , ਮਨਜਿੰਦਰ ਸਿੰਘ ਬੰਗਾ, ਭਾਰਤ ਦੇ ਚੇਅਰਮੈਨ ਰਤਨ ਨੇ ਕਿਹਾ ਕਿ ਨਵ ਨਿਯੁਕਤ ਚੇਅਰਮੈਨ ਭਾਰਟਾ ਨਸ਼ਾ ਛੁਡਾਊ ਰੈਲੀਆਂ, ਮੈਡੀਕਲ ਕੈਂਪ , ਵਾਤਾਵਰਣ ਨੂੰ ਬਚਾਉਣ ਲਈ ਛਾਂਦਾਰ ਅਤੇ ਫਲਦਾਰ ਬੂਟੇ ਲਗਾਉਣ 'ਚ ਵੱਧ ਚੜ੍ਹਕੇ ਭੂਮਿਕਾ ਨਿਭਾਉਂਦੇ ਆ ਰਹੇ ਹਨ। ਡਾ. ਕੁਲਵਿੰਦਰ ਸਿੰਘ ਨੂੰ ਪੰਜਾਬ ਯੂਥ ਵਿੰਗ ਪ੍ਰਧਾਨ ਅਤੇ ਧਾਰਮਿਕ ਸਖਸ਼ੀਅਤ ਬੀਬੀ ਬਲਜੀਤ ਕਾਦਰੀ ਚੇਅਰਪਰਸਨ ਪੰਜਾਬ ਮਹਿਲਾ ਵਿੰਗ, ਮੈਡਮ ਹਰਪ੍ਰੀਤ ਕੌਰ ਮਲਹੋਤਰਾ ਮਹਿਲਾ ਵਿੰਗ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਸ੍ਰੀਮਤੀ ਸਰਬਜੀਤ ਕੌਰ ਪੰਜਾਬ ਚੇਅਰਪਰਸਨ ਐਸ ਸੀ ਵਿੰਗ ਤੋਂ ਇਲਾਵਾ ਸੀਨੀਅਰ ਪੱਤਰਕਾਰ ਅਤੇ ਕੌਂਸਲਰ ਚੇਤ ਰਾਮ ਰਤਨ ਨੂੰ ਵੀ ਨਿਯੁਕਤੀ ਪੱਤਰ ਸੌਂਪੇ ਗਏ।। ਇਸ ਮੌਕੇ ਉੱਤਰ ਪ੍ਰਦੇਸ਼ ਦੇ ਪ੍ਰਧਾਨ ਦੀਪਕ ਪਾਂਡੇ ਅੱਖਾਂ ਦੇ ਮਾਹਿਰ ਡਾਕਟਰ, ਐਡਵੋਕੇਟ ਵਿਕਰਮ ਸ਼ਰਮਾ ਪ੍ਰਧਾਨ ਹਿਮਾਚਲ ਪ੍ਰਦੇਸ਼,ਪੰਜਾਬ ਪ੍ਰਧਾਨ ਆਰ ਟੀ ਆਈ ਵਿੰਗ ਰਮਿੰਦਰ ਸਿੰਘ ਗਿੱਲ , ਐਡਵੋਕੇਟ ਵਿਸ਼ਾਲ ਸ਼ਰਮਾ ਚੇਅਰਮੈਨ ਪੰਜਾਬ ਕਾਨੂੰਨੀ ਅਥਾਰਟੀ, ਮਨਜਿੰਦਰ ਸਿੰਘ ਬੁਲਾਰਾ ਪੰਜਾਬ,ਤਰਲੋਚਨ ਸਿੰਘ ਵਿਰਦੀ ਜ਼ਿਲ੍ਹਾ ਪ੍ਰਧਾਨ ਨਵਾਂਸ਼ਹਿਰ,ਉਪ ਪ੍ਰਧਾਨ ਪੰਜਾਬ ਆਰ ਟੀਮ ਈ ਵਿੰਗ ਇੰਦਰਪਾਲ ਸਿੰਘ , ਬਿਸ਼ਨ ਸਿੰਘ ਕਾਹਮਾ ਸਾਬਕਾ ਇੰਸਪੈਕਟਰ ਪੀ ਪੀ, ਪ੍ਰਿੰਸੀਪਲ ਹਰਦੇਵ ਸਿੰਘ ਬਲਵੀਰ ਸਿੰਘ ਇੰਸਪੈਕਟਰ ਪੰਜਾਬ ਪੁਲਸ, ਸੀਨੀਅਰ ਸੁਪਰਡੈਂਟ ਪੰਜਾਬ ਪੁਲਸ ਬਲਵੀਰ ਸਿੰਘ ਬਾੜੇਵਾਲ ਲੁਧਿਆਣਾ,ਰਾਮ ਕਿਸ਼ਨ ਬੱਗਾ ਲੁਧਿਆਣਾ, ਕੁਲਦੀਪ ਭੂਸ਼ਨ ਖੰਨਾ ਰਾਹੋਂ, ਸੰਜੀਵ ਸੁਰੀਂ ਪੰਚਾਇਤ ਅਫਸਰ ਨਵਾਂਸ਼ਹਿਰ, ਸੰਜੀਵ ਕੁਮਾਰ ਕੈਂਥ, ਡਾ. ਰਾਮ ਸਲੋਹ, ਗਾਇਕ ਸੰਤੋਖ ਦਿਲ ਸਰਪੰਚ ਤਾਜਪੁਰ , ਕਸ਼ਮੀਰ ਲਾਲ ਸਾਬਕਾ ਸਰਪੰਚ ਫਾਬੜ, ਹਰਬੰਸ ਲਾਲ ਮਹਿੰਦੀਪੁਰ ਸਾਬਕਾ ਚੇਅਰਮੈਨ ਅਤੇ ਅਰਸ਼ਦੀਪ ਕੌਰ ਰਤਨ ਆਦਿ ਵੱਡੀ ਗਿਣਤੀ ਵਿੱਚ ਆਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

## ਮਾਨ ਸਰਕਾਰ ਨੇ ਸੂਬੇ 'ਚ ਖੇਡ ਸੱਭਿਆਚਾਰ ਨੂੰ ਪੁਨਰ ਸੁਰਜੀਤ ਕਰਨ 'ਚ ਕੀਤੀ ਪਹਿਲ : ਸੌਂਦ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਇੱਥੇ ਖੇਡਾਂ ਵਤਨ ਪੰਜਾਬ ਦੀਆਂ-2024 ਤਹਿਤ ਰਾਜ ਪੱਧਰੀ ਘੋੜ ਸਵਾਰੀ ਮੁਕਾਬਲਿਆਂ ਦੇ ਇਨਾਮ ਵੰਡ ਸਮਾਰੋਹ ਦੌਰਾਨ ਐਮ ਐਲ ਏ ਅਨਮੋਲ ਗਗਨ ਮਾਨ ਅਤੇ ਸੀਨੀਅਰ ਆਪ ਨੇਤਾ ਗੁਰਪ੍ਰੀਤ ਸਿੰਘ ਜੀ ਪੀ ਸਮੇਤ ਸ਼ਮੂਲੀਅਤ ਕੀਤੀ।ਸੌਂਦ ਨੇ ਇਸ ਮੌਕੇ ਆਖਿਆ ਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿੱਚ ਖੇਡਾਂ ਵਤਨ ਪੰਜਾਬ ਦੀਆਂ ਨਾਲ ਸੂਬੇ 'ਚ ਖੇਡ ਸੱਭਿਆਚਾਰ ਨੂੰ ਪੁਨਰ ਸੁਰਜੀਤ ਕਰਨ 'ਚ ਪਹਿਲਕਦਮੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਲਈ ਹਰ ਤਰ੍ਹਾਂ ਦੀ ਸਹੂਲਤ ਦੇਣ ਲਈ ਵਚਨਬੱਧ ਹੈ, ਜਿਸ ਤਹਿਤ ਉਨ੍ਹਾਂ ਨੂੰ ਏਸ਼ੀਆਈ ਅਤੇ ਉਲੰਪਿਕਸ ਦੀ ਤਿਆਰੀ ਅਤੇ ਅਭਿਆਸ ਲਈ ਨਕਦ ਰਾਸ਼ੀ ਦੇਣ ਤੋਂ ਇਲਾਵਾ ਮੈਡਲ ਜਿੱਤ ਕੇ ਆਉਣ 'ਤੇ ਨਕਦ ਇਨਾਮ ਅਤੇ ਉੱਚ ਸਿਵਲ ਤੇ ਪ੍ਰਸ਼ਾਸਕੀ ਅਹੁਦੇ 'ਤੇ ਤਾਇਨਾਤੀ ਦਿੱਤੀ ਗਈ ਹੈ ਉਨ੍ਹਾਂ ਕਿਹਾ ਕਿ ਘੋੜ ਸਵਾਰੀ ਪਹਿਲੀ ਵਾਰ ਪਿਛਲੇ ਸਾਲ ਤੋਂ ਖੇਡਾਂ ਵਤਨ ਪੰਜਾਬ ਦੀਆਂ ਦਾ ਹਿੱਸਾ ਬਣੀ ਸੀ ਅਤੇ ਇਸ ਵਾਰ ਵੱਖਰੇ-ਵੱਖਰੇ ਇਵੈਂਟਸ ਦੌਰਾਨ ਤਹਿਤ ਰਾਜ ਪੱਧਰੀ ਖੇਡਾਂ ਦੌਰਾਨ ਰਾਜ ਵਿੱਚ ਪਹਿਲੀ ਵਾਰ ਕਰਾਸ ਕੰਟਰੀ ਈਵੈਂਟ ਕਰਵਾਇਆ ਗਿਆ ਜੋ ਕਿ ਪਹਿਲਾਂ ਕੇਵਲ ਕੌਮਾਂਤਰੀ ਅਤੇ ਕੌਮੀ ਪੱਧਰ ਦੇ ਮੁਕਾਬਲਿਆਂ 'ਚ ਹੀ ਹੁੰਦਾ ਹੈ।ਇਨ੍ਹਾਂ ਮੁਕਾਬਲਿਆਂ ਦੌਰਾਨ ਪੀ ਪੀ ਐਸ ਨਾਭਾ, ਵਾਈ ਪੀ ਐਸ ਅਤੇ ਬੁੱਢਾ ਦਲ ਦੇ ਪੇਸ਼ੇਵਰ ਘੋੜ ਸਵਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਐਮ ਐਲ ਏ ਅਨਮੋਲ ਗਗਨ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਉਣ ਦੇ ਯਤਨਾਂ ਤਹਿਤ ਖੇਡਾਂ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਆਪ ਆਗੂ ਗੁਰਪ੍ਰੀਤ ਸਿੰਘ ਜੀ ਪੀ ਨੇ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਆਮਦ ਨਾਲ ਖਿਡਾਰੀਆਂ ਦੇ ਅਤੇ ਪ੍ਰਬੰਧਕਾਂ ਦੇ ਹੌਂਸਲੇ ਬੁਲੰਦ ਹੋਏ ਹਨ। ਇਹਨਾਂ ਖੇਡਾਂ ਦੌਰਾਨ ਘੋੜਸਵਾਰੀ ਦੇ ਵੱਖ-ਵੱਖ ਉਮਰ ਵਰਗ ਅੰਡਰ-14, ਅੰਡਰ-17, ਅੰਡਰ-21 ਅਤੇ ਓਪਨ ਵਰਗ ਦੇ ਖਿਡਾਰੀਆਂ ਅਤੇ ਖਿਡਾਰਨਾਂ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਦੇ ਨਤੀਜੇ ਹੇਠ ਲਿਖੇ ਅਨੁਸਾਰ ਹਨ; ਈਵੈਂਟ: ਕਰਾਸ ਕੰਟਰੀ, ਅੰਡਰ-21, ਵਿੱਚ ਸੁਹਰਸ਼ ਵੱਲੋ ਪਹਿਲਾ ਸਥਾਨ ਅਤੇ ਬੀਰਕੰਵਰ ਸਿੰਘ ਵੱਲੋਂ ਦੂਜਾ ਸਥਾਨ ਹਾਸਲ ਕੀਤਾ ਗਿਆ। ਈਵੈਂਟ: ਕਰਾਸ ਕੰਟਰੀ, 21 ਤੋਂ ਉਪਰ, ਸੰਦੀਪ ਸਿੰਘ ਵੱਲੋ ਪਹਿਲਾ ਸਥਾਨ, ਗੁਰਤੇਜ ਸਿੰਘ ਵੱਲੋ ਦੂਜਾ ਸਥਾਨ ਅਤੇ ਸੁਖਪ੍ਰੀਤ ਵੱਲੋਂ ਤੀਜਾ ਸਥਾਨ ਹਾਸਲ ਕੀਤਾ ਗਿਆ। ਈਵੈਂਟ: ਫਾਲਟ ਅਤੇ ਆਉਟ ਜੰਪਿੰਗ, ਅੰਡਰ-14, ਵਿੱਚ ਰਾਜਪਾਲ ਸਿੰਘ ਵੱਲੋ ਪਹਿਲਾ ਸਥਾਨ, ਸਮਰਵੀਰ ਵੱਲੋ ਦੂਜਾ ਸਥਾਨ ਅਤੇ ਅਮਰ ਸਿੰਘ ਵੱਲੋਂ ਤੀਜਾ ਸਥਾਨ ਹਾਸਲ ਕੀਤਾ ਗਿਆ। ਈਵੈਂਟ: ਫਾਲਟ ਅਤੇ ਆਉਟ ਜੰਪਿੰਗ, ਅੰਡਰ-17, ਵਿੱਚ ਦਾਨਵੀਰ ਸਿੰਘ ਵੱਲੋਂ ਪਹਿਲਾ ਸਥਾਨ, ਬਲਰਾਜ ਸਿੰਘ ਵੱਲੋ ਦੂਜਾ ਸਥਾਨ ਅਤੇ ਬੀਰਕੰਵਰ ਸਿੰਘ ਵੱਲੋਂ ਤੀਜਾ ਸਥਾਨ ਹਾਸਲ ਕੀਤਾ ਗਿਆ।

## ਡਾ. ਰਵਜੋਤ ਨੇ ਇੰਟੀਗਰੇਟਡ ਪਬਲਿਕ ਹੈੱਲਥ ਲੈਬਾਰਟਰੀ ਦਾ ਰੱਖਿਆ ਨੀਂਹ ਪੱਥਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )**- ਪੰਜਾਬ ਦੇ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਮੰਤਰੀ ਡਾ.ਰਵਜੋਤ ਸਿੰਘ ਨੇ ਸਥਾਨਕ ਸਿਵਲ ਹਸਪਤਾਲ ਵਿਖੇ 1.25 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇੰਟੀਗਰੇਟਡ ਪਬਲਿਕ ਹੈਲਥ ਲੈਬਾਰਟਰੀ ਦੇ ਕੰਮ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਆਉਂਦੀ ਅਪ੍ਰੈਲ ਦੇ ਅਖੀਰ ਤੱਕ ਬਣਨ ਵਾਲੀ ਇਹ ਲੈਬਾਰਟਰੀ ਵਿਚ 80 ਤਰ੍ਹਾਂ ਦੇ ਵੱਖ-ਵੱਖ ਟੈਸਟਾਂ ਦੀ ਮੁਫ਼ਤ ਸਹੂਲਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ 100 ਵਿਅਕਤੀਆਂ ਦੇ ਬੈਠਣ ਦੀ ਸਮਰੱਥਾ ਵਾਲੀ ਇਹ ਲੈਬਾਰਟਰੀ ਏਅਰ ਕੰਡੀਸ਼ਨਡ ਹੋਵੇਗੀ ਜਿਥੇ ਉਚ ਦਰਜੇ ਦੀ ਮਸ਼ੀਨਰੀ ਲਗਾਈ ਜਾਵੇਗੀ ਜਿਸ ਨਾਲ ਇਕ ਮਹੀਨੇ ਵਿਚ 40 ਤੋਂ 50 ਹਜ਼ਾਰ ਟੈਸਟ ਮੁਫ਼ਤ ਹੋਣਗੇ। ਉਨ੍ਹਾਂ ਦੱਸਿਆ ਕਿ ਲੈਬਾਰਟਰੀ ਵਿਚ ਆਈ.ਸੀ.ਟੀ.ਸੀ., ਆਰ.ਐਨ.ਟੀ.ਸੀ.ਪੀ., ਆਰ.ਟੀ.ਪੀ.ਸੀ.ਆਰ., ਸੀ.ਵੀ.ਸੀ. ਸਮੇਤ 60 ਦੇ ਕਰੀਬ ਪੈਥਾਲਜੀ ਅਤੇ 20 ਮਾਈਕਰੋ ਬਾਇਓਲੋਜੀ ਨਾਲ ਸਬੰਧਤ ਟੈਸਟਾਂ ਦੀ ਸਹੂਲਤ ਰਹੇਗੀ। ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿਚ ਲੋੜੀਂਦੇ ਸਟਾਫ਼ ਦੀ ਕਮੀ ਨੂੰ ਪੂਰਾ ਕਰਨ ਦੇ ਨਾਲ-ਨਾਲ ਬੁਨਿਆਦੀ ਢਾਂਚੇ ਦੇ ਪੱਧਰ ਨੂੰ ਵੀ ਹੋਰ ਉਚਾ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਮੰਗਲਵਾਲ ਨੂੰ ਸਥਾਨਕ ਸਿਵਲ ਹਸਪਤਾਲ ਵਿਖੇ 24 ਹਾਊਸ ਸਰਜਨਾਂ ਅਤੇ ਇੰਪੈਨਲਡ ਡਾਕਟਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਹੋਰ ਵੀ ਸਹਿਜੇ ਢੰਗ ਨਾਲ ਉਪਲਬੱਧ ਕਰਵਾਈਆਂ ਜਾ ਸਕਣ। ਹੁਸ਼ਿਆਰਪੁਰ ਵਿਖੇ ਬਨਣ ਵਾਲੇ ਮੈਡੀਕਲ ਕਾਲਜ ਸਬੰਧੀ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਟੈਂਡਰ ਪ੍ਰਕਿਰਿਆ ਹੋ ਚੁੱਕੀ ਹੈ ਅਤੇ ਜਲਦ ਹੀ ਇਸ ਦਾ ਕੰਮ ਸ਼ੁਰੂ ਹੋਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 2027 ਤੱਕ ਇਹ ਪ੍ਰੋਜੈਕਟ ਮੁਕੰਮਲ ਕਰਕੇ ਲੋਕਾਂ ਨੂੰ ਸਮਰਪਿਤ ਕਰਨ ਲਈ ਪੂਰੀ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਵਿਖੇ ਜਲਦ ਹੀ ਕ੍ਰਿਟੀਕਲ ਕੇਅਰ ਯੂਨਿਟ (ਸੀ.ਸੀ.ਯੂ) ਵੀ ਸਥਾਪਿਤ ਕੀਤਾ ਜਾਵੇਗਾ।

## ਜਥੇਦਾਰ ਟੌਹੜਾ ਦੀ ਬਰਸੀ ਨੂੰ ਸਮਰਪਤ ਸਮਾਗਮ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਵਿਖੇ ਸ਼ਹੀਦ ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਤੇ ਪੰਥ ਰਤਨ ਸਵ. ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬਰਸੀ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਸਮੇਂ ਸਕੂਲੀ ਬੱਚਿਆਂ ਵੱਲੋਂ ਸ਼ਬਦ ਕੀਰਤਨ ਤੇ ਸ਼ਹੀਦੀ ਸਾਕੇ ਨਾਲ ਸਬੰਧਤ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਭਾਈ ਜਸਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ।ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਮਹਿੰਦਰ ਸਿੰਘ ਦੁੱਲਟ ਚੇਅਰਮੈਨ ਸ਼ਹੀਦ ਭਾਈ ਮਨੀ ਸਿੰਘ ਜੀ ਵਿੱਦਿਅਕ ਟਰੱਸਟ, ਕੁਲਵਿੰਦਰ ਸਿੰਘ ਧਾਲੀਵਾਲ ਟਰੱਸਟੀ ਤੇ ਬੀਬੀ ਹਰਜਿੰਦਰ ਕੌਰ ਨੇ ਸ਼ਿਰਕਤ ਕੀਤੀ।ਸਕੂਲ ਪ੍ਰਿੰਸੀਪਲ ਨਰਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜੇਤੂ ਵਿਦਿਆਰਥੀਆਂ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਮੂਹ ਸਟਾਫ ਮੈਂਬਰਾਂ ਨੇ ਤਨ, ਮਨ ਤੇ ਧਨ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਪਾਤੜਾਂ 'ਚ ਟ੍ਰੈਫਿਕ ਜਾਮ ਲੋਕਾਂ ਲਈ ਬਣਿਆ ਸਿਰਦਰਦੀ

- ਸਰਵਿਸ ਰੋਡ 'ਤੇ ਮੋਟਰਸਾਈਕਲਾਂ ਵਾਲਿਆਂ ਦਾ ਕਬਜ਼ਾ
- ਰਾਹਗੀਰਾਂ ਨੂੰ ਕਰਨਾ ਪੈ ਰਿਹੇ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਹਿਰ ਵਿੱਚੋਂ ਲੰਘਦੇ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਦੇ ਮੇਨ ਬਾਜ਼ਾਰ ਵਿਚਲੇ ਖੱਬੇ ਪਾਸੇ ਦੇ ਮੇਨ ਰੋਡ ਵਾਲੇ ਸਰਵਿਸ ਰੋਡ ਉੱਤੇ ਵੱਡੀ ਗਿਣਤੀ ਵਿੱਚ ਰਹਿੰਦੇ ਖੜੇ ਮੋਟਰਸਾਈਕਲਾਂ ਕਰਕੇ ਸ਼ਹਿਰ ਵਿੱਚ ਲੱਗਣ ਵਾਲੇ ਟ੍ਰੈਫਿਕ ਜਾਮ ਦੀ ਸਥਿਤੀ ਬੇਹੱਦ ਗੰਭੀਰ ਹੋ ਰਹੀ ਹੈ।ਮੇਨ ਬਾਜ਼ਾਰ ਵਿੱਚ ਟ੍ਰੈਫਿਕ ਜਾਮ ਰਹਿਣ ਕਰਕੇ ਲੰਘਣ ਵਾਲੇ ਰਾਹੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਜਾਣਕਾਰੀ ਅਨੁਸਾਰ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਤੋਂ ਪੁਰਾਣੇ ਬੱਸ ਸਟੈਂਡ ਤੱਕ ਸਾਰਾ ਦਿਨ ਲੱਗਣ ਵਾਲੇ ਟ੍ਰੈਫਿਕ ਜਾਮ ਦੀ ਸਥਿਤੀ ਬੇਹੱਦ ਗੰਭੀਰ ਬਣੀ ਰਹਿੰਦੀ ਹੈ।ਭਾਵੇਂ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਜਾਮ ਦੀ ਸਥਿਤੀ ਉਤਪੰਨ ਹੋਣ ਤੋਂ ਰੋਕਣ ਲਈ ਟ੍ਰੈਫਿਕ ਪੁਲਸ ਦੇ ਮੁਲਾਜ਼ਮ ਪੂਰਾ ਦਿਨ ਤਾਇਨਾਤ ਰਹਿੰਦੇ ਹਨ, ਪਰ ਨੈਸ਼ਨਲ ਹਾਈਵੇ ਉੱਤੇ ਪੁਰਾਣੇ ਬੱਸ ਸਟੈਂਡ ਸਾਹਮਣੇ ਜਾਖਲ ਰੋਡ ਨੂੰ ਜਾਣ ਲਈ ਦਿੱਤੇ ਗਏ ਕੱਟ ਤੋਂ ਸਰਵਿਸ ਰੋਡ ਨੂੰ ਕੇ ਜਾਣ ਵਾਲੀ ਟ੍ਰੈਫਿਕ ਨੂੰ ਸਰਵਿਸ ਰੋਡ ਉੱਤੇ ਖੜੇ ਮੋਟਰਸਾਈਕਲਾਂ ਕਰਕੇ ਲੰਘਣਾ ਮੁਸ਼ਕਲ ਹੋ ਜਾਂਦਾ ਹੈ।ਸਰਵਿਸ ਰੋਡ ਉੱਤੇ ਟ੍ਰੈਫਿਕ ਜਾਮ ਦਾ ਸਭ ਤੋਂ ਵੱਡਾ ਕਾਰਨ ਮੇਨ ਬਾਜ਼ਾਰ ਦੇ ਨਾਲ ਲੱਗਣ ਵਾਲੀਆਂ ਮਾਰਕੀਟਾਂ ਵਿੱਚ ਦੁਕਾਨਾਂ ਉੱਤੇ ਕੰਮ ਕਰਨ ਵਾਲੇ ਲੜਕਿਆਂ ਦੇ ਸਾਰਾ ਦਿਨ ਖੜੇ ਰਹਿਣ ਵਾਲੇ ਮੋਟਰਸਾਈਕਲਾਂ ਦੇ ਨਾਲ ਨਾਲ ਖ੍ਰੀਦਦਾਰੀ ਲਈ ਆਉਣ ਵਾਲੇ ਲੋਕਾਂ ਵੱਲੋਂ ਸ਼ਹਿਰ ਵਿੱਚ ਪਾਰਕਿੰਗ ਦੀ ਘਾਟ ਕਰਕੇ ਸੜਕ ਕਿਨਾਰੇ ਖੜਾਏ ਗਏ ਵ੍ਹੀਕਲ ਬਣਦੇ ਹਨ।ਮੁੱਖ ਰੋਡ ਉੱਤੇ ਵੀ ਟ੍ਰੈਫਿਕ ਜਾਮ ਦਾ ਸਭ ਤੋਂ ਵੱਡਾ ਕਾਰਨ ਖ੍ਰੀਦਦਾਰੀ ਲਈ ਬਾਜ਼ਾਰ ਵਿੱਚ ਆਏ ਲੋਕਾਂ ਵੱਲੋਂ ਵੱਡੀ ਪੱਧਰ ਉੱਤੇ ਖੜੀਆਂ ਕੀਤੀਆਂ ਗਈਆਂ ਗੱਡੀਆਂ ਬਣਦੀਆਂ ਹਨ।

ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਸਬੰਧੀ ਡੀ ਐੱਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਟ੍ਰੈਫਿਕ ਪੁਲਸ ਦੇ ਮੁਲਾਜ਼ਮ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਕਰ ਰਹੇ ਹਨ, ਪਰ ਤਿਉਹਾਰਾਂ ਤੇ ਵਿਆਹ-ਸ਼ਾਦੀਆਂ ਦੇ ਦਿਨਾਂ ਵਿੱਚ ਬਾਜ਼ਾਰ ਵਿੱਚ ਆਉਣ ਵਾਲੇ ਲੋਕਾਂ ਦੀ ਆਮਦ ਵਿੱਚ ਭਰੀ ਵਾਧਾ ਹੋ ਜਾਂਦਾ ਹੈ, ਜਿਸ ਕਰਕੇ ਪ੍ਰੇਸ਼ਾਨੀ ਵੱਧ ਜਾਂਦੀ ਹੈ।ਉਨ੍ਹਾਂ ਕਿਹਾ ਕਿ ਟ੍ਰੈਫਿਕ ਦੀ ਸਮੱਸਿਆ ਦੇ ਹੱਲ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।



ਹਾਈਵੇ ਦੇ ਸਰਵਿਸ ਰੋਡ 'ਤੇ ਖੜੇ ਵੱਡੀ ਪੱਧਰ ਉੱਤੇ ਮੋਟਰਸਾਈਕਲ।

# ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਜੁਝਾਰ ਨਗਰ ਵਾਸੀਆਂ ਦੀਆਂ ਸੁਣੀਆਂ ਮੁਸ਼ਕਲਾਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਸਰਕਾਰ ਦੇ ਨਿਵੇਕਲੇ ਪ੍ਰੋਗਰਾਮ 'ਪੰਜਾਬ ਸਰਕਾਰ, ਆਪ ਦੇ ਦੁਆਰ' ਤਹਿਤ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਸਿਹਤ ਮੰਤਰੀ ਤੇ ਪਟਿਆਲਾ ਦਿਹਾਤੀ ਦੇ ਵਿਧਾਇਕ ਡਾ. ਬਲਬੀਰ ਸਿੰਘ ਨੇ ਜੁਝਾਰ ਨਗਰ, ਪਟਿਆਲਾ ਦੇ ਪਾਰਕ ਵਿੱਚ ਜਨ-ਸੁਵਿਧਾ ਕੈਂਪ ਦੀ ਰਹਿਨੁਮਾਈ ਕੀਤੀ ਗਈ, ਜਿਸ ਵਿੱਚ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਦੀਆਂ ਨਿੱਜੀ ਸਮੱਸਿਆਵਾਂ ਦਾ ਨਿਪਟਾਰਾ ਮੌਕੇ 'ਤੇ ਹੀ ਕੀਤਾ ਗਿਆ।

ਇਸ ਮੌਕੇ ਜੁਝਾਰ ਨਗਰ ਦੀ ਸਾਹਿਬਜ਼ਾਦਾ ਜੁਝਾਰ ਸਿੰਘ ਨਗਰ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਐਡਵੋਕੇਟ ਪ੍ਰਿਤਪਾਲ ਸਿੰਘ ਭੰਡਾਰੀ ਨੇ ਇਲਾਕੇ ਵਿੱਚ ਪਾਰਕ ਬਣਾਉਣ ਤੇ ਆਮ ਆਦਮੀ ਕਲੀਨਿਕ ਦੇ ਉੱਪਰ ਹਾਲ ਕਮਰਾ ਬਣਾਉਣ ਲਈ ਦਿੱਤੀ ਸਹਾਇਤਾ ਉਪਲਬਧ ਕਰਵਾਉਣ ਲਈ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਸਮਾਗਮ ਵਿੱਚ ਡਾ. ਬਲਬੀਰ ਸਿੰਘ ਨਾਲ ਜਸਬੀਰ ਸਿੰਘ ਗਾਂਧੀ ਤੇ ਸੁਰੇਸ਼ ਰਾਏ (ਦਫ਼ਤਰ ਇੰਚਾਰਜ) ਨੇ ਵੀ ਸ਼ਿਰਕਤ ਕੀਤੀ।ਸਮਾਗਮ ਦੌਰਾਨ ਡਾ. ਬਲਬੀਰ ਸਿੰਘ ਨੇ ਇਲਾਕੇ ਦੇ ਬਕਾਇਆ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦਾ ਭਰੋਸਾ ਦਿੱਤਾ, ਜਿਨ੍ਹਾਂ ਵਿੱਚ ਮੁਹੱਲੇ ਵਿੱਚ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ, ਸੀਵਰੇਜ ਨੂੰ ਸੁਚਾਰੂ ਢੰਗ ਨਾਲ ਚਲਾਉਣਾ, ਸਫ਼ਾਈ ਵਿਵਸਥਾ, ਖਰਾਬ ਸਟ੍ਰੀਟ ਲਾਈਟਾਂ ਦੀ ਸਮੇਂ ਤੇ ਮੁਰੰਮਤ ਆਦਿ ਸ਼ਾਮਲ ਹਨ।ਇਸ ਜਨ-ਸੁਵਿਧਾ ਕੈਂਪ ਵਿੱਚ ਸੰਯੁਕਤ ਕਮਿਸ਼ਨਰ ਨਗਰ ਨਿਗਮ ਤੇ ਹੋਰ ਅਧਿਕਾਰੀਆਂ ਨੇ ਸ਼ਿਰਕਤ ਕਰਦਿਆਂ ਇਲਾਕਾ ਨਿਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਜਲਦੀ ਹੱਲ ਕਰਨ ਦਾ ਭਰੋਸਾ ਦਿਵਾਇਆ।

ਵੈਲਫੇਅਰ ਸੁਸਾਇਟੀ ਦੇ ਪੈਟਰਨ ਸ੍ਰ. ਬਲਦੇਵ ਸਿੰਘ ਨੇ ਖਾਸ ਤੌਰ 'ਤੇ ਪਹੁੰਚੇ ਸਾਰੇ ਸਰਕਾਰੀ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਇਲਾਕਾ ਵਸਨੀਕਾਂ ਦੀਆਂ ਸਮੱਸਿਆਵਾਂ ਜਲਦ ਹੱਲ ਕਰਨ ਲਈ ਆਖਿਆ।ਸ੍ਰੀ ਪਵਨ ਕੁਮਾਰ (ਸਕੱਤਰ) ਨੇ ਇਸ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਯੋਗਦਾਨ ਪਾਇਆ।ਸਮਾਗਮ ਦੇ ਅੰਤ ਵਿੱਚ ਸੁਸਾਇਟੀ ਦੇ ਜਨਰਲ ਸਕੱਤਰ ਧਰਮਵੀਰ ਸ਼ਰਮਾ ਨੇ ਪਹੁੰਚੇ ਸਾਰੇ ਇਲਾਕਾ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਜੇਲ੍ਹ ਦਾ ਦੌਰਾ



**ਮਾਨਸਾ (ਆਤਮਾ ਸਿੰਘ ਪਮਾਰ)**-ਸ੍ਰੀ ਐੱਚ. ਐੱਸ. ਗਰੇਵਾਲ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਾਨਸਾ, ਮਿਸ. ਰਾਜਵਿੰਦਰ ਕੌਰ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਾਨਸਾ, ਮਿਸ. ਗੁਰਜੀਤ ਕੌਰ ਢਿੱਲੋਂ ਸੀ.ਜੇ.ਐੱਮ ਮਾਨਸਾ ਤੇ ਸ੍ਰੀ ਪੁਸ਼ਵਿੰਦਰ ਸਿੰਘ ਏ.ਸੀ.ਜੇ.ਐੱਮ. ਮਾਨਸਾ ਵੱਲੋਂ ਜ਼ਿਲ੍ਹਾ ਜੇਲ੍ਹ ਮਾਨਸਾ ਦਾ ਦੌਰਾ ਕੀਤਾ ਗਿਆ।ਇਸ ਦੌਰਾਨ ਜੱਜ ਸਾਹਿਬਾਨਾਂ ਵੱਲੋਂ ਮੇਲ ਤੇ ਫੀਮੇਲ ਬੈਰਕਾਂ, ਲੰਗਰ ਹਾਲ, ਫਰੰਟ ਆਫਿਸ, ਜੇਲ੍ਹ ਵਿੱਚ ਬਣੇ ਹਸਪਤਾਲ ਦਾ ਨਿਰੀਖਣ ਕੀਤਾ ਗਿਆ।ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਾਨਸਾ ਸ੍ਰੀ ਐੱਚ. ਐੱਸ. ਗਰੇਵਾਲ ਨੇ ਕੈਦੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਸੁਣਿਆ ਅਤੇ ਜੇਲ੍ਹ ਅਧਿਕਾਰੀਆਂ ਨੂੰ ਉਕਤ ਪ੍ਰੇਸ਼ਾਨੀਆਂ ਦਾ ਹੱਲ ਕਰਨ ਬਾਰੇ ਕਿਹਾ।ਕੈਦੀਆਂ ਦੀਆਂ ਕੁੱਝ ਮੁਸ਼ਕਲਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ।ਉਨ੍ਹਾਂ ਵੱਲੋਂ ਕੈਦੀਆਂ ਤੇ ਹਵਾਲਾਤੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਾਨਸਾ ਵੱਲੋਂ ਮੁਫਤ ਕਾਨੂੰਨੀ ਸਹਾਇਤਾ ਦੀਆਂ ਸਕੀਮਾਂ ਤੋਂ ਜਾਣੂ ਕਰਵਾਇਆ ਗਿਆ।ਇਸ ਮੌਕੇ ਸ੍ਰੀ ਇਕਬਾਲ ਸਿੰਘ ਬਰਾੜ ਸੁਪਰਡੈਂਟ ਜ਼ਿਲ੍ਹਾ ਜੇਲ੍ਹ ਮਾਨਸਾ, ਸ੍ਰੀ ਸੁਖਪਾਲ ਸਿੰਘ ਅਸਿਸਟੈਂਟ ਜੇਲ੍ਹ ਸੁਪਰਡੈਂਟ ਹਾਜ਼ਰ ਸਨ।

## ਉੱਲਕ ਵਿਖੇ ਮੁਫਤ ਮੈਡੀਕਲ ਚੈੱਕਅਪ ਕੈਂਪ ਲਾਇਆ



**ਝੁਨੀਰ (ਜਸਵਿੰਦਰ ਸਿੰਘ)**-ਪਿੰਡ ਉਲਕ ਵਿਖੇ ਡਾਕਟਰ ਸੁਖਵਿੰਦਰ ਸਿੰਘ ਸਿੰਘ ਵੱਲੋਂ ਫੱਤਾ ਮਾਲੋਕਾ, ਪਿੰਡ ਚੂੜੀਆਂ ਤੇ ਉਲਕ ਦੇ ਸਹਿਯੋਗ ਨਾਲ ਫਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਲਗਭਗ 100 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਫਰੀ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਸ਼ਾਰਦਾ ਮਲਟੀ ਸਪੈਸ਼ਲਿਸਟ ਹੈਲਥ ਕੇਅਰ ਬਠਿੰਡਾ ਹਸਪਤਾਲ ਦੇ ਸਹਿਯੋਗ ਨਾਲ ਮਰੀਜ਼ਾਂ ਨੂੰ ਚੈੱਕ ਕਰਕੇ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਡਾਕਟਰ ਵਰਨ ਗਰਗ ਤੇ ਡਾਕਟਰ ਅਦਿੱਤੀ ਕਨਵਤੀਆਂ ਨੇ ਮਰੀਜ਼ਾਂ ਦਾ ਚੰਗੀ ਤਰ੍ਹਾਂ ਚੈੱਕਅਪ ਕੀਤਾ। ਪਿੰਡ ਵਾਸੀਆਂ ਨੇ ਇਸ ਕੈਂਪ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਹੋ ਜਿਹੇ ਕੈਂਪ ਪਿੰਡਾਂ ਵਿੱਚ ਜ਼ਰੂਰ ਲਗਾਉਣੇ ਚਾਹੀਦੇ ਹਨ, ਤਾਂ ਜੋ ਹਰ ਲੋੜਵੰਦ ਬੰਦਾ ਚੈੱਕਅਪ ਕਰਾ ਕੇ ਦਵਾਈ ਲੈ ਸਕੇ। ਇਸ ਮੌਕੇ ਪ੍ਰਬੰਧ ਡਾਕਟਰ ਸੁਖਵਿੰਦਰ ਸਿੰਘ ਫੱਤਾ ਮਾਲੋਕਾ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜੋ ਵੀ ਪਿੰਡਾਂ ਵਿੱਚ ਡਾਕਟਰ ਹੈ, ਉਨ੍ਹਾਂ ਨੂੰ ਮਾਨਤਾ ਦੇਵੇ ਤਾਂ ਜੋ ਰਹਿੰਦੇ ਪਿੰਡਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇ ਸਕਣ, ਕਿਉਂਕਿ ਗਰੀਬ ਵਰਗ ਸ਼ਹਿਰ ਤੱਕ ਨਹੀਂ ਪਹੁੰਚ ਸਕਦਾ। ਇਸ ਚੰਗੇ ਉੱਦਮ ਦੀ ਪਿੰਡ ਚੂੜੀਆਂ ਤੇ ਉਲਕ ਦੇ ਲੋਕਾਂ ਨੇ ਭਰਪੂਰ ਪ੍ਰਸੰਸਾ ਕੀਤੀ। ਇਸ ਮੌਕੇ ਸਟਾਫ ਮੋਨਿਕਾ ਵਰਮਾ ਤੇ ਸਰਬਜੀਤ ਕੌਰ ਨੇ ਵਿਸ਼ੇਸ਼ ਸੇਵਾਵਾਂ ਨਿਭਾਈਆਂ।

# ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਵੱਲੋਂ 11 ਪੱਤਰਕਾਰ ਸਨਮਾਨਤ



**ਮਾਛੀਵਾੜਾ ਸਾਹਿਬ/ਸਮਰਾਲਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ/ਸੁਰਜੀਤ ਸਿੰਘ)**

ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ ਸ੍ਰੀ ਭੈਣੀ ਸਾਹਿਬ ਵਿਖੇ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਕਹਾਣੀਕਾਰ ਸੁਰਿੰਦਰ ਰਾਮਪੁਰੀ, ਕਹਾਣੀਕਾਰ ਗੁਰਦਿਆਲ ਦਲਾਲ, ਗੀਤਕਾਰ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ, ਸੁਰਜੀਤ ਸਿੰਘ ਵਿਸ਼ਦ ਤੇ ਸੁਲੱਖਣ ਸਿੰਘ ਅਟਵਾਲ ਦੀ ਧਰਮਪਤਨੀ ਮਨਜੀਤ ਕੌਰ ਵੱਲੋਂ ਸ਼ੁਰੂ ਕੀਤੀ ਗਈ। ਇਹ ਮੀਟਿੰਗ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੇ ਦੋ ਮਰਹੂਮ ਸ਼ਾਇਰ ਸੁਲੱਖਣ ਸਿੰਘ ਅਟਵਾਲ, ਪਰਮਜੀਤ ਸਿੰਘ ਰਾਏ ਨੂੰ ਸਮਰਪਤ ਕੀਤਾ ਗਿਆ ਅਤੇ ਮੀਟਿੰਗ ਦੌਰਾਨ ਕਾਮਰੇਡ ਕਰਤਾਰ ਸਿੰਘ ਬੁਆਣੀ ਦੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਸਾਹਿਤ ਸਭਾ ਦੇ ਮੈਂਬਰ ਗੁਰਸੇਵਕ ਸਿੰਘ ਢਿੱਲੋਂ ਤੇ ਰਜਿੰਦਰ ਕੌਰ ਪੰਨੂੰ ਵੱਲੋਂ ਗੀਤਕਾਰ ਸੁਲੱਖਣ ਸਿੰਘ ਅਟਵਾਲ ਤੇ ਪਰਮਜੀਤ ਸਿੰਘ ਰਾਏ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਦੌਰਾਨ ਕਹਾਣੀਕਾਰ ਸੁਰਿੰਦਰ ਰਾਮਪੁਰੀ, ਕਹਾਣੀਕਾਰ ਗੁਰਦਿਆਲ ਦਲਾਲ, ਸੁਰਜੀਤ ਸਿੰਘ ਵਿਸ਼ਦ ਨੇ ਅਜੋਕੀ ਤੇ ਪੁਰਾਤਨ ਪੱਤਰਕਾਰੀ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਮੀਟਿੰਗ ਉਪਰੰਤ 11 ਪੱਤਰਕਾਰਾਂ ਨੂੰ ਯਾਦਗਾਰੀ ਚਿੰਨ੍ਹ ਤੇ ਹੋਰ ਸਨਮਾਨ ਗਿਫ਼ਟ ਦੇ ਕੇ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿੱਚ ਜਸਵੀਰ ਸਿੰਘ ਝੱਜ, ਡਾ. ਕੁਲਦੀਪ ਸਿੰਘ, ਬਲਵੀਰ ਸਿੰਘ ਬੱਬੂ, ਅਮਰਜੀਤ ਸਿੰਘ ਮੰਗਲੀ, ਲੱਕੀ ਘੁਮੈਤ, ਲਾਲ ਸਿੰਘ ਮਾਂਗਟ, ਅੰਮ੍ਰਿਤਪਾਲ ਸਮਰਾਲਾ, ਰਾਮਦਾਸ ਬੰਗੜ ਸਮਰਾਲਾ, ਸੋਮਨਾਥ ਸਿੰਘ ਭੱਟੀ, ਹਰਪ੍ਰੀਤ ਸਿੰਘ ਸਿਹੋੜਾ, ਲਖਵੀਰ ਸਿੰਘ ਲੱਭਾ ਆਦਿ ਸ਼ਾਮਲ ਸਨ। ਮੀਟਿੰਗ ਉਪਰੰਤ ਦੂਸਰੇ ਸੈਸ਼ਨ ਵਿਚ ਕਵੀ ਦਰਬਾਰ ਹੋਇਆ, ਜਿਸ ਦੀ ਪ੍ਰਧਾਨਗੀ ਇੰਦਰਜੀਤ ਕੌਰ ਲੋਟੇ, ਸੋਮਨਾਥ ਸਿੰਘ ਭੱਟੀ, ਸੁਖਵੀਰ ਸਿੰਘ ਸੰਧੇ ਤੇ ਗੀਤਕਾਰ ਅਮਰਜੀਤ ਸ਼ੇਰਪੁਰੀ ਤੇ ਹਰਬੰਸ ਸਿੰਘ ਰਾਏ ਨੇ ਕੀਤੀ। ਰਚਨਾਵਾਂ ਦੇ ਦੌਰ ਵਿੱਚ ਅਵਤਾਰ ਸਿੰਘ ਉਟਾਲਾਂ, ਸੁਖਵਿੰਦਰ ਸਿੰਘ ਭਾਦਲਾ, ਬਲਬੀਰ ਸਿੰਘ ਬੱਬੀ, ਸੁੱਖ ਚਮਕੀਲਾ, ਦਲਵੀਰ ਸਿੰਘ ਕਲੇਰ, ਜਗਪਾਲ ਸਿੰਘ ਜੱਗਾ, ਰਜਿੰਦਰ ਕੌਰ ਪੰਨੂੰ, ਅਮਰਜੀਤ ਸ਼ੇਰਪੁਰੀ, ਸੋਮਨਾਥ ਸਿੰਘ ਭੱਟੀ, ਹਰਬੰਸ ਸਿੰਘ ਰਾਏ, ਇੰਦਰਜੀਤ ਕੌਰ ਲੋਟੇ, ਲਖਵੀਰ ਸਿੰਘ ਲੱਭਾ, ਪੱਪੂ ਬਲਬੀਰ, ਹਰਪ੍ਰੀਤ ਸਿੰਘ ਸਿਹੋੜਾ, ਸੁਖਵੀਰ ਸਿੰਘ ਸੰਧੇ, ਮਲਕੀਤ ਸਿੰਘ ਮਾਲੜਾ, ਹਰਬੰਸ ਸਿੰਘ ਸ਼ਾਨ ਬਗਲੀ, ਮਨਜੀਤ ਸਿੰਘ ਘੁੰਮਣ, ਮਨਜੀਤ ਸਿੰਘ ਰਾਗੀ, ਬਲਵੰਤ ਸਿੰਘ ਵਿਰਕ, ਦਲਜੀਤ ਸਿੰਘ ਬਿੱਲਾ, ਤਰਨ ਸਿੰਘ ਬੱਲ ਆਦਿ ਨੇ ਹਾਜ਼ਰੀ ਭਰੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਬਹਾਦਰ ਸਿੰਘ, ਠੇਕੇਦਾਰ ਜਸਵੰਤ ਸਿੰਘ, ਸੁਖਦੇਵ ਸਿੰਘ ਸੁੱਖਾ, ਨਿਸ਼ਾਨ ਸਿੰਘ, ਬਲਦੇਵ ਸਿੰਘ, ਗੁਰਸੇਵਕ ਸਿੰਘ ਕਲੇਰ ਹਾਜ਼ਰ ਸਨ। ਸਟੇਜ ਦੀ ਕਾਰਵਾਈ ਕਹਾਣੀਕਾਰ ਤਰਨ ਸਿੰਘ ਬੱਲ ਨੇ ਨਿਭਾਈ। ਬਲਵੰਤ ਸਿੰਘ ਵਿਰਕ ਨੇ ਰਜਿਸਟਰ 'ਤੇ ਹਾਜ਼ਰੀ ਲਵਾਉਣ ਦਾ ਕੰਮ ਪੂਰੀ ਜ਼ਿੰਮੇਵਾਰੀ ਨਾਲ ਨੇਪਰੇ ਚਾੜ੍ਹਿਆ। ਗੁਰਸੇਵਕ ਸਿੰਘ ਢਿੱਲੋਂ ਨੇ ਦੂਰੋਂ ਨੇੜਿਓਂ ਆਏ ਹੋਏ ਸ਼ਾਇਰਾਂ ਦਾ ਮੀਟਿੰਗ ਤੇ ਕਵੀ ਦਰਬਾਰ 'ਚ ਹਾਜ਼ਰ ਹੋਣ 'ਤੇ ਧੰਨਵਾਦ ਕੀਤਾ।

## ਸਰਹਿੰਦ ਜੀ ਟੀ ਰੋਡ 'ਤੇ ਵਾਪਰੇ ਸੜਕ ਹਾਦਸੇ 'ਚ ਛੇ ਜ਼ਖਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਐਤਵਾਰ ਸਵੇਰੇ ਕਰੀਬ 11 ਵਜੇ ਸਰਹਿੰਦ ਜੀ. ਟੀ. ਰੋਡ 'ਤੇ ਵਾਪਰੇ ਇੱਕ ਸੜਕ ਹਾਦਸੇ ਕਾਰਨ ਚਾਰ ਔਰਤਾਂ ਸਣੇ ਛੇ ਵਿਅਕਤੀਆਂ ਦੇ ਜ਼ਖਮੀ ਹੋ ਜਾਣ ਦਾ ਸਮਾਚਾਰ ਹੈ।ਹਾਦਸੇ 'ਚ ਜ਼ਖਮੀ ਹੋਏ ਵਿਅਕਤੀਆਂ ਦੀ ਪਹਿਚਾਣ ਨਰਿੰਦਰ ਸਿੰਘ, ਸੁਰਿੰਦਰ ਕੌਰ, ਹਰਪ੍ਰੀਤ ਕੌਰ, ਹਰਬੰਸ ਕੌਰ, ਗੁਰਚਰਨ ਕੌਰ ਵਾਸੀਆਨ ਪਿੰਡ ਮਾਜਰੀ ਸੋਢੀਆਂ ਤੇ ਨਰੇਸ਼ ਅਰੋੜਾ ਵਾਸੀ ਕਰਨਾਲ (ਹਰਿਆਣਾ) ਵਜੋਂ ਹੋਈ ਹੈ।ਮੌਕੇ 'ਤੇ ਪਹੁੰਚੇ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਸਮੇਰ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਨਰਿੰਦਰ ਸਿੰਘ ਵਾਸੀ ਪਿੰਡ ਮਾਜਰੀ ਸੋਢੀਆਂ ਆਪਣੇ ਚਾਰ ਪਰਿਵਾਰਕ ਮੈਂਬਰਾਂ ਸਮੇਤ ਮਾਰੂਤੀ ਕਾਰ 'ਚ ਸਵਾਰ ਹੋ ਕੇ ਜਿਵੇਂ ਹੀ ਤਰਖਾਣਮਾਜਰਾ ਕੱਟ ਵਾਲੇ ਸਰਵਿਸ ਰੋਡ ਤੋਂ ਜੀ. ਟੀ. ਰੋਡ 'ਤੇ ਚੜ੍ਹਿਆ ਤਾਂ ਅੰਬਾਲਾ ਸਾਈਡ ਤੋਂ ਤੇਜ਼ ਰਫ਼ਤਾਰ ਨਾਲ ਆ ਰਹੀ ਸਕੌਡਾ ਕਾਰ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਮਾਰੂਤੀ ਕਾਰ ਸੜਕ ਦੇ ਡਿਵਾਈਡਰ 'ਤੇ ਲੱਗੇ ਲੋਹੇ ਦੇ ਜੰਗਲਿਆਂ ਨਾਲ ਜਾ ਟਕਰਾਈ, ਜਿਸ ਤੋਂ ਬਾਅਦ ਸਕੌਡਾ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਖੜ੍ਹੀ ਇਨੋਵਾ ਕਾਰ 'ਚ ਇੰਨੇ ਜ਼ੋਰ ਨਾਲ ਵੱਜੀ ਕਿ ਇਨੋਵਾ ਗੱਡੀ ਵੀ ਪਲਟ ਗਈ।

ਉਨ੍ਹਾਂ ਦੱਸਿਆ ਕਿ ਇਸ ਹਾਦਸੇ ਕਾਰਨ ਮਾਰੂਤੀ ਕਾਰ 'ਚ ਸਵਾਰ ਨਰਿੰਦਰ ਸਿੰਘ, ਸੁਰਿੰਦਰ ਕੌਰ, ਹਰਪ੍ਰੀਤ ਕੌਰ, ਹਰਬੰਸ ਕੌਰ ਤੇ ਗੁਰਚਰਨ ਕੌਰ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ ਹਰਪ੍ਰੀਤ ਕੌਰ ਤੇ ਸੁਰਿੰਦਰ ਕੌਰ ਦੇ ਸੱਟਾਂ ਜ਼ਿਆਦਾ ਹੋਣ ਕਾਰਨ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਚੰਡੀਗੜ੍ਹ ਦੇ ਹਸਪਤਾਲ 'ਚ ਰੈਫਰ ਕਰ ਦਿੱਤਾ ਗਿਆ।ਸਕੌਡਾ ਕਾਰ ਦੇ ਚਾਲਕ ਨਰੇਸ਼ ਅਰੋੜਾ ਦੇ ਵੀ ਸੱਟਾਂ ਲੱਗੀਆਂ, ਜਿਸ ਨੂੰ ਮੰਡੀ ਗੋਬਿੰਦਗੜ੍ਹ ਦੇ ਇੱਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਦੋਂਕਿ ਸਕੌਡਾ ਕਾਰ 'ਚ ਉਸ ਨਾਲ ਬੈਠੇ ਅਰੁਣ ਦਾ ਸੱਟ ਲੱਗਣ ਤੋਂ ਬਚਾਅ ਰਿਹਾ।ਉਨ੍ਹਾਂ ਦੱਸਿਆ ਕਿ ਹਾਦਸੇ ਦੌਰਾਨ ਪਲਟੀ ਇਨੋਵਾ ਗੱਡੀ ਵਿੱਚ ਸਵਾਰ ਅੰਮ੍ਰਿਤਪਾਲ ਸਿੰਘ ਵਾਸੀ ਪਟਿਆਲਾ ਦਾ ਵੀ ਸੱਟ ਲੱਗਣ ਤੋਂ ਬਚਾਅ ਰਿਹਾ।ਮਾਮਲੇ ਦੀ ਜਾਂਚ ਜਾਰੀ ਹੈ।

## ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਵਿਖੇ ਮੁਫਤ ਮੈਡੀਕਲ ਚੈੱਕਅਪ ਕੈਂਪ ਲਾਇਆ



**ਨਾਭਾ (ਵਰਿੰਦਰ ਵਰਮਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਡਾ. ਰਾਜਿੰਦਰ ਸਿੰਘ ਬਾਵਾ ਦੇ ਪਰਿਵਾਰ ਤੇ ਸ਼ਬਦ ਚੌਕੀ ਜਥਾ ਗੁ. ਘੋੜਿਆਂ ਵਾਲਾ ਨਾਭਾ ਵੱਲੋਂ ਸੰਤ ਗਿਆਨੀ ਮੋਹਣ ਸਿੰਘ ਜੀ ਭਿੰਡਰਾਂ ਵਾਲਿਆਂ ਦੀ ਮਿੱਠੀ ਯਾਦ ਵਿੱਚ 658ਵਾਂ ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ ਕੈਂਪ, ਮੈਡੀਸਨ, ਦੰਦਾਂ ਤੇ ਫਿਜਿਓਥਰੈਪੀ ਦਾ ਮੁਫਤ ਚੈੱਕਅਪ ਕੈਂਪ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਜੀ (ਘੋੜਿਆਂ ਵਾਲਾ) ਨਾਭਾ ਵਿਖੇ ਲਗਾਇਆ ਗਿਆ।ਇਸ ਕੈਂਪ ਦੇ ਮੁੱਖ ਮਹਿਮਾਨ ਸਮਾਜ ਸੇਵੀ, ਰੋਟਰੀ ਕਲੱਬ ਤੇ ਮਲਕੀਤ ਗਰੁੱਪ ਦੇ ਐੱਮ ਡੀ ਚਰਨ ਸਿੰਘ ਨਾਭਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਲੋੜਵੰਦਾਂ ਦੀ ਮਦਦ ਲਈ ਹਰ ਸੰਸਥਾ ਨੂੰ ਅਜਿਹੇ ਕੈਂਪ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਕਿ ਅਸੀਂ ਲੋੜਵੰਦਾਂ ਦੀ ਮਦਦ ਕਰ ਸਕੀਏ।ਇਸ ਕੈਂਪ ਵਿੱਚ ਡਾ. ਜਸਵਿੰਦਰ ਸਿੰਘ (ਬੀ ਪੀ ਟੀ) ਰਾਜਿੰਦਰ ਬਾਵਾ ਫਿਜਿਓਥੈਰੇਪੀ ਸੈਂਟਰ (ਹੱਡੀਆਂ ਦੇ ਮਾਹਰ) ਡਾ. ਮਾਨਸ਼ੂ ਮਿੱਤਲ ਤੇ ਡਾ. ਪ੍ਰੇਰਨਾ ਮਿੱਤਲ (ਦੰਦਾਂ ਦੇ ਮਾਹਰ) ਮਿੱਤਲ ਸੁਪਰਸਪੈਸ਼ਲਟੀ ਦੰਦਾਂ ਦਾ ਹਸਪਤਾਲ, ਡਾ. ਸੰਦੀਪ ਤਾਇਲ (ਅੱਖਾਂ ਦੇ ਮਾਹਰ), ਡਾ. ਗੁਰਵਿੰਦਰ ਸਿੰਘ (ਮੈਡੀਸਨ ਦੇ ਮਾਹਰ) ਵੱਲੋਂ 480 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ 62 ਮਰੀਜ਼ਾਂ ਦੇ ਅੱਖਾਂ ਵਿੱਚ ਲੈਂਜ ਪਾਏ ਜਾਣਗੇ।ਇਸ ਮੌਕੇ ਧਨੰਜੇ ਵਾਲੀਆ, ਬਬਲੂ ਚੌਹਾਨ ਬਲਵਿੰਦਰ ਸਿੰਘ ਗੁਜਰਾਲ, ਸੁਰਜੀਤ ਸਿੰਘ, ਗੁਰਜੀਤ ਸਿੰਘ, ਰਵਿੰਦਰ ਸਿੰਘ ਸਿਮਰਨ, ਸਤਨਾਮ ਸਿੰਘ, ਇੰਦਰਜੀਤ ਸਿੰਘ, ਰਣਜੀਤ ਸਿੰਘ ਢੀਂਡਸਾ, ਸਤਵਿੰਦਰ ਸਿੰਘ ਸੱਤੀ, ਅਰਸ਼ਪ੍ਰੀਤ ਸਿੰਘ, ਹਰਮਨ ਆਦਿ ਹਾਜ਼ਰ ਸਨ।ਇਸ ਕੈਂਪ ਵਿੱਚ ਮੈਨੇਜਰ ਗੁ: ਘੋੜਿਆਂ ਵਾਲਾ ਤੇ ਸਮੂਹ ਸਾਧ ਸੰਗਤ ਨਾਭਾ ਵੱਲੋਂ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੱਤਾ ਗਿਆ।ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਬਾਬਾ ਹਰਵਿੰਦਰ ਸਿੰਘ ਵਿੱਕੀ ਤੇ ਸਮੂਹ ਮੈਂਬਰਾਂ ਵੱਲੋਂ ਆਈਆਂ ਸ਼ਖ਼ਸੀਅਤਾਂ ਅਤੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਸਰਕਾਰ ਜਾਣ-ਬੁੱਝ ਕੇ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਨੂੰ ਪ੍ਰੇਸ਼ਾਨ ਕਰ ਰਹੀ : ਕੰਵਲਜੀਤ ਖੰਨਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਇਨਕਲਾਬੀ ਕੇਂਦਰ ਪੰਜਾਬ ਨੇ ਸੰਗਰੂਰ ਵਿਖੇ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ 1158 ਅਸਿਸਟੈਂਟ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ 'ਤੇ ਸੰਗਰੂਰ ਪੁਲਸ ਵੱਲੋਂ ਲਾਠੀਚਾਰਜ ਕੀਤੇ ਜਾਣ ਦੀ ਸਖ਼ਤ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਪ੍ਰਦਰਸ਼ਨਕਾਰੀਆਂ ਦੀ ਦੋ ਮਹੀਨਿਆਂ ਤੋਂ ਭਰਤੀ ਰੁਕੀ ਪਈ ਹੈ, ਜਦਕਿ ਹਾਈਕੋਰਟ ਨੇ ਉਨ੍ਹਾਂ ਨੇ ਹੱਕ ਵਿਚ ਫ਼ੈਸਲਾ ਵੀ ਸੁਣਾਇਆ ਹੈ, ਪ੍ਰੰਤੂ ਸਰਕਾਰ ਆਨਾਕਾਨੀ ਦੀ ਨੀਤੀ ਅਪਣਾਅ ਕੇ 1158 ਅਸਿਸਟੈਂਟ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ 23 ਸਤੰਬਰ 2024 ਨੂੰ ਪੰਜਾਬ ਸਰਕਾਰ ਨੂੰ 1158 ਅਸਿਸਟੈਂਟ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਭਰਤੀ ਪ੍ਰਕਿਰਿਆ ਵਿੱਚ ਵੱਡੀ ਰਾਹਤ ਮਿਲੀ। ਹਾਈ ਕੋਰਟ ਦੇ ਡਬਲ ਬੈਂਚ ਨੇ ਭਰਤੀ ਪ੍ਰਕਿਰਿਆ ਨੂੰ ਹਰੀ ਝੰਡੀ ਦੇ ਦਿੱਤੀ ਤੇ ਨਾਲ ਹੀ ਸਿੰਗਲ ਬੈਂਚ ਦਾ ਫੈਸਲਾ ਵੀ ਬਦਲ ਦਿੱਤਾ ਗਿਆ ਹੈ। ਪੰਜਾਬ ਹਰਿਆਣਾ ਹਾਈਕੋਰਟ ਦੇ ਡਬਲ ਬੈਂਚ ਦੇ ਇਸ ਫੈਸਲੇ ਤੋਂ ਸਪੱਸ਼ਟ ਹੈ ਕਿ ਹੁਣ ਉਸ ਭਰਤੀ ਪ੍ਰਕਿਰਿਆ ਵਿੱਚ ਸ਼ਾਮਲ ਲੋਕ ਨੌਕਰੀਆਂ ਹਾਸਲ ਕਰ ਸਕਣਗੇ। ਸਰਕਾਰ ਨੇ ਅਦਾਲਤ ਵਿੱਚ ਦਲੀਲ ਦਿੱਤੀ ਸੀ ਕਿ ਕਾਲਜਾਂ ਵਿੱਚ ਪ੍ਰੋਫੈਸਰਾਂ ਦੀ ਘਾਟ ਹੈ। ਇਸ ਦਾ ਅਸਰ ਵਿਦਿਆਰਥੀਆਂ ਦੇ ਕੈਰੀਅਰ 'ਤੇ ਪੈ ਰਿਹਾ ਹੈ। ਅਜਿਹੀ ਸਥਿਤੀ ਵਿੱਚ ਵਿਦਿਆਰਥੀਆਂ ਦੇ ਹਿੱਤ ਵਿੱਚ ਬਹੁਤ ਜ਼ਰੂਰੀ ਹੈ ਕਿ ਇਸ ਭਰਤੀ ਪ੍ਰਕਿਰਿਆ ਨੂੰ ਰੱਦ ਨਹੀਂ ਕੀਤਾ ਜਾਣਾ ਚਾਹੀਦਾ। ਇਸ ਭਰਤੀ ਪ੍ਰਕਿਰਿਆ ਨੂੰ ਪੂਰਾ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਸਰਕਾਰ ਨੇ ਅਦਾਲਤ ਵਿੱਚ ਆਪਣਾ ਪੱਖ ਪੇਸ਼ ਕੀਤਾ। ਇਸ ਤੋਂ ਬਾਅਦ ਇਹ ਫੈਸਲਾ ਲਿਆ ਗਿਆ। ਸਤੰਬਰ 2024 ਵਿੱਚ ਹਾਈਕੋਰਟ ਵੱਲੋਂ ਫ਼ੈਸਲਾ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਡੰਗ ਟਪਾਈ ਕਰਕੇ ਸਮਾਂ ਲੰਘਾ ਰਹੀ ਹੈ। ਇਸੇ ਕਰਕੇ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨ ਲਈ ਮਜਬੂਰ ਹੋਣਾ ਪਿਆ।

ਸੰਗਰੂਰ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕਰ ਰਹੇ ਅਸਿਸਟੈਂਟ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਨੂੰ ਨੌਕਰੀਆਂ ਦੇਣ ਦੀ ਥਾਂ ਪੁਲਸ ਵੱਲੋਂ ਡਾਂਗਾਂ ਨਾਲ ਨਿਵਾਜਣਾ ਪੰਜਾਬ ਸਰਕਾਰ ਦੇ ਜਾਬਰ ਤਾਨਾਸ਼ਾਹੀ ਰਵੱਈਏ ਦੀ ਮੂੰਹ ਬੋਲਦੀ ਤਸਵੀਰ ਹੈ। ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਤੇ ਜਸਵੰਤ ਜੀਰਖ ਨੇ 1158 ਅਸਿਸਟੈਂਟ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਇਨ੍ਹਾਂ ਨੂੰ ਨਿਯੁਕਤੀ ਪੱਤਰ ਤੁਰੰਤ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਹੈ।

# ਨਗਰ ਕੌਂਸਲ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ : ਪਵਨ ਗੁਪਤਾ

- ਹਲਕਾ ਵਿਧਾਇਕ ਸੁੱਖਾਨੰਦ ਦੀ ਰਹਿਨੁਮਾਈ ਹੇਠ ਚੱਲ ਰਹੀ ਵਿਕਾਸ ਦੀ ਹਨੇਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਅਗਲੇ ਮਹੀਨੇ ਹੋਣ ਜਾ ਰਹੀਆਂ ਨਗਰ ਕੌਂਸਲ ਦੀਆਂ ਚੋਣਾਂ ਬਾਰੇ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਮਾਜ ਸੇਵੀ ਪਵਨ ਗੁਪਤਾ ਨੇ ਕਿਹਾ ਕਿ ਨਗਰ ਕੌਂਸਲ ਬਾਘਾ ਪੁਰਾਣਾ ਦੀਆਂ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ।ਉਨ੍ਹਾ ਕਿਹਾ ਕਿ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਵੱਲੋਂ ਹਲਕੇ ਦਾ ਸਰਬਪੱਖੀ ਵਿਕਾਸ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਦੋਂ ਤੋਂ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਉਦੋਂ ਤੋਂ ਹੀ ਹਲਕਾ ਬਾਘਾ ਪੁਰਾਣਾ ਵਿੱਚ ਵਿਕਾਸ ਦੀ ਹਨੇਰੀ ਚੱਲੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਇਹ ਪਹਿਲੀ ਸਰਕਾਰ ਹੈ, ਜਿਸ ਨੇ ਆਉਣ ਸਾਰ, ਜੋ ਸੂਬੇ ਦੇ ਲੋਕਾਂ ਨਾਲ ਵਾਅਦੇ ਤੇ ਗਰੰਟੀਆਂ ਕੀਤੀਆਂ ਸਨ। ਉਨ੍ਹਾਂ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ।ਪਵਨ ਗੁਪਤਾ ਨੇ ਅੱਗੇ ਗੱਲਬਾਤ ਕਰਦੇ ਆਂ ਆਖਿਆ ਕਿ ਹਲਕੇ ਦੇ ਵਿਧਾਇਕ ਵੱਲੋਂ ਸੂਬਾ ਸਰਕਾਰ ਤੋਂ ਵੱਡੀ ਗਿਣਤੀ ਵਿੱਚ ਗਰਾਂਟਾਂ ਲਿਆ ਕੇ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ ਹਲਕੇ ਦੇ ਸਰਪੰਚ ਦੇ ਇਲਾਵਾ ਕਸਬਿਆਂ ਦੇ ਆਮ ਆਦਮੀ ਪਾਰਟੀ ਦੇ ਆਗੂ ਪਾਰਟੀਬਾਜ਼ੀ ਤੋਂ ਉੱਠ ਕੇ ਵਿਕਾਸ ਕਾਰਜਾਂ ਦੇ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸ਼ਹਿਰ ਅੰਦਰ ਕੋਈ ਵੀ ਵਿਕਾਸ ਕਾਰਜ ਅਧੂਰਾ ਨਹੀਂ ਛੱਡਿਆ ਜਾਵੇਗਾ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਸ਼ਹਿਰ ਦੇ ਨਿਵਾਸੀ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਹੈ ਤਾਂ ਉਹ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ ਤਾਂ ਕਿ ਉਨ੍ਹਾਂ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ।ਨਗਰ ਕੌਂਸਲ ਚੋਣਾਂ ਤੇ ਗੱਲਬਾਤ ਕਰਦਿਆਂ ਆਖਿਆ ਕਿ ਆਪ ਵਿਧਾਇਕ ਵੱਲੋਂ ਉਨ੍ਹਾਂ ਉਮੀਦਵਾਰਾਂ ਨੂੰ ਹੀ ਥਾਪੜਾ ਦਿੱਤਾ ਜਾਵੇਗਾ, ਜੋ ਬੇਦਾਗ ਪੜ੍ਹੇ ਲਿਖੇ ਸੂਝਵਾਨ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਿਰ ਦੇ ਵਿਕਾਸ ਲਈ ਯਤਨਸ਼ੀਲ ਹੋਣ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਬਾਘਾ ਪੁਰਾਣਾ ਦੀ ਨਵੀਂ ਚੁਣੀ ਹੋਈ ਟੀਮ ਸ਼ਹਿਰ ਦੀ ਸਰਪੱਖੀ ਵਿਕਾਸ ਲਈ ਯਤਨਸ਼ੀਲ ਹੋਵੇਗੀ ਤੇ ਸ਼ਹਿਰ ਬਾਘਾ ਪੁਰਾਣਾ ਨੂੰ ਸੂਬੇ ਦਾ ਸਭ ਤੋਂ ਸੁੰਦਰ ਤੇ ਮਡਲ ਸ਼ਹਿਰ ਬਣਾਇਆ ਜਾਵੇਗਾ।

## ਸ਼ੇਰਗੜ੍ਹ ਤੋਂ ਮੰਡ ਖਾਨਪੁਰ ਤੱਕ ਸੜਕ ਦਾ ਨਿਰਮਾਣ ਸ਼ੁਰੂ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੋਕ ਨਿਰਮਾਣ ਵਿਭਾਗ ਵੱਲੋਂ ਸ਼ੇਰਗੜ੍ਹ ਤੋਂ ਮੰਡ ਖਾਨਪੁਰ ਤੱਕ ਸੜਕ ਦਾ ਨਿਰਮਾਣ ਸ਼ੁਰੂ ਕਰਵਾਉਣ 'ਤੇ ਸਤਲੁਜ ਦਰਿਆ ਕਿਨਾਰੇ ਵਸਦੇ ਪਿੰਡਾਂ ਦੇ ਲੋਕਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸ਼ੇਰਗੜ੍ਹ ਤੋਂ ਮੰਡ ਖਾਨਪੁਰ ਤੱਕ 3 ਕਿਲੋਮੀਟਰ ਤੋਂ ਵੱਧ ਲੰਬੀ ਸੜਕ ਤੇ ਡੇਢ ਸਾਲ ਪਹਿਲਾਂ ਹੜ੍ਹਾਂ ਕਾਰਨ ਰੁੜ੍ਹ ਗਈ, ਪੁਲੀ ਤੇ ਸੜਕ ਦੀ ਮੁਰੰਮਤ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਨਿਰਮਾਣ ਕਾਰਜ ਦੇ ਮੁਕੰਮਲ ਹੋਣ 'ਤੇ 32 ਲੱਖ ਰੁਪਏ ਦਾ ਖਰਚਾ ਆਵੇਗਾ। ਸ਼ੇਰਗੜ੍ਹ ਦੇ ਸਰਪੰਚ ਜੋਗਿੰਦਰ ਸਿੰਘ ਪੌਲਾ ਨੇ ਕਿਹਾ ਕਿ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਯਤਨਾਂ ਸਦਕਾ ਇਹ ਬੇਹੱਦ ਖਸਤਾ ਹਾਲਤ ਸੜਕ ਦਾ ਨਿਰਮਾਣ ਸ਼ੁਰੂ ਹੋਇਆ ਹੈ, ਜਿਸ ਲਈ ਸਤਲੁਜ ਦਰਿਆ ਕਿਨਾਰੇ ਵਸਦੇ ਪਿੰਡਾਂ ਦੇ ਲੋਕ ਉਨ੍ਹਾਂ ਦੇ ਧੰਨਵਾਦੀ ਹਨ।

# ਖੇਤੀਬਾੜੀ ਵਿਭਾਗ ਵੱਲੋਂ ਖਾਦ ਵਿਕਰੇਤਾਵਾਂ ਤੇ ਸਹਿਕਾਰੀ ਸਭਾਵਾਂ ਦੀ ਚੈਕਿੰਗ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਖ਼ੇਤੀਬਾੜੀ ਮੰਤਰੀ ਪੰਜਾਬ ਸ੍ਰੀ ਗੁਰਮੀਤ ਸਿੰਘ ਖੁੱਡੀਆ ਦੇ ਆਦੇਸ਼ਾਂ 'ਤੇ ਡਾਇਰੈਕਟਰ ਖ਼ੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਡਾਕਟਰ ਜਸਵੰਤ ਸਿੰਘ ਵੱਲੋਂ ਭੇਜੀ ਰਾਜ ਪੱਧਰੀ ਟੀਮ ਵੱਲੋਂ ਫ਼ਰੀਦਕੋਟ ਤੇ ਕੋਟਕਪੂਰਾ ਵਿੱਚ ਖਾਦ ਤੇ ਕੀਟਨਾਸ਼ਕ ਵਿਕਰੇਤਾਵਾਂ ਦੇ ਕਾਰੋਬਾਰ ਨਾਲ ਸੰਬੰਧਤ ਗੋਦਾਮਾਂ ਤੇ ਦੁਕਾਨਾਂ ਦੀ ਚੈਕਿੰਗ ਕੀਤੀ ਗਈ।ਟੀਮ ਵਿੱਚ ਡਾ. ਗੁਰਦੀਪ ਸਿੰਘ ਡਿਪਟੀ ਡਾਇਰੈਕਟਰ (ਖੇਤੀਬਾੜੀ), ਡਾਕਟਰ ਗਿਰੀਸ਼ ਕੁਮਾਰ ਫ਼ਸਲ ਵਿਗਿਆਨੀ, ਡਾ. ਰਮਨਦੀਪ ਸਿੰਘ, ਡਾ. ਪਰਮਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ ਸਮੇਤ ਹੋਰ ਅਧਿਕਾਰੀ ਸ਼ਾਮਲ ਸਨ।

ਇਸ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਹਾੜ੍ਹੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਖਾਦਾਂ ਦੀ ਸੈਂਪਲਿੰਗ, ਕਾਲਾਬਜ਼ਾਰੀ ਤੇ ਜਮਾਂਖੋਰੀ ਰੋਕਣ ਲਈ ਦੁਕਾਨਾਂ ਅਤੇ ਗੋਦਾਮਾਂ ਦੀ ਨਿਰੰਤਰ ਚੈਕਿੰਗ ਕੀਤੀ ਜਾ ਰਹੀ ਹੈ।ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਉੱਚ ਪੱਧਰੀ ਟੀਮ ਵੱਲੋਂ ਬਲਾਕ ਫ਼ਰੀਦਕੋਟ ਤੇ ਕੋਟਕਪੂਰਾ ਵਿੱਚ ਕੀਤੀ ਚੈਕਿੰਗ ਦੌਰਾਨ 8 ਖਾਦਾਂ ਤੇ ਦੋ ਕੀਟਨਾਸ਼ਕਾਂ ਦੇ ਨਮੂਨੇ ਭਰ ਕੇ ਪ੍ਰੀਖਣ ਲਈ ਪ੍ਰਯੋਗਸ਼ਲਾਵਾਂ ਵਿੱਚ ਭੇਜ ਦਿੱਤੇ ਹਨ।ਉਨ੍ਹਾਂ ਦੱਸਿਆ ਕਿ ਚਾਲੂ ਸਾਲ ਦੌਰਾਨ ਹੁਣ ਤੱਕ 60 ਖਾਦਾਂ ਤੇ 56 ਕੀਟਨਾਸ਼ਕਾਂ ਦੇ ਸੈਂਪਲ ਭਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ 2 ਖਾਦਾਂ ਤੇ 2 ਕੀਟਨਾਸ਼ਕਾਂ ਦੇ ਸੈਂਪਲ ਘੱਟ ਮਿਆਰ ਦੇ ਪਾਏ ਗਏ ਹਨ, ਜਿਨ੍ਹਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਰੋਜ਼ਾਨਾਂ ਦੁਕਾਨ 'ਤੇ ਖਾਦ ਦਾ ਸਟਾਕ ਬੋਰਡ ਵਿੱਚ ਸਟਾਕ ਵਿਚ ਮੌਜੂਦ ਖਾਦ ਦੀ ਮਾਤਰਾ ਤੇ ਕੀਮਤ ਲਿਖੀ ਹੋਣੀ ਚਾਹੀਦੀ ਹੈ।ਉਨ੍ਹਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੌਸ ਮਸ਼ੀਨਾਂ ਵਿੱਚ ਮੌਜੂਦ ਵਿਕਰੀ ਕੀਤੀ ਖਾਦ ਦਾ ਸਟਾਕ ਨਾਲੋ ਨਾਲ ਨਿਲ ਕੀਤਾ ਜਾਵੇ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੌਸ ਮਸ਼ੀਨਾਂ ਤੇ ਦੁਕਾਨ 'ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ।ਉਨ੍ਹਾਂ ਸਮੂਹ ਡੀਲਰਾਂ ਤੇ ਸਕੱਤਰ ਸਹਿਕਾਰੀ ਸਭਾਵਾਂ ਨੂੰ ਵੀ ਇਹ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ।ਉਨ੍ਹਾਂ ਕਿਹਾ ਕਿ ਡੀਲਰਾਂ /ਸਹਿਕਾਰੀ ਸਭਾਵਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ, ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ।ਉਨ੍ਹਾ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ, ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ, ਤਾਂ ਉਸ ਦੀ ਲਿਖਤੀ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

# ਵਿਧਾਇਕ ਬਲਕਾਰ ਸਿੱਧੂ ਵੱਲੋਂ ਕਰੋੜਾਂ ਰੁਪਏ ਦੇ ਪ੍ਰਾਜੈਕਟਾਂ ਦਾ ਉਦਘਾਟਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਹਲਕਾ ਵਿਧਾਇਕ ਬਲਕਾਰ ਸਿੱਧੂ ਨੇ ਸ਼ਹਿਰ ਰਾਮਪੁਰਾ ਦੇ ਸੁੰਦਰੀਕਰਨ ਸੁਪਨੇ ਪੂਰੇ ਕਰਨ ਦੇ ਆਪਣੇ ਦਾਅਵੇ ਨੂੰ ਅਮਲੀ ਰੂਪ ਦਿੰਦਿਆਂ ਕਰੋੜਾਂ ਰੁਪਏ ਦੇ ਪ੍ਰਾਜੈਕਟਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਨਮੂਨੇ ਦਾ ਸ਼ਹਿਰ ਬਣਾਉਣ ਦੇ ਸੁਪਨੇ ਪੂਰੇ ਕੀਤੇ ਜਾ ਰਹੇ ਹਨ। ਸ਼ਹਿਰ ਦੀ ਕੋਈ ਗਲ਼ੀ ਕੱਚੀ ਨਹੀਂ ਰਹਿਣ ਦਿੱਤੀ ਜਾਵੇਗੀ।ਉਨ੍ਹਾਂ ਵਿਰੋਧੀ ਸਾਬਕਾ ਮੰਤਰੀਆਂ ਦੇ ਨਾਂਅ ਲਏ ਬਿਨਾਂ ਉਨ੍ਹਾਂ 'ਤੇ ਅਸਿੱਧੇ ਹਮਲਾ ਬੋਲਦਿਆਂ ਕਿਹਾ ਕਿ ਜੇ ਹੁਣ ਉਹ ਹੁੰਦੇ ਤਾਂ ਪਾਰਕਾਂ ਵਾਲੀਆਂ ਥਾਂਵਾਂ 'ਤੇ ਮਾਰਕੀਟਾਂ ਦੁਕਾਨਾਂ ਕੱਟ ਕੇ ਅੱਗੇ ਵੇਚ ਦੇਣੀਆਂ ਸਨ, ਪਰ ਅਸੀਂ ਜੋ ਕਿਹਾ, ਉਹ ਕਰਦੇ ਹਾਂ ਤੇ ਹਮੇਸ਼ਾ ਕਰਦੇ ਰਹਾਂਗੇ।ਉਨ੍ਹਾ ਹਲਕੇ ਦੇ ਲੋਕਾਂ ਸਮੇਤ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਰਵਿੰਦ ਕੇਜਰੀਵਾਲ ਤੇ ਸੰਬੰਧਤ ਮੰਤਰੀ ਸਾਹਿਬਾਨਾਂ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ।ਉਨ੍ਹਾ ਦੱਸਿਆ ਕਿ ਸ਼ਹਿਰੀਆਂ ਲਈ ਲਗਭਗ ਡੇਢ ਕਰੋੜ ਰੁਪਏ ਦੀ ਗਰਾਂਟ ਨਾਲ ਪਟਿਆਲਾ ਮੰਡੀ ਮਾਰਕੀਟ ਕਮੇਟੀ ਵਾਲੀ ਥਾਂ 'ਤੇ ਪਾਰਕ ਤੇ ਸੂਏ ਨੂੰ ਲਗਭਗ ਗਿਆਰਾਂ ਕਰੋੜ ਲਾਗਤ ਨਾਲ ਪੱਕਾ ਤੇ ਆਲੇ-ਦੁਆਲੇ 'ਤੇ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਇੰਟਰਲਾਕ ਟਾਈਲਾਂ, ਬੂਟਿਆਂ ਗਜੀਬੋ ਘਾਹ ਲਾਈਟਾਂ ਲਗਾ ਕੇ ਸ਼ਾਨਦਾਰ ਸੈਰਗਾਹ ਦੀ ਸਥਾਪਨਾ ਕੀਤੀ ਜਾਵੇਗੀ ਤੇ ਸ਼ਹਿਰ ਦੇ ਨਜ਼ਾਰੇ ਦੇਖਣਯੋਗ ਬਣਨਗੇ।ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਸ਼ਹਿਰ ਰਾਮਪੁਰਾ ਲਈ ਵਾਰਡ ਵਿੱਚੋਂ ਸਰਬਸੰਮਤੀ ਕਰਨ ਵਾਲਿਆਂ ਲਈ ਪੰਜ ਲੱਖ ਰੁਪਏ ਪ੍ਰਤੀ ਵਾਰਡ ਗਰਾਂਟ ਦੇਣ ਦੀ ਗੱਲ ਵੀ ਆਖੀ ਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਯੋਗ ਵਿਅਕਤੀ ਨੂੰ ਜਤਾਉਣ ਦੀ ਅਪੀਲ ਕੀਤੀ।ਹਲਕਾ ਵਿਧਾਇਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ 'ਤੇ ਤਸੱਲੀ ਜ਼ਾਹਰ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫੱਤਵਾ ਦੇਣਾ ਪਾਰਟੀ ਦੇ ਵਿਕਾਸਮਈ ਕਾਰਜਾਂ ਤੇ ਲੋਕ ਪੱਖੀ ਸਕੀਮਾਂ 'ਤੇ ਪੱਕੀ ਮੋਹਰ ਹੈ।ਇਸ ਮੌਕੇ ਉਨ੍ਹਾਂ ਨਾਲ ਆਪ ਪਾਰਟੀ ਦੇ ਸੈਂਕੜੇ ਆਗੂ ਵਰਕਰ ਸ਼ਾਮਲ ਹੋਏ।

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦਾ 51ਵਾਂ ਸਥਾਪਨਾ ਦਿਵਸ ਮਨਾਇਆ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਦੇ 51ਵੇਂ ਸਥਾਪਨਾ ਦਿਵਸ ਮੌਕੇ ਮੈਡੀਕਲ ਕਾਲਜ ਦੇ ਜਥੇ ਵੱਲੋਂ 20 ਨਵੰਬਰ ਤੋਂ 22 ਨਵੰਬਰ ਤੱਕ 3 ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਹਜ਼ੂਰੀ ਰਾਗੀ ਭਾਈ ਅਮਨਦੀਪ ਸਿੰਘ ਜੀ ਨੇ ਵਿਦਿਆਰਥੀਆਂ ਤੇ ਸੰਗਤ ਨੂੰ ਇਲਾਹੀ ਗੁਰਬਾਣੀ ਦਾ ਕੀਰਤਨ ਸੁਣਾ ਕੇ ਨਿਹਾਲ ਕੀਤਾ।ਅਰਦਾਸ ਸਮਾਗਮ ਤੋਂ ਬਾਅਦ ਮਾਨਯੋਗ ਵਾਈਸ ਚਾਂਸਲਰ ਸਾਹਿਬ, ਪ੍ਰੋਫੈਸਰ (ਡਾ.) ਰਾਜੀਵ ਸੂਦ ਨੇ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਦੱਸਿਆ।ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਅਸੀਂ ਗੁਰੂ ਸਾਹਿਬ ਜੀ ਦੀਆਂ 1% ਸਿੱਖਿਆਵਾਂ ਨੂੰ ਵੀ ਆਪਣੇ ਜੀਵਨ ਵਿੱਚ ਅਪਨਾਈਏ ਤਾਂ ਅਸੀਂ ਆਪਣੇ ਜੀਵਨ ਦੇ ਹਰ ਪਹਿਲੂ ਵਿੱਚ ਉੱਤਮ ਹੋ ਸਕਦੇ ਹਾਂ।ਮਾਣਯੋਗ ਵਿਧਾਇਕ ਫਰੀਦਕੋਟ ਸ੍ਰ: ਗੁਰਦਿੱਤ ਸਿੰਘ ਸੇਖੋਂ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਅਜਿਹੇ ਸਮਾਗਮ ਕਰਵਾਉਂਦੇ ਰਹਿਣ ਲਈ ਪ੍ਰੇਰਿਤ ਕੀਤਾ।ਮੈਡੀਕਲ ਕਾਲਜ ਜਥੇ ਦੇ ਪ੍ਰਧਾਨ ਡਾ: ਅਮਨਪ੍ਰੀਤ ਸਿੰਘ ਸੇਠੀ ਤੇ ਪ੍ਰਿੰਸੀਪਲ ਡਾ: ਸੰਜੇ ਗੁਪਤਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸੁਚੱਜੀ ਯੋਜਨਾਬੰਦੀ ਤੇ ਸਖ਼ਤ ਮਿਹਨਤ ਲਈ ਵਧਾਈ ਦਿੰਦਿਆਂ ਸਮਾਗਮ ਦੀ ਸਮਾਪਤੀ ਕੀਤੀ। ਇਸ ਮੌਕੇ ਯੂਨੀਵਰਸਿਟੀ ਦੇ ਡੀਨ ਡਾ: ਦੀਪਕ ਜੌਨ ਭੱਟੀ, ਪ੍ਰੀਖਿਆ ਕੰਟਰੋਲਰ ਡਾ: ਰਾਜੀਵ ਜੋਸ਼ੀ, ਮੈਡੀਕਲ ਸੁਪਰਡੈਂਟ ਡਾ: ਨੀਤੂ ਕੁੱਕੜ, ਵਾਈਸ ਪ੍ਰਿੰਸੀਪਲ ਡਾ: ਸਰਿਤਾ, ਵਾਈਸ ਪ੍ਰਿੰਸੀਪਲ ਡੈਂਟਲ ਕਾਲਜ ਡਾ: ਜਸਬੀਰ ਕੌਰ, ਸਹਾਇਕ ਰਜਿਸਟਰਾਰ ਡਾ: ਰੋਹਿਤ ਚੋਪੜਾ ਮੈਡੀਕਲ ਜਥੇ ਦੇ ਉਪ ਪ੍ਰਧਾਨ ਡਾ: ਸੁਖਰਾਜ ਸਿੰਘ ਸੰਧੂ ਤੇ ਲਾਇਸਨ ਅਫ਼ਸਰ ਫਤਿਹ ਦੀਪ ਸਿੰਘ ਮਾਨ ਵੀ ਹਾਜ਼ਰ ਸਨ।

# ਅਰਵਿੰਦ ਨਗਰ ਰੈਜ਼ੀਡੈਂਸ਼ੀਅਲ ਵੈੱਲਫੇਅਰ ਸੁਸਾਇਟੀ ਦਾ ਜਨਰਲ ਅਜਲਾਸ

- ਸਰਬਸੰਮਤੀ ਨਾਲ ਤੀਜੀ ਵਾਰ ਨੰਦ ਕਿਸ਼ੋਰ ਗਰਗ ਪ੍ਰਧਾਨ ਤੇ ਪ੍ਰੇਮ ਚਾਵਲਾ ਜਨਰਲ ਸਕੱਤਰ ਚੁਣੇ




**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਬਠਿੰਡਾ ਰੋਡ 'ਤੇ ਸਥਿਤ ਪੁੱਡਾ ਤੋਂ ਮਾਨਤਾ ਪ੍ਰਾਪਤ ਕਲੌਨੀ 'ਅਰਵਿੰਦ ਨਗਰ ਰੈਜ਼ੀਡੈਂਸ਼ਲ ਵੈੱਲਫੇਅਰ ਸੋਸਾਇਟੀ' (ਰਜਿਸਟਰਡ) ਦਾ ਤੀਜਾ ਜਨਰਲ ਅਜਲਾਸ ਕਲੌਨੀ ਦੇ ਪਾਰਕ ਵਿੱਚ ਕੀਤਾ ਗਿਆ।ਇਸ ਅਜਲਾਸ ਦੇ ਸ਼ੁਰੂ ਵਿੱਚ ਸੋਸਾਇਟੀ ਦੇ ਪ੍ਰੈੱਸ ਸਕੱਤਰ ਮਨਦੀਪ ਸਿੰਘ ਪੁਰਬਾ ਨੇ ਸਾਰੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਸੁਸਾਇਟੀ ਦੇ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਆਪਣੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਦੀ ਪ੍ਰਗਤੀ ਰਿਪੋਰਟ ਤੇ ਵਿੱਤ ਸਕੱਤਰ ਕੈਪਟਨ ਬੀ ਐੱਸ ਬਰਾੜ ਨੇ ਵਿੱਤੀ ਲੇਖੇ-ਜੋਖੇ ਦੀ ਰਿਪੋਰਟ ਪੇਸ਼ ਕੀਤੀ।ਇਨ੍ਹਾਂ ਰਿਪੋਰਟਾਂ 'ਤੇ ਹੋਈ ਬਹਿਸ ਵਿੱਚ ਭਾਗ ਲੈਂਦੇ ਹੋਏ ਸੇਵਾ ਮੁਕਤ ਤਹਿਸੀਲਦਾਰ ਅੰਮ੍ਰਿਤ ਅਰੋੜਾ, ਓਮ ਪ੍ਰਕਾਸ਼ ਗੋਇਲ, ਸੁਮੀਤ ਸ਼ਰਮਾ, ਅਸ਼ੋਕ ਕੁਮਾਰ ਬਿੱਟੂ ਦਾਬੜਾ, ਮਨੂ ਚਾਨਾ, ਪਿਆਰੇ ਲਾਲ ਮੋਂਗਾ, ਡਾਕਟਰ ਹਰਜੀਤ ਸਿੰਘ, ਜਤਿੰਦਰ ਸਿੰਘ ਪੁਰਬਾ, ਮਾਸਟਰ ਰਾਜ ਕੁਮਾਰ, ਪ੍ਰਕਾਸ਼ ਸਿੰਘ ਕਲਸੀ ਤੇ ਤਰਸੇਮ ਲਾਲ ਮੋਂਗਾ ਮੁੱਖ ਅਧਿਆਪਕ ਨੇ ਆਪਣੇ ਸੰਬੋਧਨ ਵਿੱਚ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਨਾਲ ਆਪਣੀ ਸਹਿਮਤੀ ਪ੍ਰਗਟਾਈ ਤੇ ਕਲੌਨੀ ਦੇ ਚੰਗੇਰੇ ਭਵਿੱਖ ਲਈ ਕਈ ਸੁਝਾਅ ਵੀ ਪੇਸ਼ ਕੀਤੇ ਗਏ।ਕੁਝ ਸੋਧਾਂ ਤੇ ਵਾਧਿਆਂ ਨਾਲ ਇਨ੍ਹਾਂ ਦੋਵਾਂ ਰਿਪੋਰਟਾਂ ਨੂੰ ਪ੍ਰਵਾਨ ਕਰ ਲਿਆ ਗਿਆ।ਪ੍ਰਧਾਨ ਨੰਦ ਕਿਸ਼ੋਰ ਗਰਗ ਵੱਲੋਂ ਆਪਣੇ ਸੰਬੋਧਨ ਵਿੱਚ ਸਮੂਹ ਵਸਨੀਕਾਂ ਵੱਲੋਂ ਦਿੱਤੇ ਗਏ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਤੇ ਆਪਣੀ ਕਾਰਜਕਾਰਨੀ ਕਮੇਟੀ ਦਾ ਅਸਤੀਫਾ ਪੇਸ਼ ਕੀਤਾ ਗਿਆ।ਸਾਰੇ ਮੈਂਬਰਾਂ ਨੇ ਹੱਥ ਖੜੇ ਕਰਕੇ ਇਸ ਅਸਤੀਫੇ ਨੂੰ ਪ੍ਰਵਾਨ ਕੀਤਾ ਤੇ ਨਵੇਂ ਅਹੁਦੇਦਾਰਾਂ ਦੀ ਚੋਣ ਕਰਵਾਉਣ ਲਈ ਸੀਨੀਅਰ ਸਾਥੀ ਪ੍ਰਕਾਸ਼ ਸਿੰਘ ਕਲਸੀ ਨੂੰ ਅਧਿਕਾਰਤ ਕੀਤਾ ਗਿਆ।ਉਨ੍ਹਾ ਪ੍ਰਧਾਨ ਵਜੋਂ ਅਗਲੇ ਪੰਜ ਸਾਲਾਂ ਵਾਸਤੇ ਸੇਵਾ ਕਰਨ ਲਈ ਨਾਵਾਂ ਦੀ ਮੰਗ ਕੀਤੀ।ਕੋਈ ਨਵਾਂ ਨਾਂਅ ਨਾ ਆਇਆ ਤਾਂ ਕੈਪਟਨ ਬੀ ਐੱਸ ਬਰਾੜ ਨੇ ਮੁੜ ਪ੍ਰਧਾਨਗੀ ਲਈ ਨੰਦ ਕਸ਼ੋਰ ਗਰਗ ਦਾ ਨਾਂਅ ਪੇਸ਼ ਕੀਤਾ।ਸਾਰੇ ਮੈਂਬਰਾਂ ਵੱਲੋਂ ਹੱਥ ਖੜੇ ਕਰਕੇ ਇਸ ਨਾਂਅ ਦੀ ਪੁਰਜ਼ੋਰ ਤਾਇਦ ਕੀਤੀ ਅਤੇ ਨੰਦ ਕਿਸ਼ੋਰ ਗਰਗ ਤੀਜੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਏ ਗਏ।ਇਸ ਉਪਰੰਤ ਨੰਦ ਕਿਸ਼ੋਰ ਗਰਗ ਪ੍ਰਧਾਨ ਨੇ ਆਪਣੇ ਸੀਨੀਅਰ ਸਾਥੀਆਂ ਨਾਲ ਸਲਾਹ ਮਸ਼ਵਰਾ ਕਰਕੇ ਨਵੇਂ ਅਹੁਦੇਦਾਰਾਂ ਦੀ ਲਿਸਟ ਹਾਜ਼ਰੀਨ ਸਾਹਮਣੇ ਪੇਸ਼ ਕੀਤੀ, ਜਿਸ ਅਨੁਸਾਰ ਚਰਨਜੀਤ ਸਿੰਘ ਤੇ ਹਰਪਾਲ ਸਿੰਘ ਸਰਪੰਚ ਨੂੰ ਸਰਪ੍ਰਸਤ, ਵਿਜੇ ਭਾਰਦਵਾਜ ਨੂੰ ਸਲਾਹਕਾਰ, ਨੰਦ ਕਿਸ਼ੋਰ ਗਰਗ ਪ੍ਰਧਾਨ, ਸਰਬਜੀਤ ਸਿੰਘ ਬਰਾੜ ਸੀਨੀਅਰ ਮੀਤ ਪ੍ਰਧਾਨ, ਕੁਲਜੀਤ ਕੁਮਾਰ ਸਹਿਗਲ ਮੀਤ ਪ੍ਰਧਾਨ, ਪ੍ਰੇਮ ਚਾਵਲਾ ਜਨਰਲ ਸਕੱਤਰ, ਕੈਪਟਨ ਬੀ ਐੱਸ ਬਰਾੜ ਵਿੱਤ ਸਕੱਤਰ, ਪ੍ਰਕਾਸ਼ ਸਿੰਘ ਕਲਸੀ ਜਥੇਬੰਦਕ ਸਕੱਤਰ, ਮਨਦੀਪ ਸਿੰਘ ਪੁਰਬਾ ਪ੍ਰੈੱਸ ਸਕੱਤਰ, ਮਨਜਿੰਦਰ ਸਿੰਘ ਪੱਪੂ ਸੰਯੁਕਤ ਸਕੱਤਰ, ਐਡਵੋਕੇਟ ਰਜਨੀਸ਼ ਗੋਇਲ ਕਾਨੂੰਨੀ ਸਲਾਹਕਾਰ, ਗੁਰਲਾਲ ਸਿੰਘ ਮੱਤਾ, ਡਾਕਟਰ ਹਰੀ ਓਮ ਸ਼ਰਮਾ, ਨਾਜਰ ਸਿੰਘ ਸਿੱਧੂ, ਬਲਦੇਵ ਸਿੰਘ ਪੀ ਆਰ ਟੀ ਸੀ ਤੇ ਸੁਮੀਤ ਸ਼ਰਮਾ ਕਾਰਜਕਾਰਨੀ ਕਮੇਟੀ ਦੇ ਮੈਂਬਰ ਚੁਣੇ ਗਏ।ਪ੍ਰਧਾਨ ਨੰਦ ਕਿਸ਼ੋਰ ਗਰਗ ਨੇ ਦੱਸਿਆ ਕਿ ਪਿਛਲੀਆਂ ਪ੍ਰੰਪਰਾਵਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਨਵਾਂ ਸਾਲ 2025 ਨੂੰ ਜੀ ਆਇਆਂ ਕਹਿਣ ਲਈ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕਰਨ ਵਾਸਤੇ ਤੇ ਅਰਵਿੰਦ ਨਗਰ ਕਲੌਨੀ ਦੀ ਹੋਰ ਬਿਹਤਰੀ ਲਈ ਮੈਂਬਰਾਂ ਵੱਲੋਂ ਦਿੱਤੇ ਗਏ ਵੱਖ ਵੱਖ ਸੁਝਾਵਾਂ ਦੀ ਪਾਲਣਾ ਕਰਨ ਲਈ ਨਵੇਂ ਚੁਣੇ ਗਏ ਅਹੁਦੇਦਾਰਾਂ ਦੀ ਮੀਟਿੰਗ 30 ਨਵੰਬਰ ਨੂੰ ਸ਼ਾਮ 4 ਵਜੇ ਅਰਵਿੰਦ ਨਗਰ ਕਲੌਨੀ ਵਿੱਚ ਰੱਖ ਲਈ ਗਈ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਨੇਕ ਸਿੰਘ ਮਹਿਲ, ਅਲਬੇਲ ਸਿੰਘ, ਮੁਕੇਸ਼ ਦੀਪ ਸ਼ਰਮਾ, ਵਿਸ਼ਵਜੀਤ, ਐੱਸ ਪੀ ਸਿੰਘ, ਬਿੰਦਰ ਸਿੰਘ, ਸੰਤੋਖ ਸਿੰਘ, ਸਵਰਨ ਕੰਵਲ ਮਾਨ, ਕਰੋੜੀ ਲਾਲ ਮਿੱਤਲ, ਸੰਦੀਪ ਕੁਮਾਰ, ਮਾਸਟਰ ਰਾਮ ਸਿੰਘ ਬਰਾੜ, ਮਨਦੀਪ ਸਿੰਘ ਸਰਾਂ, ਸੁਰਿੰਦਰ ਪਾਲ ਕੱਕੜੀਆ, ਪ੍ਰੇਮ ਕੁਮਾਰ ਤਹਿਸੀਲਦਾਰ, ਜਗਜੀਤ ਸਿੰਘ, ਗੁਰਵਿੰਦਰ ਸਿੰਘ ਚਾਨਾ, ਵਿਸ਼ਾਲ ਮਿੱਤਲ, ਜਸਵਿੰਦਰ ਸਿੰਘ ਕੰਪਿਊਟਰ ਅਧਿਆਪਕ, ਮਨਪ੍ਰੀਤ ਸਿੰਘ ਚਾਨਾ, ਮਨਜੀਤ ਕੁਮਾਰ ਲੈਕਚਰਾਰ, ਜਗਤਾਰ ਕੁਮਾਰ ਸ਼ਰਮਾ, ਪਿਸ਼ੌਰ ਸਿੰਘ ਤੇ ਜਸਵੰਤ ਸਿੰਘ ਆਦਿ ਸ਼ਾਮਲ ਸਨ।

## ਐਮਰਜੈਂਸੀ ਹਾਲਤਾਂ ਨਾਲ ਨਜਿੱਠਣ ਲਈ ਪੁਲਸ ਮੁਲਾਜ਼ਮਾਂ ਨੂੰ ਦਿੱਤੀ ਸਪੈਸ਼ਲ ਟ੍ਰੇਨਿੰਗ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਦੀ ਅਗਵਾਈ ਹੇਠ ਪੁਲਸ ਲਾਈਨ ਫਰੀਦਕੋਟ ਵਿਖੇ ਸਪੈਸ਼ਲ ਮੌਕ ਡਰਿੱਲ ਦਾ ਆਯੋਜਨ ਕੀਤਾ ਗਿਆ, ਤਾਂ ਕਿ ਕਿਸੇ ਵੀ ਐਮਰਜੈਂਸੀ ਸਥਿਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਤਿਆਰੀਆਂ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਦੌਰਾਨ ਬੁਲੇਟ ਪਰੂਫ, ਰੈਪਿਡ ਰਿਸਪਾਂਸ ਵਾਹਨਾਂ, ਕੇਨ ਸ਼ੀਲਡ, ਹੈਲਮੇਟ, ਬਾਡੀ ਪ੍ਰੋਟੈਕਟਰ, ਅੱਥਰੂ ਗੈਸ, ਬੈਰੀਕੇਡ ਤੇ ਅਣਸੁਖਾਵੀਂ ਸਥਿਤੀਆਂ ਨਾਲ ਨਜਿੱਠਣ ਲਈ ਵਰਤੇ ਜਾਣ ਵਾਲੇ ਹੋਰ ਸਾਮਾਨ ਦੀ ਜਾਂਚ ਕੀਤੀ ਗਈ ਅਤੇ ਥੋੜ੍ਹੇ ਸਮੇਂ ਵਿੱਚ ਅੱਗੇ ਵਧਣ ਲਈ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਦੌਰਾਨ ਪੁਲਸ ਕਰਮਚਾਰੀਆਂ ਨੂੰ ਟ੍ਰੇਨਿੰਗ ਦੌਰਾਨ ਪ੍ਰਦਰਸ਼ਨਕਾਰੀਆਂ ਤੇ ਦੰਗਾਕਾਰੀਆਂ ਨਾਲ ਅਸਾਨੀ ਨਾਲ ਨਜਿੱਠਣ ਸਬੰਧੀ ਹਦਾਇਤਾਂ ਦਿੱਤੀਆਂ ਤਾਂ ਕਿ ਜ਼ਿਲ੍ਹੇ ਵਿੱਚ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਬਰਕਰਾਰ ਰੱਖੀ ਜਾ ਸਕੇ।

ਇਸ ਟ੍ਰੇਨਿੰਗ ਦੌਰਾਨ ਪੁਲਸ ਕਰਮਚਾਰੀਆਂ ਨੂੰ ਸੁਰੱਖਿਆ ਤਕਨੀਕਾਂ ਦੀ ਜਾਣਕਾਰੀ ਦਿੱਤੀ ਗਈ ਤਾਂ ਕਿ ਕਿਸੇ ਵੀ ਐਮਰਜੈਂਸੀ ਦੀ ਹਾਲਤਾਂ ਨਾਲ ਨਜਿੱਠਿਆ ਜਾ ਸਕੇ ਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।ਐੱਸ.ਐੱਸ.ਪੀ. ਡਾ. ਪ੍ਰਗਿਆ ਜੈਨ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਮੌਕ ਡਰਿੱਲ ਸਮੇਂ-ਸਮੇਂ 'ਤੇ ਕਰਵਾਈ ਜਾਂਦੀ ਹੈ, ਤਾਂ ਜੋ ਸਾਰੇ ਪੁਲਸ ਕਰਮਚਾਰੀਆਂ ਨੂੰ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ ਲਈ ਤਿਆਰ ਕੀਤਾ ਜਾ ਸਕੇ।

26-NovPAGE-11-Majha-2024.qxd 11/25/2024 10:52 PM Page 1



# ਅੱਜ ਡੀ ਸੀ ਦਫਤਰਾਂ ਅੱਗੇ ਦਿੱਤੇ ਜਾਣਗੇ ਰੋਸ ਧਰਨੇ

## * 26 ਨਵੰਬਰ 2019 ਨੂੰ ਸ਼ੁਰੂ ਹੋਇਆ ਸੀ ਪੰਜਾਬ 'ਚ ਸਾਂਝਾ ਕਿਸਾਨ ਸੰਘਰਸ਼




ਗੁਰਦਾਸਪੁਰ (ਜਨਕ ਮਹਾਜਨ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਅੱਜ ਦੇ ਦਿਨ 26 ਨਵੰਬਰ 2019 ਨੂੰ ਸਾਰੇ ਪੰਜਾਬ ਵਿੱਚ ਸਾਂਝਾ ਕਿਸਾਨ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਇਹ ਸੰਘਰਸ਼ ਸਹਿਜੇ ਸਹਿਜੇ ਵੱਧਦਾ-ਵੱਧਦਾ ਪੂਰੇ ਦੇਸ਼ ਵਿੱਚ ਫੈਲ ਗਿਆ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਜਾ ਪਹੁੰਚਾ ਜਿਸ ਨੂੰ ਦਿੱਲੀ ਮੋਰਚੇ ਨਾਲ ਜਾਣਿਆ ਜਾਂਦਾ ਹੈ।ਲੰਬੇ ਸੰਘਰਸ਼ ਦੇ ਬਾਅਦ ਕੇਂਦਰ ਸਰਕਾਰ ਵੱਲੋਂ 16 ਨਵੰਬਰ 2021 ਨੂੰ ਮੋਦੀ ਸਰਕਾਰ ਵੱਲੋਂ ਬਣਾਏ ਹੋਏ ਕਾਲੇ ਕਾਨੂੰਨ ਵਾਪਸ ਲੈਣੇ ਪਏ ਸਨ ਕਿਸਾਨਾਂ ਮਜ਼ਦੂਰਾਂ ਦੀ ਵੱਡੀ ਜਿੱਤ ਹੋਈ ਸੀ।ਉਸ ਦੀ ਯਾਦ ਨੂੰ ਤਾਜ਼ਾ ਕਰਨ ਲਈ ਅਤੇ ਜੋ ਵਾਅਦੇ ਲਿਖਤੀ ਰੂਪ 'ਚ ਉਸ ਸਮੇਂ ਕੀਤੇ ਗਏ ਸਨ ਉਹਨਾਂ ਨੂੰ ਲਾਗੂ ਕਰਵਾਉਣ ਲਈ ਕਿਸਾਨਾਂ ਮਜ਼ਦੂਰਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ 26 ਨਵੰਬਰ ਨੂੰ ਡੀਸੀ ਦਫ਼ਤਰਾਂ ਅੱਗੇ ਧਰਨੇ ਦਿੱਤੇ ਜਾਣਗੇ।

ਗੁਰਦਾਸਪੁਰ ਦੇ ਕਿਸਾਨ ਮਜ਼ਦੂਰ ਪਹਿਲਾਂ 11 ਵਜੇ ਗੁਰੂ ਨਾਨਕ ਪਾਰਕ ਇਕੱਤਰ ਹੋਣਗੇ ਅਤੇ ਫਿਰ ਡੀਸੀ ਦਫ਼ਤਰ ਅੱਗੇ ਧਰਨਾ ਸ਼ੁਰੂ ਕੀਤਾ ਜਾਵੇਗਾ।ਸਭ ਨੂੰ ਇਸ ਵਿੱਚ ਸ਼ਾਮਿਲ ਹੋਣ ਦੀ ਅਪੀਲ ਕਰਦਿਆਂ ਇਸ ਦੀ ਤਿਆਰੀ ਲਈ ਕੀਤੀ ਗਈ ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਮੱਖਣ ਸਿੰਘ ਕੁਹਾੜ, ਹਰਜੀਤ ਸਿੰਘ ਕਾਹਲੋਂ, ਤਰਲੋਕ ਸਿੰਘ ਬਹਿਰਾਮਪੁਰ, ਗੁਰਵਿੰਦਰ ਸਿੰਘ ਜੀਵਨ ਚੱਕ, ਸੁਖਦੇਵ ਸਿੰਘ ਭਾਗੋਕਾਵਾਂ, ਬਲਵਿੰਦਰ ਸਿੰਘ, ਰਾਜੂ ਔਲਖ, ਗੁਰਵਿੰਦਰ ਸਿੰਘ, ਲਾਡੀ ਘੁਮਾਣ, ਸੁਰਿੰਦਰ ਸਿੰਘ ਕੋਠੇ, ਬਲਬੀਰ ਸਿੰਘ ਕੱਤੋਵਾਲ, ਕਰਨੈਲ ਸਿੰਘ ਸ਼ੇਰਪੁਰ, ਪਲਵਿੰਦਰ ਸਿੰਘ ਚਿਵਲਾਂ ਆਦਿ ਨੇ ਦੱਸਿਆ ਕਿ ਇਸ ਸਮੇਂ ਡਿਪਟੀ ਕਮਿਸ਼ਨਰ ਨੂੰ ਪ੍ਰਧਾਨ ਮੰਤਰੀ ਦੇ ਨਾਮ ਤੇ ਇੱਕ ਚੇਤਾਵਨੀ ਪੱਤਰ ਵੀ ਦਿੱਤਾ ਜਾਵੇਗਾ। ਜੇ ਫਿਰ ਵੀ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਲੀ ਮੋਰਚੇ ਵਰਗਾ ਇੱਕ ਵੱਡਾ ਸੰਘਰਸ਼ ਫੇਰ ਤੋਂ ਸ਼ੁਰੂ ਕੀਤਾ ਜਾਵੇਗਾ।ਇਸ ਵਾਰ ਜੋ ਕਿਸਾਨਾਂ ਦੀ ਖੱਜਲ ਖੁਆਰੀ ਹੋਈ ਹੈ ਅਤੇ ਝੋਨਾ ਠੀਕ ਭਾਅ 'ਤੇ ਵਿਕਣਾ ਤੇ ਇੱਕ ਪਾਸੇ ਰਿਹਾ, ਤੋਲ ਵਿੱਚ ਵੱਡੇ-ਵੱਡੇ ਕੱਟ ਵੀ ਲਾਏ ਗਏ ਹਨ ।ਇਸ ਮਸਲੇ ਲਈ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਤੋਂ ਮੁਆਵਜ਼ੇ ਦੀ ਪੂਰਤੀ ਦੀ ਮੰਗ ਵੀ ਕੀਤੀ ਜਾਵੇਗੀ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਹਰੀਆਂ ਵਿਖੇ ਧਾਰਮਿਕ ਸਮਾਗਮ

ਮਜੀਠਾ (ਸੋਇਮ ਆਨੰਦ)-ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਹਰੀਆਂ ਵਿਖੇ ਗੁਰਦੁਆਰਾ ਲਹਿਰੀ ਪੱਤੀ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਧਾਰਮਿਕ ਸਮਾਗਮ ਕਰਵਾਇਆ ਗਿਆ।ਗੁਰਦੁਆਰਾ ਸਾਹਿਬ ਵਿਖੇ ਗੁਰਪੁਰਬ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਪਾਠ ਦੇ ਭੋਗ ਦੀ ਅਰਦਾਸ ਉਪਰੰਤ ਕਵੀਸ਼ਰੀ ਅਤੇ ਕਥਾਵਾਚਕਾਂ ਭਾਈ ਰਣਜੀਤ ਸਿੰਘ ਪੰਨੂ ਦੇ ਜਥੇ ਵੱਲੋਂ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ।

ਸਮਾਗਮ ਵਿਚ ਸ਼ਾਮਲ ਪਤਵੰਤਿਆਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਗੁਰਦੁਆਰਾ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# ਸ਼ਰੇਆਮ ਬਿਮਾਰੀਆਂ ਵੰਡ ਰਹੇ ਨਜਾਇਜ਼ ਖੁੱਲ੍ਹੇ ਅਹਾਤਿਆਂ 'ਤੇ ਨਕੇਲ ਕੱਸਣ ਦੀ ਮੰਗ



ਵੇਰਕਾ (ਰਾਣਾ)-ਲੋਕਾਂ ਦੀਆਂ ਕੀਮਤੀ ਜਾਨਾਂ ਨਾਲ ਕਥਿਤ ਚਲਦੇ ਨਜਾਇਜ਼ ਅਹਾਤਿਆਂ ਵਿੱਚ ਸ਼ਰੇਆਮ ਖਿਲਵਾੜ ਕੀਤਾ ਜਾ ਰਿਹਾ ਪ੍ਰੰਤੂ ਪ੍ਰਸ਼ਾਸਨ ਬੇਖ਼ਬਰ ਹੈ।ਇਨ੍ਹਾਂ ਅਹਾਤਿਆਂ ਅੰਦਰ ਸਾਫ-ਸਫਾਈ ਦਾ ਅਤਿਅੰਤ ਮੰਦਭਾ ਹਾਲ ਹੈ।ਲੋਕਾਂ ਨੂੰ ਭਿਆਨਕ ਬਿਮਾਰੀਆਂ ਲੱਗਣ ਦੀਆਂ ਭਰਪੂਰ ਸੰਭਾਵਨਾਵਾਂ ਹਨ।ਪਤਾ ਨਹੀਂ ਕਿਹ ਵੀ ਕਿਉਂ ਨਜਾਇਜ਼ ਚੱਲਦੇ ਇਨ੍ਹਾਂ ਅਹਾਤਿਆਂ ਨੂੰ ਪ੍ਰਸ਼ਾਸਨ ਨੱਥ ਨਹੀਂ ਪਾਉਂਦਾ ਹੈ।ਬਹੁਤੇ ਅਹਾਤੇ ਸਥਾਨਕ ਪੁਲਸ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਸ਼ਰੇਆਮ ਨਜਾਇਜ਼ ਚੱਲਦੇ ਹਨ।ਜੇਕਰ ਸਾਫ-ਸਫਾਈ ਦੀ ਗੱਲ ਕਰੀਏ ਤਾਂ ਸਿਹਤ ਵਿਭਾਗ ਦੇ ਸੰਬੰਧਿਤ ਅਧਿਕਾਰੀ ਵੀ ਉਕਤ ਹਮਾਮ ਅੰਦਰ ਨੰਗੇ ਹਨ ਜਿਨ੍ਹਾਂ ਨੇ ਕਦੇ ਅਹਾਤਿਆਂ ਦੇ ਅੰਦਰ ਬਣੀਆਂ ਰਸੋਈਆਂ ਦੀ ਹਾਲਤ ਨਹੀਂ ਵੇਖੀ ਹੈ।ਕਈ ਅਹਾਤਿਆਂ ਦੀ ਰਸੋਈ ਘਰਾਂ 'ਚ ਗੰਦਗੀ ਦੇ ਢੇਰ ਆਪ ਮੂੰਹ ਬੋਲਦੇ ਬਿਆਨਉਂਦੇ ਹਨ।ਸਥਾਨਕ ਕਸਬਾ ਵੇਰਕਾ 'ਚ ਕਈ ਅਹਾਤੇ ਉਪਰੋਕਤ ਵਰਤਾਰਾ ਬਿਆਨ ਕਰਦੇ ਹੋਏ ਲੋੜੀਂਦੀ ਕਾਰਵਾਈ ਕਰਨ ਦੀ ਗੁਹਾਰ ਲਗਾਉਂਦੇ ਹੋਏ ਅਣਗਿਣਤ ਕੀਮਤੀ ਜਾਨਾਂ ਦੇ ਘਾਣ ਬਣੇ ਹਨ, ਜਿੱਥੇ ਭਾਂਡਿਆਂ ਦੀ ਸਫਾਈ ਦਾ ਮੰਦਾ ਹਾਲ, ਖਾਣ-ਪੀਣ ਦੀਆਂ ਵਸਤੂਆਂ ਦਾ ਰੱਖ-ਰਖਾਅ ਅਤੇ ਮੱਖੀਆਂ, ਮੱਛਰਾਂ ਦੀ ਭਰਮਾਰ ਬਣੀ ਰਹਿੰਦੀ ਹੈ।ਇਸ ਤਰਾਂ ਹੀ ਕਸਬਾ ਜਠੂਵਾਲ ਵਿਖੇ ਅੰਮ੍ਰਿਤਸਰ-ਪਠਾਨਕੋਟ ਜੀ. ਟੀ. ਰੋਡ 'ਤੇ ਖੁੱਲਿਆ ਇੱਕ ਅਹਾਤਾ ਲੋਕਾਂ ਨੂੰ ਖੁਆਉਣ/ਪਿਆਉਣ ਦੇ ਨਾਲ-ਨਾਲ ਨਿਰੰਤਰ ਖਤਰਨਾਕ ਤੇ ਜਾਨਲੇਵਾ ਬਿਮਾਰੀਆਂ ਮੁਫ਼ਤ ਵੰਡ ਰਿਹਾ ਹੈ।ਇਸ ਅਹਾਤੇ ਦੇ ਐਨ ਨਾਲ ਕਬਾੜੀਏ ਦੀ ਦੁਕਾਨ ਦੇ ਅੰਦਰ-ਬਾਹਰ ਖਿਲਰਿਆ ਪਿਆ ਸਮਾਨ ਮੱਖੀਆਂ ਤੇ ਮੱਛਰ ਉਤਪੰਨ ਕਰਕੇ ਅਹਾਤੇ ਵਿੱਚ ਆਉਣ ਵਾਲੇ ਗਾਹਕਾਂ ਨੂੰ ਰੋਗ ਵੰਡਦਾ ਹੈ।ਇਸ ਬਾਬਤ ਪ੍ਰਸ਼ਾਸਨਿਕ ਅਧਿਕਾਰੀ ਭਲੀ-ਭਾਂਤ ਜਾਣਦੇ ਹੋਏ ਵੀ ਮੂਕ-ਦਰਸ਼ਕ ਬਣੇ ਹੋਏ ਹਨ।ਇਸ ਸੰਬੰਧ ਵਿੱਚ ਪੁਲਸ ਪ੍ਰਸ਼ਾਸਨ ਅਤੇ ਸਿਹਤ ਮਹਿਕਮੇ ਦੇ ਅਧਿਕਾਰੀ ਕੋਈ ਕਾਰਵਾਈ ਇਨ੍ਹਾਂ ਖ਼ਿਲਾਫ ਕਰਨਗੇ।ਕਈ ਸ਼ੰਕੇ ਉਤਪੰਨ ਕਰਦਾ ਹੈ।ਸਥਾਨਕ ਇਲਾਕਾ ਨਿਵਾਸੀਆਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਕੱਤਰ ਚੰਡੀਗੜ , ਮਾਨਯੋਗ ਪੁਲਸ ਕਮਿਸ਼ਨਰ ਅੰਮ੍ਰਿਤਸਰ, ਮਾਨਯੋਗ ਐੱਸ. ਐੱਸ. ਪੀ. ਅੰਮ੍ਰਿਤਸਰ (ਦਿਹਾਤੀ) ਅਤੇ ਮਾਨਯੋਗ ਸਿਵਲ ਸਰਜਨ ਅੰਮ੍ਰਿਤਸਰ ਪਾਸੋਂ ਲੋਕਾਂ ਦੀ ਸਿਹਤ ਨਾਲ ਹੁੰਦਾ ਖਿਲਵਾੜ ਤੁਰੰਤ ਪ੍ਰਭਾਵ ਨਾਲ ਰੋਕੇ ਜਾਣ ਦੀ ਚਿਰੋਕਣੀ ਮੰਗ ਕੀਤੀ ਹੈ।

# ਕਾਂਗਰਸ ਦੀ ਹੋਈ ਕਰਾਰੀ ਹਾਰ ਨੇ ਬਾਹੂਬਲੀਆਂ ਤੇ ਹੰਕਾਰੀਆਂ ਦਾ ਹੰਕਾਰ ਤੋੜਿਆ: ਰਮਨ ਬਹਿਲ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਅੰਦਰ ਹੋਈਆਂ ਜ਼ਿਮਨੀ ਚੋਣਾਂ ਦੌਰਾਨ 3 ਅਹਿਮ ਸੀਟਾਂ 'ਤੇ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਕਾਰਨ ਅੱਜ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇਚੇਅਰਮੈਨ ਅਤੇ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਮਨ ਬਹਿਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀਦੇ ਵਰਕਰਾਂ ਨੇ ਜਸ਼ਨ ਮਨਾਏ। ਇਸ ਮੌਕੇ ਰਮਨ ਬਹਿਲ ਨੇ ਡੇਰਾ ਬਾਬਾ ਨਾਨਕ ਤੋਂ ਜੇਤੂ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦਾ ਮੂੰਹ ਮਿੱਠਾ ਕਰਵਾਇਆ ਅਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਜਿੱਤ ਨੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੇ ਆਉਣ ਵਾਲੇ ਸੁਨਹਿਰੀ ਭਵਿੱਖ ਸਬੰਧੀ ਸਾਰੇ ਸ਼ੰਕੇ ਦੂਰ ਕਰ ਦਿੱਤੇ ਹਨ।ਉਨਾਂ ਕਿਹਾ ਕਿ ਇਸ ਜਿੱਤ ਨਾਲ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਪਕੜ ਹੋਰ ਵਧੇਗੀ ਅਤੇ ਪੰਜਾਬ ਦੇ ਲੋਕਾਂ ਨੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂਬਣਾਈਆਂ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ 'ਤੇ ਮੋਹਰ ਲਗਾ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਪੰਜਾਬ ਅੰਦਰ ਹਰੇਕ ਵਰਗ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਸੰਤੁਸ਼ਟ ਹਨ।ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਬਿਜਲੀ, ਪਾਣੀ ਅਤੇ ਹੋਰ ਅਨੇਕਾਂ ਸਹੂਲਤਾਂ ਨੇ ਅੱਜ ਹਰੇਕ ਵਰਗ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ।ਰਮਨ ਪਹਿਲ ਨੇ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸੰਦੀਪ ਪਾਠਕ ਅਤੇ ਰਾਘਵ ਚੱਢਾ ਨੂੰ ਇਸ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ।ਬਹਿਲ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਤੇ ਆਪਣੇ ਆਪ ਨੂੰ ਆਉਣ ਵਾਲਾ ਮੁੱਖ ਮੰਤਰੀ ਦੱਸਣ ਵਾਲੇ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਦੀ ਹੋਈ ਹਾਰ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੇ ਲੋਕ ਹੁਣ ਕਾਂਗਰਸ ਨੂੰ ਨਕਾਰ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਦਾ ਹਸ਼ਰ ਇਸ ਤੋਂ ਵੀ ਬੁਰਾ ਹੋਵੇਗਾ।ਉਨਾਂ ਕਿਹਾ ਕਿ ਇਨਾਂ ਚੋਣਾਂ ਦੌਰਾਨ ਜਿੱਥੇ ਲੋਕਤੰਤਰ ਦੀ ਜਿੱਤ ਹੋਈ ਹੈ ਉੱਥੇ ਲੋਕਾਂ ਨੇਹੰਕਾਰ ਅਤੇ ਬਾਹੂਬਲੀਆਂ ਦੀ ਧੱਕੇਸ਼ਾਹੀ ਨੂੰ ਵੀ ਮੂੰਹ ਤੋੜਵਾਂ ਜਵਾਬ ਦਿੱਤਾ ਹੈ। ਉਨਾਂ ਕਿਹਾ ਕਿ ਜਿੱਥੇ ਤੱਕ ਹਲਕਾ ਡੇਰਾ ਬਾਬਾ ਨਾਨਕ ਦੀ ਗੱਲ ਹੈ ਤਾਂ ਇਸ ਹਲਕੇ ਵਿੱਚ ਕਾਂਗਰਸ ਦੇ ਹੰਕਾਰ ਨੂੰ ਚੂਰ ਚੂਰ ਕਰਕੇ ਰੱਖ ਦਿੱਤਾ ਹੈ ਅਤੇ ਕਾਂਗਰਸੀਆਂ ਨੂੰ ਹੁਣ ਇਹ ਗੱਲ ਚੰਗੀ ਤਰ ਾਂ ਸਮਝ ਲੈਣੀ ਚਾਹੀਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਧੱਕੇਸ਼ਾਹੀ ਅਤੇ ਪੈਸੇ ਦਾ ਜ਼ੋਰ ਵੋਟਰਾਂ ਨੂੰ ਪ੍ਰਭਾਵਿਤ ਨਹੀਂ ਕਰ ਸਕੇਗਾ।ਬਹਿਲ ਨੇ ਇਹਨਾਂ ਚੋਣਾਂ ਦੌਰਾਨ ਪਾਰਟੀ ਦੇ ਸਮੁੱਚੇ ਵਲੰਟੀਅਰਾਂ ਨੂੰ ਵੀ ਵਧਾਈ ਦਿੱਤੀ।



# ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਕਲੋਤਰਾ ਨਾਲ ਹਮਦਰਦੀ ਦਾ ਪ੍ਰਗਟਾਵਾ

ਵੇਰਕਾ (ਰਾਣਾ)-ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਜਥੇਬੰਦਕ ਸੂਬਾਈ ਜਨਰਲ ਸਕੱਤਰ ਅਤੇ ਸੇਵਾਮੁਕਤ ਬੀ.ਪੀ.ਓ (ਐਲੀ: ਸਿੱ:) ਬਲਾਕ ਮਜੀਠਾ-1 ਦਰਸ਼ਨ ਲਾਲ ਕਲੋਤਰਾ ਦੇ ਧਰਮ ਪਤਨੀ ਰਮੇਸ਼ ਰਾਣੀ ਕਲੋਤਰਾ ਸੰਖੇਪ ਜਿਹੀ ਬਿਮਾਰੀ ਕਾਰਨ ਅਚਨਚੇਤ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਉਨ ਾਂ ਦਾ ਅੰਤਿਮ ਸੰਸਕਾਰ ਇੰਦਰਾ ਕਲੋਨੀ, ਮਜੀਠਾ ਰੋਡ, ਅੰਮ੍ਰਿਤਸਰ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ।ਇਸ ਮੌਕੇ ਦੁੱਖ ਦੀ ਘੜੀ 'ਚ ਸਮੂਹ ਜਥੇਬੰਦਕ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਅਹੁਦੇਦਾਰ/ਵਰਕਰਾਂ ਨੇ ਕਲੋਤਰਾ ਪਰਿਵਾਰ ਨਾਲ ਹਮਦਰਦੀ ਭਰਿਆ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਵਾਲਿਆਂ ਵਿੱਚ ਜਥੇਬੰਦੀ ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸੀਪੁਰ) ਸੂਬਾਈ ਸੀਨੀ: ਮੀਤ ਤਜਿੰਦਰ ਸਿੰਘ ਸੋਹੀ, ਜ਼ਿਲ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆਂ, ਸੀਨੀ: ਮੀਤ ਪ੍ਰਧਾਨ ਜਗਜੀਤ ਕੁਮਾਰ ਹਰੀਪੁਰਾ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆਂ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਮਾਸਟਰ ਕਸ਼ਮੀਰ ਸਿੰਘ ਸੋਹੀਆਂ ਖੁਰਦ, ਸੇਵਾਮੁਕਤ ਪ੍ਰਿੰ. ਜਗਤਾਰ ਸਿੰਘ ਮਜੀਠਾ, ਸੇਵਾਮੁਕਤ ਸੀਨੀਅਰ ਸਹਾਇਕ ਸੁਖਬੀਰ ਸਿੰਘ, ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ, ਸੀ.ਐੱਚ.ਟੀ ਦਿਨੇਸ਼ ਕੁਮਾਰ ਭੱਲਾ, ਵਰਿੰਦਰ ਸਿੰਘ ਕਾਦਰਾਬਾਦ, ਟੀਚਰ ਗੌਰਵ ਗੁਪਤਾ, ਗੁਰਪ੍ਰੀਤ ਸਿੰਘ ਛੇਹਰਾਟਾ, ਵਰਿੰਦਰ ਸਿੰਘ ਸੈਂਸਰਾ ਕਲਾਂ, ਹਰਵਿੰਦਰ ਸਿੰਘ ਕੱਥੂਨੰਗਲ (ਤਿੰਨੇ ਸੀ. ਐੱਚ. ਟੀ.) ਅਵਤਾਰ ਸਿੰਘ ਮੱਟੂ ਜ਼ਲਾ ਪ੍ਰਧਾਨ ਐੱਸ.ਸੀ/ਬੀ.ਸੀ. ਟੀਚਰ ਯੂਨੀਅਨ ਅੰਮ੍ਰਿਤਸਰ, ਰਣਜੀਤ ਸਿੰਘ ਰਾਣਾ ਸਾਹ ਬਲਾਕ ਪ੍ਰਧਾਨ ਐਲੀਮੈਂਟਰੀ ਟੀਚਰ ਯੂਨੀਅਨ ਅੰਮ੍ਰਿਤਸਰ, ਦਿਲਬਾਗ ਸਿੰਘ ਬਲਾਕ ਸਿੱਖਿਆ ਅਫ਼ਸਰ ਅੰਮ੍ਰਿਤਸਰ-4, ਸੇਵਾਦਾਰ ਸਾਹਿਬ ਸਿੰਘ ਦਫ਼ਤਰ ਡੀ.ਈ.ਓ. (ਐਲੀ:) ਅੰਮ੍ਰਿਤਸਰ, ਲੈਕ: ਮੁਖਤਿਆਰ ਸਿੰਘ ਸਹੋਤਾ, ਕਲਰਕ ਗੁਰਬਿੰਦਰ ਸਿੰਘ ਮਜੀਠਾ-2, ਕਲਰਕ ਸੁਖਦੇਵ ਸਿੰਘ ਮਜੀਠਾ-1, ਰਵੀਮੋਹਨ ਨੰਗਲੀ ਹਲਕਾ ਇੰਚਾਰਜ ਭੋਆ ਅਕਾਲੀ ਦਲ (ਬ) ਸਰਪੰਚ ਹੈਪੀ ਨੰਗਲੀ ਨੌਸ਼ਹਿਰਾ, ਬੀ.ਪੀ.ਓ. (ਐਲੀ) ਜਤਿੰਦਰ ਸਿੰਘ ਮਜੀਠਾ ਆਦਿ ਸ਼ਾਮਿਲ ਹਨ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ 'ਚ ਇਨਾਮ ਵੰਡ ਸਮਾਗਮ ਕਰਵਾਇਆ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਲਈ ਹਰ ਸਾਲ ਦੀ ਤਰ ਾਂ ਇਨਾਮ ਵੰਡ ਸਮਾਗਮ ਕਰਵਾਇਆ ਗਿਆ।ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਅਰਵਿੰਦਰਪਾਲ ਸਿੰਘ (ਪੀਸੀਐੱਸ) ਸਬ ਡਵੀਜ਼ਨਲ ਮੈਜਿਸਟਰੇਟ, ਤਰਨ ਤਾਰਨ ਉਚੇਚੇ ਤੌਰ 'ਤੇ ਪਹੁੰਚੇ।ਇਸ ਮੌਕੇ ਵਿਦਿਆਰਥੀਆਂ ਵੱਲੋਂ 'ਕਲਰਜ਼ ਆਫ ਲਾਈਫ਼' ਵਿਸ਼ੇ ਅਧੀਨ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਜ਼ਿੰਦਗੀ ਦੇ ਹਰ ਰੰਗ ਨੂੰ ਬਾਖੂਬੀ ਪੇਸ਼ ਕੀਤਾ ਗਿਆ।ਇਨਾਮ ਵੰਡ ਸਮਾਗਮ ਵਿੱਚ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ, ਗੁਰੂ ਅਮਰਦਾਸ ਗਰੁੱਪ ਆਫ ਸਕੂਲਜ਼ ਦੇ ਪ੍ਰਿੰਸੀਪਲ ਅਤੇ ਖ਼ਾਸ ਮਹਿਮਾਨ ਰਮਨਦੀਪ ਸਿੰਘ, ਹੈੱਡ ਨੈਰੋਲੇਕ ਪੇਂਟਸ ਲਿਮਿਟਡ, ਗੋਇੰਦਵਾਲ ਸਾਹਿਬ ਅਤੇ ਸੁਰੇਸ਼ ਵਰਮਾ, ਹੈੱਡ (ਐੱਚ.ਆਰ. ਅਤੇ ਐਡਮਿਨ), ਨੈਰੋਲੇਕ ਪੇਂਟਸ ਲਿਮਿਟਡ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਪ੍ਰੋਗਰਾਮ ਵਿੱਚ ਚਾਰ ਚੰਨ ਲਗਾਏ।ਇਸ ਮੌਕੇ ਬੋਲਦਿਆਂ ਅਰਵਿੰਦਰਪਾਲ ਸਿੰਘ ਨੇ ਕਿਹਾ ਕਿ ਸਕੂਲ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸੇ ਲਈ ਹੀ ਲਗਾਤਾਰ ਸੱਤ ਸਾਲਾਂ ਤੋਂ ਜ਼ਿਲੇ ਨੂੰ ਸੀ.ਬੀ.ਐੱਸ.ਈ. ਬੋਰਡ ਦੀ ਦੱਸਵੀਂ ਅਤੇ ਬਾਰ ਵੀਂ ਜਮਾਤ ਦੇ ਟਾਪਰ ਦੇ ਰਿਹਾ ਹੈ।ਜ਼ਿਲੇ ਵਿੱਚੋਂ ਲਗਾਤਾਰ ਮੋਹਰੀ ਰਹਿਣਾ ਮੈਨੇਜਮੈਂਟ, ਪ੍ਰਿੰਸੀਪਲ, ਅਧਿਆਪਕਾਂ ਅਤੇ ਮਾਪਿਆਂ ਦੀ ਰਲਵੀਂ ਮਿਹਨਤ ਦਾ ਨਤੀਜਾ ਹੈ। ਇਸ ਮੌਕੇ ਪ੍ਰਿੰ, ਮਨੀਸ਼ਾ ਸੂਦ ਵੱਲੋਂ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ ਅਤੇ ਪਿਛਲੇ ਇੱਕ ਸਾਲ ਵਿੱਚ ਮੋਹਰੀ ਰਹੇ ਵਿਦਿਆਰਥੀਆਂ ਨੂੰ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਦੇ ਅੰਤ ਵਿੱਚ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰ. ਮਨੀਸ਼ਾ ਸੂਦ ਨੇ ਆਏ ਹੋਏ ਸਰੋਤਿਆਂ ਅਤੇ ਮੁੱਖ ਮਹਿਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਬੁਲੰਦੀਆਂ ਨੂੰ ਛੂਹਣ ਲਈ ਮਿਹਨਤ ਕਰਦੇ ਰਹਿਣ ਦਾ ਭਰੋਸਾ ਦਿੱਤਾ।




# ਪੀ ਡਬਲਯੂ ਐੱਸ ਆਡੀਟੋਰੀਅਮ ਵਿਖੇ 'ਇੱਕ ਸ਼ਾਮ ਸੰਗੀਤ ਦੇ ਨਾਮ'

ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ (ਪੀਡਬਲਯੂਐੱਸ), ਪਠਾਨਕੋਟ ਨੇ ਭਾਰਤੀ ਸੰਗੀਤ ਮੰਚ ਦੇ ਸਹਿਯੋਗ ਨਾਲ ਪੀ ਡਬਲਯੂ ਐੱਸ ਆਡੀਟੋਰੀਅਮ ਵਿਖੇ ਸੰਗੀਤ ਅਤੇ ਸੱਭਿਆਚਾਰ ਦੀ ਇੱਕ ਮਨਮੋਹਕ ਸ਼ਾਮ ਦਾ ਆਯੋਜਨ ਕੀਤਾ।'ਆਗਾਜ਼ ਮਿਊਜ਼ੀਕਲ ਕੰਸਰਟ' ਨੇ ਸ਼ਾਸਤਰੀ ਸੰਗੀਤ ਦੇ ਦਿੱਗਜ ਕਲਾਕਾਰਾਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ ਅਤੇ ਦਰਸ਼ਕਾਂ ਨੂੰ ਭਾਵਪੂਰਤ ਪੇਸ਼ਕਾਰੀਆਂ ਨਾਲ ਮੋਹ ਲਿਆ।ਸ਼ਾਮ ਨੂੰ ਪ੍ਰਸਿੱਧ ਗ਼ਜ਼ਲ ਗਾਇਕ ਦਵਿੰਦਰ ਪੰਡਿਤ ਜਿਨ ਾਂ ਦੀ ਦਿਲ ਨੂੰ ਛੂਹ ਲੈਣ ਵਾਲੀ ਅਤੇ ਸੁਰੀਲੀ ਆਵਾਜ਼ ਨੇ ਸਾਰਿਆਂ ਨੂੰ ਮੰਤਰਮੁਗਧ ਕੀਤਾ ਜਦੋਂਕਿ ਤਬਲੇ ਦੀ ਰਾਜਕੁਮਾਰੀ ਵਜੋਂ ਮਸ਼ਹੂਰ ਰਿੰਪਾ ਸ਼ਿਵ ਦੇ ਸ਼ਾਨਦਾਰ ਤਬਲਾ ਐਕਟ ਨੇ ਇਸ ਸਮਾਗਮ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ।ਇਸ ਸਮਾਗਮ ਵਿੱਚ ਬਹੁਤ ਸਾਰੇ ਸਨਮਾਨਿਤ ਮਹਿਮਾਨ ਸ਼ਾਮਲ ਹੋਏ ਜਿਨ ਾਂ ਵਿੱਚ ਮੁੱਖ ਮਹਿਮਾਨ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ ਪੰਜਾਬ, ਜਤਿੰਦਰ ਸਾਈਰਾਜ, ਵਿਸ਼ਵ ਪ੍ਰਸਿੱਧ ਸਿਨੇਮੈਟੋਗ੍ਰਾਫਰ/ਨਿਰਦੇਸ਼ਕ, ਰਿੰਪਾ ਸ਼ਿਵ, ਤਬਲੇ ਦੀ ਰਾਜਕੁਮਾਰੀ, ਸਿਧਾਰਥ ਚੈਟਰਜੀ, ਪ੍ਰਸਿੱਧ ਤਬਲਾ ਵਾਦਕ ਦਵਿੰਦਰ ਪੰਡਿਤ, ਪ੍ਰਸਿੱਧ ਗ਼ਜ਼ਲ ਗਾਇਕ ਭਗਤਾ ਸਿੰਘ, ਸਾਥੀ ਕਲਾਕਾਰ ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਅਤੇ ਓਸ਼ੀਨ ਮਹਾਜਨ, ਪ੍ਰਿੰ. ਸ਼ੁਭਰਾ ਰਾਣੀ ਦੇ ਨਾਲ ਪ੍ਰੋਗਰਾਮ ਵਿੱਚ ਹਿੱਸਾ ਲਿਆ। ਸੰਨੀ ਮਹਾਜਨ ਡਾਇਰੈਕਟਰ ਪ੍ਰਤਾਪ ਵਰਲਡ ਸਕੂਲ ਨੇ ਕਿਹਾ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਵਿਭਿੰਨ ਸੱਭਿਆਚਾਰਕ ਅਨੁਭਵ ਪ੍ਰਦਾਨ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ।ਆਗਾਜ਼ ਮਿਊਜ਼ੀਕਲ ਕੰਸਰਟ ਬਹੁਤ ਵੱਡੀ ਕਾਮਯਾਬੀ ਸੀ, ਜਿਸ ਨੇ ਹਰ ਕਿਸੇ ਦੇ ਦਿਲਾਂ 'ਤੇ ਅਮਿੱਟ ਛਾਪ ਛੱਡੀ।ਪ੍ਰਤਾਪ ਵਰਲਡ ਸਕੂਲ ਅਤੇ ਭਾਰਤੀ ਸੰਗੀਤ ਮੰਚ ਭਾਰਤੀ ਸੰਗੀਤ ਅਤੇ ਸੱਭਿਆਚਾਰ ਦੀ ਅਮੀਰੀ ਨੂੰ ਮਨਾਉਣ ਲਈ ਅਜਿਹੇ ਹੋਰ ਸਮਾਗਮਾਂ ਦੀ ਉਡੀਕ ਕਰਦੇ ਹਨ।



# ਮੁੱਖ ਮੰਤਰੀ ਮਾਨ ਦੇ ਕੀਤੇ ਕੰਮਾਂ 'ਤੇ ਲੋਕਾਂ ਨੇ ਮੋਹਰ ਲਗਾਈ: ਜੱਗਾ ਮਜੀਠਾ, ਤਲਬੀਰ ਗਿੱਲ

ਮਜੀਠਾ (ਸੋਇਮ ਆਨੰਦ)-ਚਾਰ ਵਿਧਾਨ ਸਭਾ ਹਲਕਿਆਂ ਵਿਚੋਂ ਤਿੰਨ ਸੀਟਾਂ 'ਤੇ ਵੱਡੀ ਜਿੱਤ ਪ੍ਰਾਪਤ ਕਰਕੇ ਵਿਰੋਧੀਆਂ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ।ਇਨ ਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤਲਬੀਰ ਸਿੰਘ ਗਿੱਲ ਅਤੇ ਹਲਕਾ ਮਜੀਠਾ ਦੇ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਨੇ ਇੱਕ ਮੁਲਾਕਾਤ ਦੌਰਾਨ ਕੀਤਾ।ਇਸ ਮੌਕੇ ਗਿੱਲ ਤੇ ਜੱਗਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਨ ਾਂ ਨੂੰ ਬਿਨਾਂ ਭੇਦ ਭਾਵ ਬਿਨਾਂ ਰਿਸ਼ਵਤ ਨੇਪਰੇ ਚੜ ਾਇਆ ਜਿਸ ਕਰਕੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਇਹ ਫਤਵਾ ਦਿੱਤਾ ।ਉਨ ਾਂ ਨੇ ਕਿਹਾ ਕਿ ਜੋ ਵਿਸ਼ਵਾਸ ਆਪ ਸਰਕਾਰ ਨੇ ਡੇਰਾ ਬਾਬਾ ਨਾਨਕ ਸੀਟ ਤੋਂ ਗੁਰਦੀਪ ਸਿੰਘ ਰੰਧਾਵਾ ਉਪਰ ਕੀਤਾ ਸੀ ਉਸ ਨੂੰ ਡੇਰਾ ਬਾਬਾ ਨਾਨਕ ਹਲਕੇ ਦੇ ਲੋਕਾਂ ਨੇ ਬਰਕਰਾਰ ਰੱਖਿਆ ਤੇ ਸੀਟ ਜਿਤਾ ਕੇ ਆਮ ਆਦਮੀ ਪਾਰਟੀ ਦੀ ਝੋਲੀ ਪਾਈ।ਉਕਤ ਆਗੂਆਂ ਨੇ ਆਪ ਸਰਕਾਰ ਤੇ ਹਲਕੇ ਦੇ ਸੂਝਵਾਨ ਵੋਟਰਾਂ ਸਪੋਟਰਾਂ ਨੂੰ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ।ਉਨ ਾਂ ਕਿਹਾ ਕਿ ਗੁਰਦੀਪ ਸਿੰਘ ਰੰਧਾਵਾ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।ਇਸ ਮੌਕੇ ਸਰਪੰਚ ਡਾ. ਬਿਕਰਮਜੀਤ ਸਿੰਘ ਰੰਧਾਵਾ, ਲਖਵਿੰਦਰ ਸਿੰਘ ਬੱਲ, ਸਤਨਾਮ ਸਿੰਘ ਨਾਗ ਨਵੇਂ, ਸਰਪੰਚ ਰਾਣਾ ਨੰਗਲ ਪੰਨੂਆਂ, ਸਰਪੰਚ ਬਲਦੇਵ ਸਿੰਘ ਉਪਲ, ਪਲਵਿੰਦਰ ਸਿੰਘ ਗੁਮਾਣਾ ਚੱਕ, ਹਰਗੁਰਿੰਦਰਪਾਲ ਸਿੰਘ ਮਾਨ ਸਾਰੇ ਸਰਪੰਚ, ਸਾਬਕਾ ਸਰਪੰਚ ਹਨੀ ਅਜੈਬਵਾਲੀ, ਹਰਿੰਦਰ ਸਿੰਘ ਰੰਧਾਵਾ, ਪੰਚ ਸੁਖਵਿੰਦਰ ਸਿੰਘ ਬੱਲ, ਭੁਪਿੰਦਰ ਸਿੰਘ ਬੇਗੇਵਾਲ, ਸੁਖਵਿੰਦਰ ਸਿੰਘ, ਰਜਿੰਦਰ ਸਿੰਘ ਸਿੱਧੂ, ਨੰਬਰਦਾਰ ਗੁਰਦੇਵ ਸਿੰਘ, ਵਰਕਰ ਹਾਜ਼ਰ ਸਨ।



# ਸੱਚਖੰਡ ਵਾਸੀ ਬਾਬਾ ਦਯਾ ਸਿੰਘ ਦਾ 'ਸ਼੍ਰੋਮਣੀ ਪੰਥ ਸੇਵਕ' ਦੀ ਉਪਾਧੀ ਨਾਲ ਸਨਮਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜੀ ਦੇ ਮੁਖੀ ਰਹੇ ਸੱਚਖੰਡ ਵਾਸੀ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਪੰਥ ਸੇਵਕ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਗੁਰਬਾਣੀ ਕੀਰਤਨ ਅਤੇ ਅਰਦਾਸ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਨੂੰ ਸ਼੍ਰੋਮਣੀ ਪੰਥ ਸੇਵਕ ਦੀ ਉਪਾਧੀ ਨਾਲ ਸਨਮਾਨਿਤ ਕੀਤੇ ਜਾਣ ਦਾ ਐਲਾਨ ਕੀਤਾ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਹ ਸਨਮਾਨ ਦਲ ਪੰਥ ਦੇ ਮੌਜੂਦਾ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੂੰ ਸੌਂਪਿਆ ਗਿਆ। ਜ਼ਿਕਰਯੋਗ ਹੈ ਕਿ 15 ਜੁਲਾਈ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਬਾਬਾ ਦਯਾ ਸਿੰਘ ਜੀ ਨੂੰ ਇਹ ਸਨਮਾਨ ਦੇਣ ਦਾ ਫੈਸਲਾ ਹੋਇਆ ਸੀ।

ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਹੋਏ ਸਨਮਾਨ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਤਰਨ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਸਮੇਤ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।



ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਬਾ ਦਯਾ ਸਿੰਘ ਵੱਲੋਂ ਕੌਮ ਪ੍ਰਤੀ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਾਬਾ ਦਯਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਤ ਹੁੰਦਿਆਂ ਸਿੱਖ ਪੰਥ ਲਈ ਵੱਡਮੁੱਲੀਆਂ ਸੇਵਾਵਾਂ ਕੀਤੀਆਂ ਅਤੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਤਤਪਰ ਰਹੇ। ਉਨ ਾਂ ਦੀਆਂ ਪੰਥਕ ਸੇਵਾਵਾਂ ਬਦਲੇ ਇਹ ਸਨਮਾਨ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਦਲ ਪੰਥ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਨੇ ਇਸ ਸਨਮਾਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬਾਨ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਧੰਨਵਾਦ ਕੀਤਾ। ਉਨ ਾਂ ਸਮਾਗਮ ਵਿੱਚ ਪੁੱਜੀਆਂ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੇ ਸੰਗਤਾਂ ਦਾ ਵੀ ਧੰਨਵਾਦ ਕੀਤਾ।

# ਵਿਜੇ ਦਿਵਸ ਨੂੰ ਸਮਰਪਿਤ ਫੌਜ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਕਰਵਾਈ ਮੈਰਾਥਨ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਵਿਜੇ ਦਿਵਸ ਨੂੰ ਸਮਰਪਿਤ ਪੱਛਮੀ ਕਮਾਂਡ ਦੀ ਵਜਰਾ ਕੋਰ ਅਤੇ ਅੰਮ੍ਰਿਤਸਰ ਜ਼ਿਲ ਾ ਪ੍ਰਸ਼ਾਸਨ ਦੇ ਅੰਮ੍ਰਿਤਸਰ ਹਾਫ ਮੈਰਾਥਨ ਕਰਵਾਈ ਜਿਸ ਵਿੱਚ ਵੱਡੀ ਗਿਣਤੀ ਵਿੱਚ ਅਥਲੀਟਾਂ ਨੇ ਭਾਗ ਲਿਆ।ਵਿਜੇ ਦਿਵਸ ਇਤਿਹਾਸਕ 1971 ਦੀ ਭਾਰਤ-ਪਾਕਿ ਜੰਗ ਦੌਰਾਨ ਭਾਰਤੀ ਹਥਿਆਰਬੰਦ ਬਲਾਂ ਦੇ ਅਦੁੱਤੀ ਸਾਹਸ, ਬਹਾਦਰੀ ਅਤੇ ਸਰਵਉਚ ਕੁਰਬਾਨੀਆਂ ਦਾ ਜਸ਼ਨ ਦੇ ਸਬੰਧ ਵਿੱਚ ਹਰ ਸਾਲ ਮਨਾਇਆ ਜਾਂਦਾ ਹੈ।ਇਸ ਮੌਕੇ ਦੌੜ ਦੀ ਸ਼ੁਰੂਆਤ ਕਰਨ ਲਈ ਵਿਸ਼ੇਸ਼ ਤੌਰ ਉਤੇ ਪਹੁੰਚੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਅੰਮ੍ਰਿਤਸਰ ਹਾਫ ਮੈਰਾਥਨ ਨੇ ਨੌਜਵਾਨਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਜਗਾਇਆ ਹੈ।ਉਹਨਾਂ ਕਿਹਾ ਕਿ ਬੱਚਿਆਂ ਅਤੇ ਨੌਜਵਾਨਾਂ ਦਾ ਇਹ ਇਕੱਠ ਦੱਸਦਾ ਹੈ ਕਿ ਇਹ ਭਵਿੱਖ ਦੇਸ਼ ਨੂੰ ਕਿਸ ਤਰ ਾਂ ਸਮਰਪਤ ਹੈ। ਉਹਨਾਂ ਕਿਹਾ ਕਿ ਇਹ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬੀਆਂ ਨੇ ਦੇਸ਼ ਵਾਸਤੇ ਹਰ ਵੇਲੇ ਅੱਗੇ ਹੋ ਕੇ ਕੁਰਬਾਨੀਆਂ ਕੀਤੀਆਂ ਹਨ।ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਬੱਚਿਆਂ ਦਾ ਹੌਸਲਾ ਵਧਾਉਂਦੇ ਕਿਹਾ ਕਿ ਤੁਹਾਡੀ ਬੇਮਿਸਾਲ ਭਾਗੀਦਾਰੀ ਨੇ ਆਸ ਦੀਆਂ ਨਵੀਆਂ ਕਿਰਨਾਂ ਜਗਾਈਆਂ ਹਨ।ਉਹਨਾਂ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਦੇਸ਼ ਦਾ ਇਹ ਸਰਹੱਦੀ ਜਿਲਾ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕਰਨ ਲਈ ਅੱਗੇ ਆਵੇਗਾ।ਉਹਨਾਂ ਕਿਹਾ ਕਿ ਵਿਕਟਰੀ ਰਨ ਸਿਰਫ਼ ਇੱਕ ਮੈਰਾਥਨ ਨਹੀਂ ਬਲਕਿ 1971 ਦੇ ਨਾਇਕਾਂ ਨੂੰ ਇੱਕ ਜੀਵੰਤ ਸ਼ਰਧਾਂਜਲੀ, ਏਕਤਾ ਦਾ ਜਸ਼ਨ ਅਤੇ ਦੇਸ਼ ਭਗਤੀ, ਤੰਦਰੁਸਤੀ ਅਤੇ ਸਮਾਜਿਕ ਜ਼ਿੰਮੇਵਾਰੀ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਸੱਦਾ ਹੈ।ਮੈਰਾਥਨ ਵਿਚ ਜੋਸ਼ੀਲੇ ਕਾਲਜ ਦੇ ਵਿਦਿਆਰਥੀਆਂ, ਊਰਜਾਵਾਨ ਨੌਜਵਾਨਾਂ, ਅਨੁਸ਼ਾਸਿਤ ਐੱਨਸੀਸੀ ਕੈਡਿਟਾਂ, ਸਮਰਪਿਤ ਖਿਡਾਰੀਆਂ ਅਤੇ ਹਰ ਉਮਰ ਦੇ ਨਾਗਰਿਕਾਂ ਨੇ ਹਿੱਸਾ ਪਾਇਆ। 21 ਕਿਲੋਮੀਟਰ ਦੀ ਹਾਫ ਮੈਰਾਥਨ, ਮੇਜਰ ਜਨਰਲ ਕਾਰਤਿਕ ਸੀ ਸ਼ੇਸ਼ਾਦਰੀ, ਵੀਐਸਐਮ, ਜਨਰਲ ਅਫਸਰ ਕਮਾਂਡਿੰਗ (ਜੀਓਸੀ), ਪੈਂਥਰ ਡਿਵੀਜ਼ਨ ਦੁਆਰਾ ਹਰੀ ਝੰਡੀ ਦੇ ਕੇ ਰਵਾਨਾ ਕੀਤੀ ਗਈ।ਇਹ ਸੀਪੀ-7, ਖਾਸਾ ਤੋਂ ਸ਼ੁਰੂ ਹੋਈ ਅਤੇ ਅਟਾਰੀ-ਵਾਹਗਾ ਬਾਰਡਰ 'ਤੇ ਸਮਾਪਤ ਹੋਈ



# ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ 'ਚ ਨਵੇਂ ਸਾਥੀ ਸ਼ਾਮਲ

ਬਟਾਲਾ (ਤਰਲੋਕ ਬੱਗਾ)-ਫ਼ੈਜ਼ਪੁਰਾ ਰੋਡ ਸਥਿਤ ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਦਫਤਰ ਵਿਖੇ ਦਹਾਕਿਆਂ ਤੋਂ ਕਮਿਊਨਿਸਟ ਲਹਿਰ ਨਾਲ ਜੁੜੇ ਆ ਰਹੇ ਦਰਜਨ ਭਰ ਕਮਿਊਨਿਸਟ ਆਗੂਆਂ ਨੇ ਸੀਪੀਆਈ ਐੱਮਐੱਲ ਲਿਬਰੇਸ਼ਨ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਹੈ।

ਇਹਨਾਂ ਆਗੂਆਂ ਵਿੱਚ ਪ੍ਰੇਮ ਮਸੀਹ ਸੋਨਾ, ਫੂਲ ਚੰਦ, ਸੁਖਦੇਵ ਮਸੀਹ ਬਿੱਟਾ, ਬਚਨ ਸਿੰਘ ਬੋਪਾਰਾਏ ਅਤੇ ਦਰਸ਼ਨ ਸਿੰਘ ਖਰੋਟਾ ਆਦਿ ਨਾਂ ਸ਼ਾਮਲ ਹਨ।ਇਨ ਾਂ ਸਾਰੇ ਸਾਥੀਆਂ ਨੇ ਮੌਕੇ ਉਪਰ ਹੀ ਪਾਰਟੀ ਦੀ ਮੈਂਬਰਸ਼ਿਪ ਹਾਸਲ ਕੀਤੀ।ਇਨ ਾਂ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਨ ਸਮੇਂ ਲਿਬਰੇਸ਼ਨ ਦੇ ਜ਼ਿਲ ਾ ਸਕੱਤਰ ਕਾਮਰੇਡ ਗੁਲਜਾਰ ਸਿੰਘ ਭੁੰਬਲੀ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਇਹਨਾਂ ਪੁਰਾਣੇ ਕਮਿਊਨਿਸਟ ਆਗੂਆਂ ਦੇ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਪਾਰਟੀ ਅਤੇ ਪਾਰਟੀ ਟਰੇਡ ਯੂਨੀਅਨ ਏਕਟੂ ਨੂੰ ਜ਼ੋਰਦਾਰ ਤਾਕਤ ਮਿਲੇਗੀ।ਉਹਨਾਂ ਕਿਹਾ ਕਿ ਇਹਨਾਂ ਆਗੂਆਂ ਨੂੰ ਪਾਰਟੀ ਵੱਲੋਂ ਹਰ ਪੱਧਰ ਤੇ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਉਹਨਾਂ ਨੂੰ ਆਸ ਹੈ ਕਿ ਪਾਰਟੀ ਦਾ ਜਨਤਕ ਆਧਾਰ ਹੋਰ ਵਿਸ਼ਾਲ ਹੋਵੇਗਾ।ਇਸ ਸਮੇਂ ਪਾਰਟੀ ਆਗੂ ਵਿਜੇ ਸੋਹਲ, ਜੋਗਿੰਦਰ ਲੇਹਲ, ਅਸ਼ਵਨੀ ਹੈਪੀ, ਗੋਪਾਲ ਕਿਸ਼ਨ ਪਾਲਾ, ਹਰਜਿੰਦਰ ਪਿੰਟਾ ਤਲਵੰਡੀ ਭਰਥ ਅਤੇ ਬਚਨ ਸਿੰਘ ਤੇਜਾ ਕਲਾਂ ਵੀ ਹਾਜ਼ਰ ਸਨ।



# ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਅਮਰੀਕਾ ਦੀਆਂ ਸਿੱਖ ਸੰਗਤਾਂ ਵੱਲੋਂ ਗੋਲਡ ਮੈਡਲ ਨਾਲ ਸਨਮਾਨਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀਆਂ ਪੰਥ ਪ੍ਰਤੀ ਸੇਵਾਵਾਂ ਲਈ ਅਮਰੀਕਾ ਦੀਆਂ ਸਿੱਖ ਸੰਗਤਾਂ ਵੱਲੋਂ ਉਨ ਾਂ ਨੂੰ ਗੋਲਡ ਮੈਡਲ ਨਾਲ਼ ਸਨਮਾਨਿਤ ਕੀਤਾ ਗਿਆ। ਅਮਰੀਕਾ 'ਚ ਧਰਮ ਪ੍ਰਚਾਰ ਲਈ ਆਏ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੂੰ ਇਹ ਸਨਮਾਨ ਗੁਰਦੁਆਰਾ ਰਿਵਰਸਾਈਡ ਕੈਲੇਫੋਰਨੀਆ ਵਿਖੇ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ. ਪਰਮਜੀਤ ਸਿੰਘ ਅਤੇ ਪ੍ਰਧਾਨ ਸੋਢੀ ਸਿੰਘ ਸ਼ੋਕਰ ਵੱਲੋਂ ਇਕ ਧਾਰਮਿਕ ਸਮਾਗਮ ਦੌਰਾਨ ਭੇਟ ਕੀਤਾ ਗਿਆ। ਸ. ਪਰਮਜੀਤ ਸਿੰਘ ਨੇ ਕਿਹਾ ਕਿ ਦਮਦਮੀ ਟਕਸਾਲ ਦੀ ਪੰਥ ਨੂੰ ਬਹੁਤ ਵੱਡੀ ਦੇਣ ਹੈ। ਗੁਰਬਾਣੀ ਪ੍ਰਚਾਰ ਪ੍ਰਸਾਰ, ਸ਼ਹਾਦਤਾਂ ਅਤੇ ਇਤਿਹਾਸਕ ਗੁਰਧਾਮਾਂ ਦੀ ਸੇਵਾ ਸੰਭਾਲ ਵਰਗੇ ਹਰ ਖੇਤਰ 'ਚ ਟਕਸਾਲ ਅੱਗੇ ਰਹੀ ਹੈ। ਉਨ ਾਂ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਹਮੇਸ਼ਾਂ ਪੰਥਕ ਹਿਤਾਂ ਤੇ ਸਰੋਕਾਰਾਂ ਨੂੰ ਪਹਿਲ ਦੇਣ ਅਤੇ ਮੌਜੂਦਾ ਹਾਲਾਤਾਂ 'ਚ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ ਾਂ ਵੱਲੋਂ ਗੁਰਬਾਣੀ ਸਿਧਾਂਤ ਦਾ ਪ੍ਰਚਾਰ ਪ੍ਰਸਾਰ, ਸ਼ਹੀਦੀ ਯਾਦਗਾਰ, ਸ਼ਹੀਦੀ ਗੈਲਰੀ ਅਤੇ ਜਨਮ ਸਥਾਨ ਦੀ ਉਸਾਰੀ ਤੋਂ ਇਲਾਵਾ ਅਨੇਕਾਂ ਕਾਰਸੇਵਾ ਅਤੇ ਗੁਰੂ ਕੇ ਲੰਗਰ ਦੇ ਪ੍ਰਮੁੱਖ ਕਾਰਜ ਕੀਤੇ ਹਨ। ਸੰਤ ਹਰਨਾਮ ਸਿੰਘ ਖ਼ਾਲਸਾ ਪੰਥ ਦੇ ਵੱਡੇ ਕਾਰਜ ਅਤੇ ਵੱਡੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾ ਰਹੇ ਹਨ, ਅਣਗਿਣਤ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ। ਇਸ ਮੌਕੇ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਭਾਈ ਪਿੰਦਰਪਾਲ ਸਿੰਘ, ਬਾਬਾ ਬੰਤਾ ਸਿੰਘ ਜੀ ਮੁੰਡਾ ਪਿੰਡ ਵਾਲੇ, ਬਾਬਾ ਧਰਮ ਸਿੰਘ, ਭਾਈ ਝੁਮਣ ਸਿੰਘ, ਭਾਈ ਅਕਵਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ ਸਕੱਤਰ, ਭਾਈ ਸੁਰਿੰਦਰਪਾਲ ਸਿੰਘ ਸਾਬਕਾ ਚੇਅਰਮੈਨ, ਜੋਈਂ ਸੰਧੂ, ਤਜਿੰਦਰ ਸਿੰਘ, ਦਲਬੀਰ ਸਿੰਘ, ਪ੍ਰੀਤਮ ਸਿੰਘ, ਗਗਨ ਸੰਘਾ, ਗੁਰਪ੍ਰੀਤ ਸਿੰਘ ਸ਼ੋਕਰ, ਸੰਤ ਅਨੂਪ ਸਿੰਘ ਊਨੇ ਵਾਲ਼ੇ, ਭਾਈ ਲਖਵਿੰਦਰ ਸਿੰਘ, ਭਾਈ ਸੁਖਦੀਪ ਸਿੰਘ ਦਾਮਾਦ ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ, ਭਾਈ ਦਲਬੀਰ ਸਿੰਘ ਟਰਲਕ, ਭਾਈ ਦਲਬੀਰ ਸਿੰਘ ਪੱਡਾ, ਭਾਈ ਮੇਜਰ ਸਿੰਘ, ਭਾਈ ਜਗਰੂਪ ਸਿੰਘ, ਰਾਗੀ ਭਾਈ ਰਣਜੀਤ ਸਿੰਘ, ਗਿਆਨੀ ਭਾਈ ਰਣਜੀਤ ਸਿੰਘ, ਭਾਈ ਭਰਵਿੰਦਰ ਸਿੰਘ, ਭਾਈ ਸਰਬਜੋਤ ਸਿੰਘ, ਭਾਈ ਗੁਰਪ੍ਰੀਤ ਸਿੰਘ ਬੈਂਸ, ਗਿਆਨੀ ਅਮਨਦੀਪ ਸਿੰਘ ਯੂ ਕੇ, ਮਨਦੀਪ ਸਿੰਘ ਜੌਹਲ ਅਤੇ ਭਾਈ ਮਹਾ ਸਿੰਘ ਟਰਾਂਟੋ ਵੀ ਮੌਜੂਦ ਸਨ।



# ਡਿਪਟੀ ਕਮਿਸ਼ਨਰ ਵੱਲੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨਾਲ ਅਹਿਮ ਮੀਟਿੰਗ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਵੱਲੋਂ ਦਿੱਲੀ ਕੱਟੜਾ ਐਕਸਪ੍ਰੈੱਸ ਹਾਈਵੇ ਲਈ ਨੈਸ਼ਨਲ ਹਾਈਵੇ ਵੱਲੋਂ ਮਾਨਾਂਵਾਲਾ ਵਿਖੇ ਐਕਵਾਈਰ ਕੀਤੀ ਗਈ ਜ਼ਮੀਨ ਦੇ ਸਬੰਧ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨਾਲ ਇਕ ਅਹਿਮ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਐੱਸ. ਡੀ. ਐੱਮ. ਅੰਮ੍ਰਿਤਸਰ -1 ਗੁਰਸਿਮਰਨ ਸਿੰਘ, ਐੱਸ. ਡੀ. ਐੱਮ. -2 ਮਨਕੰਵਲ ਸਿੰਘ ਚਾਹਲ, ਜ਼ਿਲਾ ਮਾਲ ਅਫ਼ਸਰ ਨਵਕੀਰਤ ਸਿੰਘ ਰੰਧਾਵਾ, ਤਹਿਸੀਲਦਾਰ ਜਗਸੀਰ, ਨੈਸ਼ਨਲ ਹਾਈਵੇ ਤੋਂ ਵਿਸ਼ਾਲ ਗੌਤਮ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੂੰ ਭਰੋਸਾ ਦਵਾਇਆ ਕਿ ਜਿਲ ਾ ਪ੍ਰਸ਼ਾਸ਼ਨ ਉਨਾਂ ਦੇ ਨਾਲ ਖੜਾ ਹੈ ਅਤੇ ਉਨਾਂ ਨੂੰ ਕਿਸੇ ਵੀ ਤਰ ਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਸ: ਸਰਵਨ ਸਿੰਘ ਪੰਧੇਰ ਨੇ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਕਿ ਨੈਸ਼ਨਲ ਹਾਈਵੇ ਵੱਲੋਂ ਐਕਵਾਈਰ ਕੀਤੀਆਂ ਗਈਆਂ ਜ਼ਮੀਨਾਂ ਦਾ ਮੁਆਵਜ਼ਾ ਅਜੇ ਤੱਕ ਨਹੀਂ ਦਿੱਤਾ ਗਿਆ ਜਿਸ 'ਤੇ ਡਿਪਟੀ ਕਮਿਸ਼ਨਰ ਨੇ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਿਨ ਾਂ ਕਿਸਾਨਾਂ ਦੀਆਂ ਜ਼ਮੀਨਾਂ ਐਕਵਾਇਰ ਹੋ ਚੁੱਕੀਆਂ ਹਨ, ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ।ਮੀਟਿੰਗ ਦੌਰਾਨ ਕੁਝ ਕਿਸਾਨਾਂ ਵੱਲੋਂ ਐਕਵਾਈਰ ਕੀਤੀ ਗਈ ਜ਼ਮੀਨ ਨਾਲ ਲਿੰਕ ਸੜਕਾਂ, ਪਾਣੀ ਦੇਣ ਲਈ ਰਸਤਾ ਬਣਾਉਣ ਦੀ ਮੰਗ ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਉਨ ਾਂ ਦੀਆਂ ਜਾਇਜ਼ ਮੰਗਾਂ ਹਨ ਅਤੇ ਇਹ ਉਨ੍ਹਾਂ ਨੂੰ ਤੁਰੰਤ ਪੂਰਾ ਕਰਵਾਇਆ ਜਾਵੇਗਾ।ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿੱਚ ਹਾਜ਼ਰ ਕਿਸਾਨਾਂ ਨੂੰ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਘੱਟ ਅਦਾਇਗੀ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਆਰਬੀਟਰੇਟਰ ਪਾਸ ਜਾ ਸਕਦਾ ਹੈ।ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਭਰੋਸਾ ਦਵਾਇਆ ਕਿ ਤੁਹਾਡੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਹਰ ਸਮੇਂ ਤੱਤਪਰ ਹੈ।

ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿੱਚ ਹਾਜ਼ਰ ਐੱਸਡੀਐੱਮਜ਼ ਨੂੰ ਹਦਾਇਤ ਕੀਤੀ ਕਿ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਐਕਵਾਈਰ ਹੋ ਚੁੱਕੀ ਹੈ ਉਨ੍ਹਾਂ ਦੀ ਅਦਾਇਗੀ ਤੁਰੰਤ ਕਰਵਾ ਕੇ ਕਿਸਾਨਾਂ ਨੂੰ ਸੂਚਿਤ ਕੀਤਾ ਜਾਵੇ।ਇਸ ਮੀਟਿੰਗ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਤੋਂ ਰਣਜੀਤ ਸਿੰਘ, ਕੰਵਰਦੀਪ ਸਿੰਘ ਸੈਦੋਵਾਲ, ਸੁਰਿੰਦਰ ਸਿੰਘ ਰੁਪੋਵਾਲੀ, ਕੁਲਦੀਪ ਸਿੰਘ ਸਰਪੰਚ ਰੱਖ ਮਾਨਾਂਵਾਲਾ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਮੀਤਇੰਦਰ ਸਿੰਘ, ਹਰਪ੍ਰੀਤ ਥਿੰਦ ਤੋਂ ਇਲਾਵਾ ਹੋਰ ਵੀ ਕਿਸਾਨ ਹਾਜ਼ਰ ਸਨ।




# ਡਾ. ਭੱਟੀ ਵੱਲੋਂ ਪਿੰਡ ਅਠਵਾਲ 'ਚ ਕਣਕ ਦੇ ਖੇਤ ਦਾ ਨਿਰੀਖਣ

ਮਜੀਠਾ (ਸੋਇਮ ਆਨੰਦ)-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅੰਮ੍ਰਿਤਸਰ ਤੋਂ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ: ਤਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਬਲਾਕ ਮਜੀਠਾ ਤੋਂ ਬਲਾਕ ਖੇਤੀਬਾੜੀ ਅਫਸਰ ਡਾ: ਦਿਲਬਾਗ ਸਿੰਘ ਭੱਟੀ ਦੀ ਅਗਵਾਈ ਹੇਠ ਬਲਾਕ ਮਜੀਠਾ ਦੇ ਵੱਖ-ਵੱਖ ਪਿੰਡਾਂ ਵਿੱਚ ਅਧਿਕਾਰੀਆਂ ਵੱਲੋਂ ਕਣਕ ਦੀ ਅਗੇਤੀ ਬਿਜਾਈ ਵਾਲੇ ਖੇਤਾਂ ਵਿੱਚ ਤਣੇ ਦੀ ਗੁਲਾਬੀ ਸੁੰਡੀ ਦੇ ਹਮਲੇ ਸਬੰਧੀ ਨਿਰੀਖਣ ਕੀਤਾ ਗਿਆ।ਇਸ ਦੌਰਾਨ ਖੇਤੀਬਾੜੀ ਵਿਕਾਸ ਅਫਸਰ ਪੀ. ਪੀ. ਹਰਜਿੰਦਰ ਸਿੰਘ ਅਤੇ ਖੇਤੀਬਾੜੀ ਵਿਸਥਾਰ ਅਫਸਰ ਸ਼ਰਨਜੀਤ ਸਿੰਘ ਨੇ ਪਿੰਡ ਅਠਵਾਲ ਦੇ ਕਿਸਾਨ ਰਣਜੋਧ ਸਿੰਘ ਦੇ ਖੇਤਾਂ ਦਾ ਦੌਰਾ ਕਰਕੇ ਕਣਕ ਦੀ ਫਸਲ ਬਾਰੇ ਜਾਣਕਾਰੀ ਦਿੰਦਿਆਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਕਣਕ ਦੀ ਫਸਲ ਦਾ ਲਗਾਤਾਰ ਨਿਰੀਖਣ ਕੀਤਾ ਜਾਵੇ। ਜੇਕਰ ਕਿਤੇ ਗੁਲਾਬੀ ਸੁੰਡੀ ਦਾ ਹਮਲਾ ਦੇਖਣ ਨੂੰ ਮਿਲਦਾ ਹੈ ਤਾਂ ਇਸ ਸੁੰਡੀ ਨੂੰ ਰੋਕਣ ਲਈ ਇਨ ਾਂ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਜਾਵੇ। ਇਸ ਸੁੰਡੀ ਦੇ ਹਮਲੇ ਦੀ ਪਛਾਣ ਇਹ ਹੈ ਕਿ ਇਸ ਦੀਅ ਸੁੰਡੀਆਂ ਛੋਟੇ ਬੂਟੀਆਂ ਦੇ ਤਣਿਆਂ ਵਿੱਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ ਤੇ ਅੰਦਰਲਾ ਮਾਦਾ ਖਾਂਦੀਆਂ ਹਨ ਜਿਸ ਨਾਲ ਕਣਕ ਦੇ ਬੂਟੇ ਪੀਲੇ ਪੈ ਜਾਂਦੇ ਹਨ, ਸੁੱਕ ਜਾਂਦੇ ਹਨ।ਡਾ. ਭੱਟੀ ਨੇ ਕਿਹਾ ਕਿ ਕਿਸਾਨ ਆਪਣੇ ਖੇਤਾਂ ਵਿਚ ਉਨੀਆਂ ਹੀ ਦਵਾਈਆਂ ਤੇ ਖਾਦਾਂ ਦੀ ਵਰਤੋਂ ਕਰਨ ਜਿੰਨੀਆਂ ਦੀ ਲੋੜ ਹੈ, ਜ਼ਿਆਦਾਤਰ ਦਵਾਈਆਂ/ ਖਾਦਾਂ ਦੀ ਵਰਤੋਂ ਫ਼ਸਲ ਨੂੰ ਖਰਾਬ ਕਰਦੀ ਹੈ।



# ਨਰੋਟ ਜੈਮਲ ਸਿੰਘ ਵਿਖੇ ਚਲ ਰਹੇ ਸੀਵਰੇਜ ਪ੍ਰੋਜੈਕਟ ਦਾ ਕਟਾਰੂਚੱਕ ਨੇ ਲਿਆ ਜਾਇਜ਼ਾ

ਪਠਾਨਕੋਟ (ਦਵਿੰਦਰ ਸਿੰਘ)-ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨਰੋਟ ਜੈਮਲ ਸਿੰਘ ਵਿਖੇ ਚਲ ਰਹੇ ਸੀਵਰੇਜ ਪ੍ਰੋਜੈਕਟ ਦਾ ਜਾਇਜ਼ਾ ਲੈਣ ਲਈ ਪਹੁੰਚੇ ਅਤੇ ਸੀਵਰੇਜ ਦਾ ਨਿਰਮਾਣ ਕਰ ਰਹੇ ਠੇਕੇਦਾਰ ਅਤੇ ਸਬੰਧਤ ਵਿਭਾਗੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ।ਇਸ ਮੌਕੇ ਉਨ ਾਂ ਵੱਲੋਂ ਸਬੰਧਤ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਲਦੀ ਤੋਂ ਜਲਦੀ ਸੀਵਰੇਜ ਪ੍ਰੋਜੈਕਟ ਦਾ ਨਿਰਮਾਣ ਕਾਰਜ ਕੀਤਾ ਜਾਵੇ ਤਾਂ ਜੋ ਲੋਕ ਇਸ ਪ੍ਰੋਜੈਕਟ ਤੋਂ ਲਾਭ ਪ੍ਰਾਪਤ ਕਰ ਸਕਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਣੀ ਜ਼ਿਲ ਾ ਪ੍ਰਧਾਨ ਬੀਸੀ ਵਿੰਗ , ਬਬਲੀ ਕੁਮਾਰ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਲਾਲ ਚੰਦ ਕਟਾਰੂ ਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਹੱਦੀ ਖੇਤਰ ਦੇ ਲੋਕਾਂ ਨੂੰ ਨਰੋਟ ਜੈਮਲ ਸਿੰਘ ਵਿੱਚ ਸੀਵਰੇਜ ਦਾ ਤੋਹਫਾ ਦਿੱਤਾ ਹੈ ਜਿਸ 'ਤੇ 16.98 ਕਰੋੜ ਰੁਪਏ ਸੀਵਰੇਜ ਪ੍ਰੋਜੈਕਟ ਅਤੇ 5.55 ਕਰੋੜ ਵਾਟਰ ਪ੍ਰੋਜੈਕਟ ਤੇ ਖਰਚ ਕੀਤੇ ਜਾਣੇ ਹਨ ਜਿਸ ਵਿੱਚ 11.6 ਕਿਲੋਮੀਟਰ ਵਾਟਰ ਪਾਈਪ ਲਾਈਨ, ਪਾਣੀ ਦੀ ਟੰਕੀ ਅਤੇ ਟਿਊਬਵੈੱਲ ਦਾ ਨਿਰਮਾਣ ਕਾਰਜ ਵੀ ਸ਼ਾਮਲ ਹੈ।ਉਨ ਾਂ ਇਸ ਮੌਕੇ ਵਿਭਾਗੀ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਲਦੀ ਤੋਂ ਸੀਵਰੇਜ ਪ੍ਰੋਜੈਕਟ ਅਤੇ ਵਾਟਰ ਪ੍ਰੋਜੈਕਟ ਦਾ ਨਿਰਮਾਣ ਸਮੇਂ ਰਹਿੰਦਿਆਂ ਹੀ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਉਨ ਾਂ ਨਰੋਟ ਜੈਮਲ ਸਿੰਘ ਵਿਖੇ ਮੁੱਖ ਸੜਕ 'ਤੇ ਖੜੇ ਨਿਕਾਸੀ ਪਾਣੀ ਅਤੇ ਸੜਕ ਦੀ ਖਸਤਾ ਹਾਲਤ ਨੂੰ ਲੈ ਕੇ ਅਧਿਕਾਰੀ ਨੂੰ ਦਿਸ਼ਾ ਨਿਰਦੇਸ਼ ਦਿੱਤੇ ਕਿ ਜਲਦੀ ਤੋਂ ਜਲਦੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।



## ਜਨਮ ਦਿਨ ਮੁਬਾਰਕ



ਸ਼ੁਭਦੀਪ ਸਿੰਘ ਗਿੱਲ, ਗਿੱਦੜਬਾਹਾ



ਗੁਰਵੀਰ ਸਿੰਘ (ਪਿੰਡ ਤਲਵੰਡੀ ਚੌਧਰੀਆਂ)

# ਦਿੱਲੀ ਅਧਾਰਤ ਗੈਂਗਸਟਰ ਮਡਿਊਲ ਦੇ ਤਿੰਨ ਗੁਰਗੇ ਗ੍ਰਿਫਤਾਰ

## ਹਾਈ-ਪ੍ਰੋਫਾਇਲ ਅਪਰਾਧ ਨੂੰ ਅੰਜ਼ਾਮ ਦੇਣ ਲਈ ਪੰਜਾਬ 'ਚ ਦਾਖਲ ਹੋਏ ਸਨ



**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)** ਇੱਕ ਸਾਂਝਾ ਉਪਰੇਸ਼ਨ ਕਰਦਿਆਂ ਜ਼ਿਲ੍ਹਾ ਐੱਸਏਐੱਸ ਨਗਰ ਪੁਲਸ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਸਹਿਯੋਗ ਨਾਲ ਵਿਦੇਸ਼ੀ ਅਧਾਰਿਤ ਗੈਂਗਸਟਰ ਮਨਜੀਤ ਮਾਹਲ, ਜੋ ਕਿ ਮੌਜੂਦਾ ਸਮੇਂ ਤਿਹਾੜ ਜੇਲ੍ਹ ਵਿੱਚ ਬੰਦ ਹੈ, ਵੱਲੋਂ ਚਲਾਏ ਜਾ ਰਹੇ ਇਕ ਅਪਰਾਧਿਕ ਮਡਿਊਲ ਨੂੰ ਖਤਮ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਦੀਪਕ ਪਾਰਿਕ, ਆਈਪੀਐਸ, ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐੱਸਏਐੱਸ ਨਗਰ ਨੇ ਦੱਸਿਆ ਕਿ ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ ਸ੍ਰੀ ਗੌਰਵ ਯਾਦਵ, ਆਈਪੀਐਸ ਅਤੇ ਡੀਆਈਜੀ ਰੋਪੜ ਰੇਂਜ, ਸ਼੍ਰੀਮਤੀ ਨਿਲੰਬਰੀ ਜਗਦਲੇ ਦੀ ਅਗਵਾਈ ਹੇਠ ਬਣਾਈ ਗਈ ਟੀਮ ਵੱਲੋਂ ਇਸ ਗਿਰੋਹ ਦੇ ਤਿੰਨ ਮੁੱਖ ਸੰਚਾਲਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਟੀਮ ਵਿੱਚ ਕਪਤਾਨ ਪੁਲਸ (ਦਿਹਾਤੀ) ਸ੍ਰੀ ਮਨਪ੍ਰੀਤ ਸਿੰਘ,ਉਪ ਕਪਤਾਨ ਪੁਲਸ (ਡੇਰਾਬੱਸੀ) ਸ੍ਰੀ ਬਿਕਰਮ ਸਿੰਘ ਬਰਾੜ ਅਤੇ ਇੰਚਾਰਜ ਐਂਟੀ ਨਾਰਕੋਟਿਕ ਸੈੱਲ ਐੱਸ.ਆਈ ਸੁਰਜੀਤ ਸਿੰਘ ਅਤੇ ਇਹਨਾਂ ਦੇ ਸਾਥੀ ਕਰਮਚਾਰੀ ਸ਼ਾਮਲ ਸਨ।ਪੁਲਸ ਦੀ ਟੀਮ ਨੇ ਇਕਬਾਲ ਸਿੰਘ ਉਰਫ ਵਿਨੈ ਵਾਸੀ ਕਰਾਡੀ ਸੁਲੇਮਾਨ ਨਗਰ, ਨਵੀਂ ਦਿੱਲੀ,ਗੁਲਸ਼ਨ ਕੁਮਾਰ ਉਰਫ ਮੋਨੂੰ ਉਰਫ ਲੈਫਟੀ ਵਾਸੀ ਪੀਰਾਗੜ੍ਹੀ ਕੈਂਪ, ਨਵੀਂ ਦਿੱਲੀ ਅਤੇ ਸਤੀਸ਼ ਕੁਮਾਰ ਵਾਸੀ ਮੋਹਕਮਪੁਰਾ, ਅੰਮ੍ਰਿਤਸਰ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਇਨ੍ਹਾਂ ਕੋਲੋਂ 2 ਪਿਸਤਲ 30 ਬੋਰ ਅਤੇ 18 ਜਿੰਦਾ ਕਾਰਤੂਸ, ਕਾਲੇ ਰੰਗ ਦੀ (ਸਕਾਰਪਿਓ ਕਾਰ ਨੰ: ਡੀ.ਐਲ-8ਸੀ-ਏ-ਟੀ-8518) ,ਜੋ ਕਿ ਪਰਵਸ਼ੀ ਪਤਨੀ ਹੀਰਾ ਸਿੰਘ ਵਾਸੀ ਮਕਾਨ ਨੰ: 57 ਬੀ, ਹਸਤਸਾਲ ਪਿੰਡ ਉੱਤਮ ਨਗਰ, ਪੱਛਮੀ ਦਿੱਲੀ, ਪਿੰਨ ਕੋਡ: 110059) ਦੇ ਨਾਮ 'ਤੇ ਹੈ, ਬਰਾਮਦ ਕੀਤੀ ਹੈ। ਇਕਬਾਲ ਸਿੰਘ ਅਤੇ ਗੁਲਸ਼ਨ ਕੁਮਾਰ ਨੂੰ ਪਿੰਡ ਚੌਂਦਾ ਜ਼ਿਲ੍ਹਾ ਐੱਸ.ਏ.ਐੱਸ. ਨਗਰ ਦੇ ਨੇੜੇ ਤੋਂ ਗ੍ਰਿਫਤਾਰ ਕੀਤਾ ਗਿਆ।ਜਦ ਕਿ ਸਤੀਸ਼ ਕੁਮਾਰ ਨੂੰ ਇਕਬਾਲ ਸਿੰਘ ਅਤੇ ਗੁਲਸ਼ਨ ਕੁਮਾਰ ਦੇ ਖੁਲਾਸੇ ਤੋਂ ਬਾਅਦ ਅੰਮ੍ਰਿਤਸਰ ਤੋਂ ਗ੍ਰਿਫਤਾਰ ਕੀਤਾ ਗਿਆ। ਮੁੱਢਲੀ ਪੁੱਛਗਿਛ ਤੋਂ ਪਤਾ ਲੱਗਾ ਹੈ ਕਿ ਗ੍ਰਿਫਤ ਵਿੱਚ ਲਏ ਗਏ ਵਿਅਕਤੀ ਕਿਸੇ ਹਾਈ-ਪ੍ਰੋਫਾਇਲ ਅਪਰਾਧ ਨੂੰ ਅੰਜ਼ਾਮ ਦੇਣ ਲਈ ਪੰਜਾਬ ਵਿੱਚ ਦਾਖਲ ਹੋਏ ਸਨ। ਇਹਨਾਂ ਦੇ ਖਿਲਾਫ ਹਰਿਆਣਾ ਅਤੇ ਦਿੱਲੀ ਵਿੱਚ ਵੀ ਕਈ ਸੰਗੀਨ ਅਪਰਾਧਾਂ ਦੇ ਮਾਮਲੇ ਦਰਜ ਹਨ।ਥਾਣਾ ਲਾਲੜੂ ਵਿਖ ਮਾਮਲਾ ਦਰਜ ਕੀਤਾ ਗਿਆ ਹੈ।ਮਨਜੀਤ ਸਿੰਘ ਮਾਹਲ ਦੇ ਲਿੰਕਾਂ ਦਾ ਪਰਦਾਫਾਸ਼ ਕਰਨ ਅਤੇ ਹੋਰ ਸਾਥੀਆਂ ਦੀ ਭਾਲ ਲਈ ਤਫਤੀਸ਼ ਜਾਰੀ ਹੈ।

# ਅਕਾਲੀ- ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਦਾ ਖਮਿਆਜ਼ਾ ਭੁਗਤ ਰਹੇ ਨੇ ਈ ਐੱਸ ਪੀ ਐੱਲ ਦੇ ਕਰਮਚਾਰੀ : ਬਲਜੀਤ ਸਿੰਘ



**ਮੋਹਾਲੀ ( ਗੁਰਜੀਤ ਬਿੱਲਾ )** ਮੁਨਾਫੇ ਵਿੱਚ ਚਲ ਰਹੇ ਪੰਜਾਬ ਸਰਕਾਰ ਦੇ ਅਦਾਰੇ ਇਲੈਕਟ੍ਰੋਨਿਕ ਸਿਸਟਮ ਪੰਜਾਬ ਲਿਮਟਿਡ ( ਈ ਐਸ ਪੀ ਐਲ ) ਦੇ ਕਰਮਚਾਰੀ ਅਕਾਲੀ ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਦਾ ਖਮਿਆਜਾ ਭੁਗਤ ਰਹੇ ਹਨ । ਅਫਸਰਸ਼ਾਹੀ ਅਤੇ ਸਿਆਸਤਦਾਨਾਂ ਦੀ ਮਿਲੀ ਭੁਗਤ ਕਾਰਨ ਸਰਕਾਰ ਨੂੰ ਕਰੋੜਾ ਰੁਪਏ ਦਾ ਚੂਨਾ ਲਗਾਇਆ ਗਿਆ ਹੈ। ਕਰਮਚਾਰੀ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਬਲਜੀਤ ਸਿੰਘ ਅਤੇ ਜਰਨਲ ਸਕੱਤਰ ਅਮਰੀਕ ਸਿੰਘ ਨੇ ਦੱਸਿਆ ਕਿ ਇੱਕ ਬਹੁ-ਕਰੋੜੀ ਮੁਨਾਫਾ ਕਮਾਉਣ ਵਾਲੀ ਜਨਤਕ ਖੇਤਰ ਦੀ ਕੰਪਨੀ - ਭਾਰਤ ਵਿੱਚ ਆਪਣੀ ਕਿਸਮ ਦੀ ਪਹਿਲੀ - ਨੂੰ 1999 ਵਿੱਚ ਬਰਬਾਦ ਕਰਨ ਦੀ ਇੱਕ ਸਾਜ਼ਿਸ਼ ਹਾਈ ਕੋਰਟ ਨੂੰ ਗੁੰਮਰਾਹ ਕਰਕੇ 2014 ਵਿੱਚ ਸਫਲ ਹੋਈ। ਮਾਰਚ 2024 ਵਿੱਚ ਆਰਟੀਆਈ ਐਕਟ ਦੇ ਤਹਿਤ ਇਲੈਕਟ੍ਰਾਨਿਕ ਸਿਸਟਮਜ਼ ਪੰਜਾਬ ਲਿਮਿਟਡ ਨੂੰ 1980 ਵਿੱਚ ਪੰਜਾਬ ਸਟੇਟ ਇੰਡਸਟਰੀਅਲ ਕਾਰਪੋਰੇਸ਼ਨ ਦੁਆਰਾ ਕੰਪਿਊਟਰ ਹਾਰਡਵੇਅਰ, ਸਾਫਟਵੇਅਰ, ਨੈੱਟਵਰਕਿੰਗ ਡਾਟਾ, ਪ੍ਰੋਗਰਾਮਿੰਗ, ਸਿਰੇਮਿਕ ਕੈਪਸੀਟਰ ਆਦਿ ਬਣਾਉਣ ਲਈ 303 ਕਰਮਚਾਰੀਆਂ ਦੇ ਕੰਮ ਕਰਦੇ ਸਨ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਦਲ-ਭਾਜਪਾ ਸਰਕਾਰ ਦੇ ਸ਼ਾਸਨ ਦੌਰਾਨ 1999 ਵਿੱਚ 100 ਕਰੋੜ ਰੁਪਏ ਤੋਂ ਵੱਧ ਦੀ ਸਾਲਾਨਾ ਟਰਨਓਵਰ ਵਾਲੀ ਕੰਪਨੀ ਨੂੰ 23.77 ਕਰੋੜ ਰੁਪਏ ਦੇ ਘਾਟੇ ਵਿੱਚ ਦੱਸਿਆ ਗਿਆ ਸੀ। ਹਾਲਾਂਕਿ, ਕੇਂਦਰ ਸਰਕਾਰ ਦੇ ਆਡੀਟਰਾਂ (317) ਨੇ ਪਾਇਆ ਕਿ ਈਐਸਪੀਐਲ ਉਸ ਸਮੇਂ ਦੌਰਾਨ 6 ਕਰੋੜ ਰੁਪਏ ਤੋਂ ਵੱਧ ਦੇ ਮੁਨਾਫ ਵਿੱਚ ਸੀ। ਪਰ ਅੱਜ ਤੱਕ ਪੰਜਾਬ ਸਰਕਾਰ ਦੇ ਆਡੀਟਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਨ੍ਹਾਂ ਨੇ ਕਥਿਤ ਤੌਰ 'ਤੇ ਖਾਤਾ ਬੁੱਕਾਂ ਅਤੇ ਮਾਲੀਆ ਦੇ ਅੰਕੜਿਆਂ ਵਿੱਚ ਹੇਰਾਫੇਰੀ ਕੀਤੀ ਹੈ। ਇਹ ਕਥਿਤ ਤੌਰ 'ਤੇ ਉਸ ਸਮੇਂ ਦੀ ਸਰਕਾਰ ਦੀ 'ਵਿਨਿਵੇਸ਼ ਨੀਤੀ' ਦੇ ਤਹਿਤ ਈਐਸਪੀਐਲ ਨੂੰ ਲਿਆਉਣ ਲਈ ਰਾਹ ਪੱਧਰਾ ਕਰਨ ਲਈ ਕੀਤਾ ਗਿਆ ਸੀ, ਮੁਲਾਜ਼ਮ ਦਾ ਮੰਨਣਾ ਹੈ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ



**ਜਲੰਧਰ ( ਸ਼ੈਲੀ ਐਲਬਰਟ)** ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ਼੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਸਾਹਿਜ ਪਾਠ ਦੇ ਭੋਗ ਉਪਰੰਤ ਭਾਈ ਭੁਪਿੰਦਰ ਸਿੰਘ ਜੀ ਰਾਮਾ ਮੰਡੀ ਵਾਲੇ ਤੇ ਉਨ੍ਹਾਂ ਦੇ ਰਾਗੀ ਜਥੇ ਦੁਆਰਾ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ।ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ, ਸੰਯੁਕਤ ਸਕੱਤਰ ਸ. ਜਸਪਾਲ ਸਿੰਘ ਵੜੈਚ, ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਰਾਗੀ ਜੱਥੇ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਸਰਦਾਰਨੀ ਬਲਬੀਰ ਕੌਰ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸਮੂਹ ਮਾਨਵਤਾ ਲਈ ਸਾਂਝੀਆਂ ਹਨ। ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਸਿਧਾਂਤ ਨੂੰ ਸਾਨੂੰ ਜੀਵਨ ਵਿਚ ਅਪਨਾਉਣਾ ਚਾਹੀਦਾ ਹੈ । ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਇਸ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਸਾਨੂੰ ਜਿੱਥੇ ਸਰਬ-ਸਾਂਝੀਵਾਲਤਾ, ਹੱਕ-ਸੱਚ ਦੀ ਕਮਾਈ, ਇਨਸਾਨੀਅਤ ਦਾ ਭਲਾ, ਜਾਤ-ਪਾਤ ਦਾ ਵਿਰੋਧ ਤੇ ਚੰਗੇ ਕੰਮ ਕਰਨ ਦਾ ਸੁਨੇਹਾ ਦਿੱਤਾ, ਉੱਥੇ ਨਾਲ ਹੀ ਹੱਥੀ ਕਿਰਤ ਕਰਨ ਦਾ ਸਿਧਾਂਤ ਵੀ ਦਿੱਤਾ। ਉਨ੍ਹਾਂ ਦੇ ਇਸ ਸਿਧਾਂਤ 'ਤੇ ਚੱਲ ਕੇ ਮਨੁੱਖ ਆਪਣੇ ਜੀਵਨ ਨੂੰ ਸਫਲ ਬਣਾ ਸਕਦਾ ਹੈ। ਇਸ ਸਮੇਂ ਗਵਰਨਿੰਗ ਕੌਂਸਲ ਦੇ ਮੈਂਬਰ ਸ. ਜਗਦੀਪ ਸਿੰਘ ਸ਼ੇਰਗਿੱਲ, ਮੈਨੇਜਮੈਂਟ ਕਮੇਟੀ ਦੇ ਮੈਂਬਰ ਸ. ਪ੍ਰਭਪਾਲ ਸਿੰਘ ਪੰਨੂੰ, ਕਾਲਜ ਦੇ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ। ਇਸ ਮੌਕੇ ਸਟੇਜ ਦੀ ਕਾਰਵਾਈ ਡਾ. ਹਰਜਿੰਦਰ ਸਿੰਘ ਸੇਖੋਂ ਨੇ ਬਖ਼ੂਬੀ ਨਿਭਾਈਫੋਟੋ ਨਾਲ ਨੱਥੀ)

# ਵਜਰਾ ਪੰਜਾਬ ਹਾਕੀ ਲੀਗ ਸਮਾਪਤ




**ਜਲੰਧਰ (ਰਾਜੇਸ਼ ਥਾਪਾ )**-ਵਜਰਾ ਪੰਜਾਬ ਹਾਕੀ ਲੀਗ 2024 - ਸੀਜ਼ਨ 1, ਐਸਟ੍ਰੋਟਰਫ ਕਟੋਚ ਸਟੇਡੀਅਮ, ਜਲੰਧਰ ਕੈਂਟ ਵਿਖੇ ਸ਼ਾਨਦਾਰ ਫਾਈਨਲ ਦੇ ਨਾਲ ਸਮਾਪਤ ਹੋਇਆ। ਵਜਰਾ ਕੋਰ ਦੀ ਅਗਵਾਈ ਹੇਠ ਕਰਵਾਇਆ ਗਿਆ ਇਹ ਟੂਰਨਾਮੈਂਟ ਪੰਜਾਬ ਭਰ ਵਿੱਚ ਖੇਡਾਂ, ਸਿਹਤਮੰਦ ਜੀਵਨ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਲਈ ਇੱਕ ਮੀਲ ਪੱਥਰ ਸਾਬਤ ਹੋਇਆ ।ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਵਜਰਾ ਕੋਰ ਦੇ ਜੀਓਸੀ ਲੈਫਟੀਨੈਂਟ ਜਨਰਲ ਅਜੈ ਚਾਂਦਪੁਰੀਆ ਸਨ।ਫਾਈਨਲ ਮੈਚ ਵਿਚ ਪੰਜਾਬ ਆਰਮਡ ਪੁਲਸ, ਜਲੰਧਰ ਅਤੇ ਰੇਲ ਕੋਚ ਫੈਕਟਰੀ, ਕਪੂਰਥਲਾ ਦੀਆਂ ਟੀਮਾਂ ਵਿਚਕਾਰ ਗਹਿਗੱਚ ਮੁਕਾਬਲਾ ਸੀ। ਟੀਮ ਪੰਜਾਬ ਆਰਮਡ ਪੁਲਸ, ਜਲੰਧਰ ਨੇ 01 ਦੇ ਸਕੋਰ ਨਾਲ ਲੀਗ ਜਿੱਤੀ ਅਤੇ 2 ਲੱਖ ਰੁਪਏ ਦੀ ਇਨਾਮੀ ਰਾਸ਼ੀ ਪ੍ਰਾਪਤ ਕੀਤੀ। ਇਸ ਸਮਾਗਮ ਦੀ ਰੌਣਕ ਨੂੰ ਵਧਾਉਂਦੇ ਹੋਏ, ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਭੰਗੜਾ, ਗਿੱਧਾ ਅਤੇ ਰਾਜਸਥਾਨੀ ਲੋਕ ਨਾਚ ਪੇਸ਼ ਕੀਤੇ, ਜਿਸ ਨੇ ਸਮਾਗਮ ਵਿੱਚ ਖੁਸ਼ੀ ਅਤੇ ਊਰਜਾ ਭਰ ਦਿੱਤੀ। ਨਸ਼ਿਆਂ ਵਿਰੁੱਧ ਨੁੱਕੜ ਨਾਟਕ ਦਾ ਉਦੇਸ਼ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਨਸ਼ਾ ਮੁਕਤ ਜੀਵਨ ਸ਼ੈਲੀ ਅਤੇ ਸਮਾਜਕ ਸਿਹਤ ਨੂੰ ਉਤਸ਼ਾਹਿਤ ਕਰਨ ਦੇ ਟੂਰਨਾਮੈਂਟ ਦੇ ਸੰਦੇਸ਼ ਨੂੰ ਮਜ਼ਬੂਤ ਕਰਨਾ ਸੀ।

# ਗ੍ਰਾਮ ਪੰਚਾਇਤ ਮਾਈਦਿੱਤਾ ਵੱਲੋਂ ਐਡਵੋਕੇਟ ਸਹੂੰਗੜਾ ਨਾਲ ਮੁਲਾਕਾਤ



**ਬੰਗਾ (ਅਵਤਾਰ ਕਲੇਰ)**—ਗ੍ਰਾਮ ਪੰਚਾਇਤ ਮਾਈਦਿੱਤਾ ਵੱਲੋਂ ਪਿੰਡ ਦੇ ਵਿਕਾਸ ਕਾਰਜਾਂ, ਪੰਜਾਬ ਤੇ ਕੇਂਦਰ ਸਰਕਾਰ ਦੀਆਂ ਸਮਾਜ ਭਲਾਈ ਸਕੀਮਾਂ ਸਬੰਧਤ ਵਿਸ਼ੇਸ਼ ਤੌਰ 'ਤੇ ਐਡਵੋਕੇਟ ਰਾਜਬਲਵਿੰਦਰ ਸਿੰਘ ਸਹੂੰਗੜਾ (ਨੈਸ਼ਨਲ ਅਵਾਰਡੀ ਸਰਪੰਚ) ਨਾਲ ਮਿਲਣੀ ਕੀਤੀ ਗਈ। ਨਿੰਦਰ ਮਾਈਦਿੱਤਾ ਸਰਪੰਚ ਗ੍ਰਾਮ ਪੰਚਾਇਤ ਨੇ ਦੱਸਿਆ ਕਿ ਸਰਪੰਚ ਵੈਸੇ ਤਾਂ ਬਹੁਤ ਸਾਰੇ ਸਨਮਾਨ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ ਵਿੱਚ ਮੁੱਖ ਰੂਪ ਵਿੱਚ ਇੰਡੀਆ ਦੀ ਪਹਿਲੀ ਡਿਜੀਟਲ ਗ੍ਰਾਮ ਪੰਚਾਇਤ ਐਪ ਬਣਾਉਣ ਲਈ ਸਨਮਾਨ 2021, ਦੋ ਜ਼ਿਲ੍ਹਾ ਪੱਧਰ ਦੇ ਸਨਮਾਨ ,ਅੰਤਰਾਸ਼ਟਰੀ ਨੋਬੇਲ ਪੁਰਸਕਾਰ 2022, ਉੱਚ ਸਿੱਖਿਅਤ ਆਦਰਸ਼ ਯੁਵਾ ਸਰਪੰਚ ਰਾਸ਼ਟਰੀ ਅਵਾਰਡ 2024 ਆਦਿ ਜ਼ਿਕਰਯੋਗ ਹਨ। ਉਹਨਾਂ ਆਪਣਿਆਂ ਤਜਰਬਿਆਂ ਨਾਲ ਸਾਂਝ ਪਾਉਂਦਿਆਂ ਦੱਸਿਆ ਕਿ ਗ੍ਰਾਮ ਸਭਾ ਤੇ ਗ੍ਰਾਮ ਪੰਚਾਇਤ ਪਿੰਡ ਵਿੱਚ ਮੁੱਢਲੀਆਂ ਇਕਾਈਆਂ ਵਜੋ ਗਠਿਤ ਕੀਤੀਆਂ ਜਾਦੀਆਂ ਹਨ,ਪਾਣੀ ਦੇ ਠੀਕ ਨਿਕਾਸੀ ਪ੍ਰਬੰਧ,ਵਾਤਾਵਰਣ ਦੀ ਸਾਂਭ ਸੰਭਾਲ,ਨਸ਼ੇ ਦੀ ਸਮੱਸਿਆ,ਬੱਚਿਆ ਦੀ ਸਿੱਖਿਆ ਨੂੰ ਲੈ ਕੇ ਸਕਿੱਲ ਕਾਇਮ ਕਰਨ ਲਈ ਐਜੂਕੇਸ਼ਨਲ ਪ੍ਰੋਗਰਾਮ,ਸਿਹਤ ਦੇ ਮਾਮਲੇ 'ਚ ਕੀਤੇ ਜਾਣ ਵਾਲੇ ਪ੍ਰੋਗਰਾਮ,ਮਗਨਰੇਗਾ ਕਾਨੂੰਨ ਤਹਿਤ ਅਤੇ ਗ੍ਰਾਮ ਪੰਚਾਇਤ ਦੇ ਕਾਰਜਾਂ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ। ਇਸ ਮੌਕੇ ਭਾਗਚੰਦ ਸਾਬਕਾ ਸਰਪੰਚ,ਗੁਰਪ੍ਰੀਤ ਸਿੰਘ ਪੰਚ,ਮਨਪ੍ਰੀਤ ਸਿੰਘ ਪੰਚ,ਸਰਬਜੀਤ ਕੌਰ ਪੰਚ,ਅਮਨਦੀਪ ਕੌਰ ਪੰਚ,ਰਾਜਵਿੰਦਰ ਕੌਰ ਆਂਗਨਵਾੜੀ ਵਰਕਰ,ਮਨਦੀਪ ਕੌਰ ਆਗੂ ਡਾਂ. ਬੀ ਆਰ ਅੰਬੇਡਕਰ ਅਜੀਵਕਾ ਹੈਲਪ ਸੈਲਫ ਗਰੁੱਪ,ਸੁੱਚਾ ਰਾਮ ਨੰਬਰਦਾਰ,ਰੇਸ਼ਮ ਲਾਲ ਸਾਬਕਾ ਪੰਚ,ਰਵਿੰਦਰ ਸਿੰਘ,ਨਿਰਮਲ ਕੌਰ, ਤੀਰਥ ਰਾਮ ਉੱਪ ਪ੍ਰਧਾਨਭਗਤ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ,ਰਾਜਨ ਕੁਮਾਰ ਮੇਟ ਤੇ ਸਪੋਰਟਸ ਕਲੱਬ ਆਗੂ,ਪ੍ਰਸ਼ੋਤਮ ਸਿੰਘ ਖਜ਼ਾਨਚੀ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਫਿਲੌਰ (ਬੀ ਐੱਸ ਕੈਨੈਡੀ)**-ਗੁਰਦੁਆਰਾ ਸੀ ਗੁਰੂ ਨਾਨਕ ਪੁਰਾ ਮੁਹੱਲਾ ਸ਼ੇਖਾਂ ਫਿਲੌਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਪੂਰਵਕ ਮਨਾਇਆ ਗਿਆ। ਭਾਈ ਤੇਜਪਾਲ ਸਿੰਘ ਬੀਬੀ ਕੌਲਾਂ ਭਲਾਈ ਕੇਂਦਰ ਅੰਮ੍ਰਿਤਸਰ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਜਗਮੋਹਨ ਸਿੰਘ ਚਾਵਲਾ ਅਮਰਜੀਤ ਸਿੰਘ ਬਾਵਾ ਜਿੰਮੀ ਜਸਵਿੰਦਰ ਸਿੰਘ ਚਰਨਪ੍ਰੀਤ ਸਿੰਘ ਚਾਵਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਸਰਪੰਚਾਂ ਤੇ ਪੰਚਾਂ ਦਾ ਕੀਤਾ ਸਨਮਾਨ



**ਫਿਲੌਰ ( ਨਿਰਮਲ )** ਫਿਲੌਰ ਦੇ ਕਮਿਊਨਟੀ ਹਾਲ ਵਿੱਚ ਹਲਕਾ ਫਿਲੌਰ ਅਧੀਨ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਦੇ ਸਨਮਾਨ ਵਿੱਚ ਸਮਾਰੋਹ ਕਰਵਾਇਆ ਗਿਆ। ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ, ਐਸ.ਡੀ.ਐਮ. ਅਮਨਪਾਲ ਸਿੰਘ, ਬੀਡੀਪੀਓ ਰਜਿੰਦਰ ਕੌਰ, ਡੀਐਸਪੀ ਸਰਵਣ ਸਿੰਘ ਬੱਲ ਅਤੇ ਥਾਣਾ ਮੁਖੀ ਸੰਜੀਵ ਕਪੂਰ ਨੇ ਸਮੂਹ ਪੰਚ-ਸਰਪੰਚਾਂ ਨੂੰ ਜਿੱਤ ਦੀ ਮੁਬਾਰਕਬਾਦ ਦਿੰਦਿਆਂ ਪਿੰਡਾਂ ਵਿੱਚ ਨਸ਼ਾ ਮੁਕਤ ਕਰਨ ਅਤੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਣ ਲਈ ਪ੍ਰੇਰਿਤ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਸਰਕਾਰ ਕੋਲ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਅਗਲੇ ਦੋ ਸਾਲਾਂ ਵਿੱਚ ਵਾਅਦੇ ਪੂਰੇ ਕੀਤੇ ਜਾਣਗੇ। ਇਸ ਮੌਕੇ ਸਰਪੰਚਾਂ ਅਤੇ ਪੰਚਾਂ ਵੱਲੋਂ ਪਿੰਡਾਂ ਵਿੱਚ ਨਸ਼ੇ ਦੇ ਖਾਤਮੇ ਲਈ ਭਰਵਾਂ ਹੁੰਗਾਰਾ ਦਿੱਤਾ ਗਿਆ। ਸਮਾਰੋਹ ਵਿੱਚ ਪਰਦੀਪ ਦੁੱਗਲ, ਪਰਮਜੀਤ ਭਾਰਤੀ, ਵੈਭਵ ਸ਼ਰਮਾ, ਜਰਨੈਲ ਸਿੰਘ ਮੋਤੀਪੁਰ, ਦੀਪਾ, ਹਰਕਮਲ ਸਿੰਘ, ਡਾ. ਵਰਿੰਦਰ ਸਿੰਘ ਸੈਣੀ ਸਮੇਤ ਵੱਡੀ ਗਿਣਤੀ ਵਿੱਚ ਪੰਚ ਅਤੇ ਸਰਪੰਚ ਮੌਜੂਦ ਸਨ।

## ਕੈਂਸਰ ਜਾਂਚ ਕੈਂਪ ਲਗਾਇਆ




**ਫਿਲੌਰ (ਨਿਰਮਲ)** ਬਲੱਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਜਲੰਧਰ ਵੱਲੋਂ ਪਿੰਡ ਸੈਫਾਬਾਦ ਵਿਖੇ ਕੈਂਸਰ ਰੋਗ ਸਬੰਧੀ ਵਿਸ਼ੇਸ਼ ਕੈਂਪ ਲਗਾਇਆ ਗਿਆ, ਜਿਸ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਹਰ ਵਿਅਕਤੀ ਦੇ ਮੁਫਤ ਟੈਸਟ ਕੀਤੇ ਗਏ ਅਤੇ ਇਸ ਭਿਆਨਕ ਬਿਮਾਰੀ ਤੋਂ ਬਚਾਓ ਸਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਕੈਂਪ ਵਿੱਚ ਵਿਸ਼ੇਸ਼ ਯੋਗਦਾਨ ਕੁਲਵੰਤ ਸਿੰਘ ਧਾਰੀਵਾਲ ਵੱਲੋਂ ਪਾਇਆ ਗਿਆ ਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਇਸ ਮੌਕੇ 'ਤੇ ਆਪ ਪਾਰਟੀ ਫਿਲੌਰ ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ, ਪਿੰਡ ਦੇ ਸਰਪੰਚ ਅਸ਼ੋਕ ਕੁਮਾਰ, ਸੁਰਿੰਦਰ ਸਿੰਘ ਅਨੂ ਵੈਕਟਰ, ਸੁਬੀਰ ਵੈਕਟਰ, ਜੋਗਿੰਦਰ ਸਿੰਘ ਜੀਐਮ ਅਤੇ ਹੋਰ ਹਾਜ਼ਰ ਸਨ।

# ਡੇਰਾ ਨੰਗਲ ਖੁੰਗਾ ਵਿਖੇ ਲੋੜਵੰਦ ਲੜਕੀਆਂ ਦੇ ਅਨੰਦ ਕਾਰਜ ਤੇ ਸੰਤ ਸਮਾਗਮ ਕਰਵਾਇਆ



**ਅੱਡਾ ਸਰਾਂ (ਜਸਵੀਰ ਕਾਜਲ)** ਸੱਚਖੰਡ ਵਾਸੀ ਸੰਤ ਬਾਬਾ ਭਗਤ ਰਾਮ ਦੇ ਭਗਤੀ ਅਸਥਾਨ ਡੇਰਾ ਨੰਗਲ ਖੁੰਗਾ ਵਿਖੇ ਮਾਨਵਤਾ ਸੇਵਾ ਸੋਸਾਇਟੀ (ਰਜਿ.) ਨੰਗਲ ਖੁੰਗਾ ਵੱਲੋਂ ਮਹਾਨ ਸੰਤ ਸਮਾਗਮ ਤੇ 2 ਲੋੜਵੰਦ ਲੜਕੀਆਂ ਦੇ ਅਨੰਦ ਕਾਰਜ ਕਰਵਾਏ ਗਏ।ਡੇਰੇ ਦੇ ਮੁੱਖ ਸੇਵਾਦਾਰ ਮੌਜੂਦਾ ਗੱਦੀ ਨਸ਼ੀਨ ਸੰਤ ਨਰੇਸ਼ ਗਿਰ ਦੀ ਸਰਪਰਸਤੀ ਹੇਠ, ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਦੀ ਅਗਵਾਈ ਵਿੱਚ ਦਿਨ ਅਤੇ ਰਾਤ ਦੇ ਸੰਤ ਸਮਾਗਮ ਦੌਰਾਨ ਸੰਤ ਬਾਬਾ ਕੇਵਲ ਸਿੰਘ ਖੁਰਾਲਗੜ੍ਹ ਵਾਲੇ, ਸੰਤ ਬਾਬਾ ਜਸਪਾਲ ਸਿੰਘ ਓਡਰੇ ਵਾਲੇ, ਸੰਤ ਬਾਬਾ ਸੁਖਵਿੰਦਰ ਸਿੰਘ ਓਡਰੇ ਵਾਲੇ, ਬਾਬਾ ਰਾਮ ਗਿਰ ਰਾਜਪੁਰ ਕੰਡੀ ਵਾਲੇ, ਸੰਤ ਬਾਬਾ ਸੋਡੀ ਸ਼ਾਹ ਦਰਬਾਰ ਕਲੀਪੁਰ ਵਾਲੇ, ਸੰਤ ਬਾਬਾ ਨਿਰਮਲ ਸਿੰਘ ਹਾਜੀਪੁਰ ਵਾਲੇ, ਸੰਤ ਬਾਬਾ ਬਲਵੰਤ ਸ਼ਾਹ ਦਾਰਾਪੁਰ ਵਾਲੇ, ਸੰਤ ਸੁਨੀਲ ਕੁਮਾਰ ਪਨਖੂਹ ਤਲਵਾੜਾ ਵਾਲੇ, ਸੰਤ ਬਾਬਾ ਬਲਵੀਰ ਗਿਰ ਨਿਹਾਲਪੁਰ ਵਾਲੇ, ਸੰਤ ਬਾਬਾ ਪ੍ਰੇਮ ਦਾਸ ਰਛਪਾਲਵਾਂ ਵਾਲੇ, ਸੰਤ ਬਾਬਾ ਰਜਿੰਦਰ ਸਿੰਘ , ਸੰਤ ਬਾਬਾ ਮਿਹਰ ਦਾਸ ਭਟੋਲੀਆਂ ਵਾਲੇ ਤੇ ਹੋਰਨਾਂ ਸੰਤਾਂ ਮਹਾਂਪੁਰਸ਼ਾਂ ਨੇ ਇੱਥੇ ਸੁਭਾਗੀਆ ਜੋੜੀਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਪ੍ਰਵਚਨਾਂ ਅਤੇ ਮਨੋਹਰ ਸ਼ਬਦ ਕੀਰਤਨ ਦੁਆਰਾ ਸੇਵਾ ਤੇ ਸਿਮਰਨ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆਂ, ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਲਖਵਿੰਦਰ ਸਿੰਘ ਲੱਖੀ, ਹਲਕਾ ਇੰਚਾਰਜ ਟਾਂਡਾ ਅਰਵਿੰਦਰ ਸਿੰਘ ਰਸੂਲਪੁਰ , ਵਿਧਾਇਕ ਜਸਵੀਰ ਸਿੰਘ ਰਾਜਾ ਦੇ ਪਿਤਾ ਮਹਿੰਦਰ ਸਿੰਘ ਗਿੱਲ, ਅਕਾਲੀ ਆਗੂ ਸਰਬਜੀਤ ਸਿੰਘ ਗੋਲਡੀ, ਯੂਥ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ ਨੇ ਸ਼ਲਾਘਾ ਕੀਤੀ । ਇਸ ਮੌਕੇ ਵਾਈਸ ਪ੍ਰਧਾਨ ਬਲਵਿੰਦਰ ਸਿੰਘ, ਕੈਸ਼ੀਅਰ ਸਤਪਾਲ ਸਿੰਘ ਸੱਤਾ, ਸੁਰਜੀਤ ਸਿੰਘ, ਸੁਰਜੀਤ ਸਿੰਘ ਭਾਰਦਵਾਜ਼, ਸੋਮਨਾਥ ਕੁਲਦੀਪ ਸਿੰਘ, ਬਲਵੀਰ ਸਿੰਘ, ਜਰਨੈਲ ਸਿੰਘ, ਅਮਰਦੀਪ ਸਿੰਘ , ਕਿਰਪਾਲ ਸਿੰਘ ਜਾਜਾ, ਸੁਖਵਿੰਦਰ ਸਿੰਘ ,ਅਤਵਾਰ ਸਿੰਘ ਪਲਾ ਚੱਕ, ਕਮਲਜੀਤ ਸਿੰਘ ਲਿੱਤਰ, ਸੁਖਵਿੰਦਰ ਸਿੰਘ ਜੌਹਲ ਵੀ ਹਾਜ਼ਰ ਸਨ।

# ਨਾਕਾ ਲਗਾ ਕੇ ਮੋਟਰਸਾਈਕਲਾਂ ਦੀ ਕੀਤੀ ਚੈਕਿੰਗ

**ਫਿਲੌਰ (ਨਿਰਮਲ)** 112 ਟਰੈਫਿਕ ਪੁਲਸ ਜਲੰਧਰ ਵੱਲੋਂ ਅੱਜ ਫਿਲੌਰ ਵਿਖੇ ਥਾਣੇਦਾਰ ਗੁਰਨਾਮ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਨਾਕਾ ਲਗਾ ਕੇ ਸਪੈਸ਼ਲ ਚੈਕਿੰਗ ਕੀਤੀ ਗਈ ਅਤੇ ਮੋਟਰਸਾਈਕਲਾਂ ਦੇ ਕਾਗਜ ਪੱਤਰ ਚੈੱਕ ਕੀਤੇ ਗਏ। ਥਾਣੇਦਾਰ ਨੇ ਦੱਸਿਆ ਕਿ 12 ਮੋਟਰਸਾਈਕਲਾਂ ਦੇ ਚਲਾਨ ਕੱਟੇ ਗਏ ਕਿਉਂਕਿ ਉਹਨਾਂ ਕੋਲ ਕਾਗਜ ਪੱਤਰ ਨਹੀਂ ਸਨ। ਤਿੰਨ ਮੋਟਰਸਾਈਕਲਾਂ ਨੂੰ ਬੌਂਡ ਵੀ ਕੀਤਾ ਗਿਆ। ਥਾਣੇਦਾਰ ਦੇ ਨਾਲ ਸਿਪਾਹੀ ਅਲੀ ਖਾਨ, ਕੁਲਦੀਪ ਅਤੇ ਹੋਰ ਸਟਾਫ ਵੀ ਸੀ। ਥਾਣੇਦਾਰ ਨੇ ਮੋਟਰਸਾਈਕਲਾਂ ਵਾਲੇ ਨੌਜਵਾਨਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਮੋਟਰਸਾਈਕਲਾਂ ਦੇ ਸਾਰੇ ਕਾਗਜ ਪੱਤਰ ਪੂਰੇ ਹੋਣ 'ਤੇ ਹੀ ਵਾਹਨ ਚਲਾਉਣ ਦੇਣ।



# ਥਾਣਾ ਮੁਖੀ ਸਤਨਾਮ ਸਿੰਘ ਵੱਲੋਂ ਮੰਢਿਆਣੀ ਮੋੜ ਵਿਖੇ ਕੀਤੀ ਚੈਕਿੰਗ



**ਬਲਾਚੌਰ (ਜਸਵਿੰਦਰ ਬੈਂਸ)** - ਥਾਣਾ ਮੁਖੀ ਸਤਨਾਮ ਸਿੰਘ, ਏਐਸਆਈ ਲੇਖਰਾਜ, ਹੌਲਦਾਰ ਮੁਖ਼ਤਿਆਰ ਸਿੰਘ ਆਦਿ ਵਲੋਂ ਮੰਢਿਆਣੀ ਮੋੜ 'ਤੇ ਵਿਸ਼ੇਸ਼ ਚੈਕਿੰਗ ਕੀਤੀ ਗਈ।

ਉਨ੍ਹਾਂ ਕਿਹਾ ਕਿ ਨਸ਼ਿਆਂ ਤੇ ਚੋਰੀਆਂ ਨੂੰ ਠੱਲ ਪਾਉਣ ਵਾਸਤੇ ਅੱਜ ਵਿਸ਼ੇਸ਼ ਨਾਕਾਬੰਦੀ ਕੀਤੀ ਗਈ ਹੈ।ਜਿਨ੍ਹਾਂ ਵਾਹਨ ਚਾਲਕਾਂ ਕੋਲ ਮੋਟਰਸਾਇਕਲ ਦੀ ਰਜਿਸਟਰੇਸ਼ਨ, ਪ੍ਰਦੂਸ਼ਣ, ਲਾਈਸੰਸ ਤੇ ਹੈਲਮਟ ਆਦਿ ਦੀ ਕਮੀ ਸੀ ਉਨ੍ਹਾਂ ਦੇ ਚਲਾਨ ਕੀਤੇ ਗਏ ਹਨ। ਇਸ ਤੋਂ ਇਲਾਵਾ ਜਿਨ੍ਹਾਂ ਕੋਲ ਕੁੱਝ ਵੀ ਨਹੀਂ ਸੀ ਉਨ੍ਹਾਂ ਦੇ ਮੋਟਰਸਾਇਲਾਂ ਨੂੰ ਬੰਦ ਕੀਤਾ ਗਿਆ ਹੈ।ਥਾਣਾ ਮੁੱਖੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਸਖਤੀ ਵਰਤੀ ਜਾਵੇਗੀ।ਉਨ੍ਹਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਤੋਂ ਆਪਣੇ ਵਾਹਨਾਂ ਦੇ ਕਾਗਜ ਪੂਰੀ ਤਰ੍ਹਾਂ ਦਰੁਸਤ ਕਰਨ।

# ਸੀ ਟੀ ਵਰਲਡ ਸਕੂਲ ਨੇ ਸਾਲਾਨਾ ਸਮਾਰੋਹ ਮਨਾਇਆ





**ਜਲੰਧਰ ( ਸ਼ੈਲੀ ਐਲਬਰਟ)**:- ਸੀਟੀ ਵਰਲਡ ਸਕੂਲ ਨੇ ਆਪਣਾ ਬਹੁ-ਉਮੀਦਿਤ ਸਾਲਾਨਾ ਸਮਾਰੋਹ ਰੰਗਮੰਚ - ਲਾਈਟਾਂ, ਕੈਮਰਾ, ਐਕਸ਼ਨ, ਸ਼ਾਨਦਾਰ ਢੰਗ ਨਾਲ ਸਫਲਤਾਪੂਰਵਕ ਮਨਾਇਆ । ਵਿਸ਼ਵ ਸਿਨੇਮਾ ਦੇ ਵਿਕਾਸ ਦੇ ਆਲੇ-ਦੁਆਲੇ ਥੀਮ ਵਾਲੇ ਇਵੈਂਟ ਨੇ ਸਿਨੇਮਾ ਦੇ ਇਤਿਹਾਸ ਦੇ ਸਫ਼ਰ ਨੂੰ ਪ੍ਰਦਰਸ਼ਿਤ ਕੀਤਾ , ਜਿਸ ਦੀ ਸ਼ੁਰੂਆਤ ਚਾਰਲੀ ਚੈਪਲਿਨ ਅਤੇ ਰਾਜ ਕਪੂਰ ਵਰਗੀਆਂ ਮਹਾਨ ਹਸਤੀਆਂ ਨਾਲ ਹੋਈ ਅਤੇ ਟਾਈਟੈਨਿਕ ਅਤੇ ਬਾਲੀਵੁੱਡ ਦੇ ੧੬✓ ਯੁੱਗ ਦੇ ਆਧੁਨਿਕ ਸਿਨੇਮਾ ਦੀ ਚਮਕ ਨਾਲ ਸਮਾਪਤ ਹੋਈ । ਵਿਦਿਆਰਥੀਆਂ ਨੇ ਮੁਗਲ-ਏ-ਆਜ਼ਮ, ਸ਼ੋਲੇ, ਅਤੇ ਦਿਲਵਾਲੇ ਦੁਲਹਨੀਆ ਲੇ ਜਾਏਂਗੇ ਫਿਲਮਾਂ ਨੂੰ ਉਜਾਗਰ ਕਰਨ ਵਾਲੇ ਪ੍ਰਦਰਸ਼ਨਾਂ ਦੇ ਨਾਲ-ਨਾਲ ਹੈਲਨ ਅਤੇ ਬੱਪੀ ਲਹਿਰੀ ਦੇ ਡਿਸਕੋ ਯੁੱਗ ਵਰਗੇ ਆਈਕਨਾਂ ਨੂੰ ਸ਼ਰਧਾਂਜਲੀ ਦੇ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਇਹ ਪ੍ਰੋਗਰਾਮ ਕਲਾ, ਪ੍ਰਤਿਭਾ, ਸੰਗੀਤ, ਡਾਂਸ ਅਤੇ ਡਰਾਮੇ ਦਾ ਇੱਕ ਜੀਵੰਤ ਸੰਯੋਜਨ ਸੀ, ਜਿਸ ਵਿੱਚ ਸਿਨੇਮਾ ਦੇ ਕਾਲੇ ਅਤੇ ਚਿੱਟੇ ਤੋਂ ਆਧੁਨਿਕ ਕਹਾਣੀ ਸੁਣਾਉਣ ਵਿੱਚ ਤਬਦੀਲੀ ਨੂੰ ਸਪੱਸ਼ਟ ਰੂਪ ਵਿੱਚ ਦਰਸਾਇਆ ਗਿਆ ਸੀ । ਇਸ ਸਮਾਗਮ ਵਿੱਚ ਮੇਜਰ ਜਨਰਲ ਹਰਮੀਤ ਸਿੰਘ (ਸੇਵਾਮੁਕਤ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਸ ਵਿੱਚ ਐਨਆਈਟੀ ਜਲੰਧਰ ਤੋਂ ਡਾ: ਜਸਪ੍ਰੀਤ ਰਾਣਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਡਾ: ਅਰਵਿੰਦ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਸੀਟੀ ਗਰੁੱਪ ਦੇ ਚੇਅਰਮੈਨ ਸ. ਚਰਨਜੀਤ ਸਿੰਘ, ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ, ਕੋ-ਮੈਨੇਜਿੰਗ ਡਾਇਰੈਕਟਰ ਸ਼੍ਰੀਮਤੀ ਤਨਿਕਾ ਚੰਨੀ, ਐਗਜ਼ੈਕਟਿਵ ਡਾਇਰੈਕਟਰ ਡਾ: ਨਿਤਿਨ ਟੰਡਨ ਅਤੇ ਸੀਟੀ ਵਰਲਡ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਆਰਤੀ ਜਸਵਾਲ ਸਮੇਤ ਸੀਟੀ ਗਰੁੱਪ ਦੇ ਪਤਵੰਤੇ ਵੀ ਹਾਜ਼ਰ ਸਨ। ਚੇਅਰਮੈਨ ਸ: ਚਰਨਜੀਤ ਸਿੰਘ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਆਪਣੀ ਸਿਰਜਣਾਤਮਕਤਾ ਅਤੇ ਸਮਰਪਣ ਦੁਆਰਾ ਸਿਨੇਮਾ ਦੇ ਵਿਕਾਸ ਦੇ ਸਾਰ ਨੂੰ ਖੂਬਸੂਰਤੀ ਨਾਲ ਪਕੜਿਆ ਹੈ । ਪ੍ਰਿੰਸੀਪਲ ਆਰਤੀ ਜਸਵਾਲ ਨੇ ਆਪਣੇ ਮਾਣ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਸਾਲਾਨਾ ਸਮਾਗਮ ਸਾਡੇ ਵਿਦਿਆਰਥੀਆਂ ਦੀ ਬੇਮਿਸਾਲ ਪ੍ਰਤਿਭਾ ਅਤੇ ਸਾਡੇ ਸਕੂਲ ਦੀ ਸਹਿਯੋਗੀ ਭਾਵਨਾ ਨੂੰ ਪ੍ਰਦਰਸ਼ਿਤ ਕਰਦਾ ਹੈ। ਇਹ ਕਲਾ, ਸੱਭਿਆਚਾਰ ਅਤੇ ਸਿੱਖਿਆ ਦਾ ਜਸ਼ਨ ਸੀ।

# ਕੈਰੀਅਰ ਗਾਈਡ ਸੰਬੰਧੀ ਸੈਮੀਨਾਰ ਲਗਾਇਆ



**ਤਲਵੰਡੀ ਚੌਧਰੀਆਂ ( ਨਵ ਕਿਰਨ /ਭੋਲਾ)**- ਸੀਨੀਅਰ ਸੈਕੰਡਰੀ ਸਕੂਲ ਬੀਐਸਪੀ ਸੂਜੋ ਕਾਲੀਆ ਦੀ ਬਣੀ ਨਵੀਂ ਮੈਨੇਜਮੈਂਟ ਦੇ ਪ੍ਰਧਾਨ ਕੁਲਦੀਪ ਸਿੰਘ ਮਾਨ, ਮੀਤ ਪ੍ਰਧਾਨ ਹਰਸ਼ ਦੀਪ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੈਰੀਅਰ ਗਾਈਡ ਸਬੰਧੀ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਪਬਲਿਕ ਐਡਮਨਿਸਟਰੇਸ਼ਨ ਦੇ ਮੁਖੀ ਮੈਡਮ ਰੇਨੂ ਸੋਨੀਆ ਹਿੰਦੂ ਕੰਨਿਆ ਕਾਲਜ ਕਪੂਰਥਲਾ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੈਡਮ ਰੇਨੂ ਸੋਨੀਆ ਨੇ ਕਿਹਾ ਕਿ ਆਈਪੀਐਸ, ਆਈਏਐਸ ਜਾਂ ਕੋਈ ਹੋਰ ਨਿਆਪਾਲਿਕਾ ਸਬੰਧੀ ਇਮਤਿਹਾਨ ਦੇਣ ਲਈ ਵਿਦਿਆਰਥੀਆਂ ਨੂੰ ਵਿਸ਼ਾਲ ਗਿਆਨ ਦੀ ਜਰੂਰਤ ਹੁੰਦੀ ਹੈ।ਇਸ ਲਈ ਆਪਣੇ ਗਾਈਡ ਤੋਂ ਇਲਾਵਾ ਗਿਆਨ ਪ੍ਰਾਪਤੀ ਲਈ ਚੰਗੀਆਂ ਕਿਤਾਬਾਂ ਅਤੇ ਚੰਗੇ ਲੇਖਕਾਂ ਦੇ ਅਖਬਾਰਾਂ ਵਿੱਚ ਛਪਦੇ ਆਰਟੀਕਲ ਪੜ੍ਹਨੇ ਚਾਹੀਦੇ ਹਨ। ਕਿਤਾਬਾਂ ਸਾਡਾ ਗਿਆਨ ਹੀ ਨਹੀਂ ਵਧਾਉਂਦੀਆਂ ਸਗੋਂ ਇੱਕ ਚੰਗੇ ਦੋਸਤ ਦੀ ਭੂਮਿਕਾ ਵੀ ਨਿਭਾਉਂਦੀਆਂ ਹਨ। ਕੈਂਪਸ ਮੈਨੇਜਰ ਤੇਜਵਿੰਦਰ ਸਿੰਘ ਗਿੱਲ ਨੇ ਮੈਡਮ ਦਾ ਧੰਨਵਾਦ ਕੀਤਾ।ਪ੍ਰਿੰਸੀਪਲ ਮਨਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਅਮਨਪ੍ਰੀਤ ਢਿਲਵਾਂ, ਨੀਨਾ ਅਗਰਵਾਲ, ਸੋਨੀਆ ਮੋਮੀ, ਕਮਲਜੀਤ ਕੌਰ, ਜੋਤੀ ਗਿੱਲ, ਸਿਮਰਨਜੀਤ ਕੌਰ, ਕੁਲਦੀਪ ਕੌਰ, ਬਲਵਿੰਦਰ ਸਿੰਘ, ਰਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਜੀ ਐੱਸ ਭਾਟੀਆ ਨੇ ਕੀਤਾ ਲਾਇਨਜ਼ ਕਲੱਬ ਨੂਰਮਹਿਲ ਦਾ ਦੌਰਾ




**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਲਾਇਨਜ਼ ਕਲੱਬ ਨੂਰਮਹਿਲ ਸ਼ਹਿਰ ਲਈ ਅੱਜ ਦਾ ਦਿਨ ਬਹੁਤ ਵਧੀਆ ਰਿਹਾ ਕਿਉਂਕਿ ਮਾਨਯੋਗ ਵੀ.ਡੀ.ਜੀ.2 ਲਾਇਨ ਜੀਐਸ ਭਾਟੀਆ ਨੇ ਕਲੱਬ ਦਾ ਆਧਿਕਾਰਿਕ ਦੌਰਾ ਕੀਤਾ।ਲਾਇਨਜ਼ ਕਲੱਬ ਨੂਰਮਹਿਲ ਸਿਟੀ ਵੱਲੋਂ ਲਾਇਨ ਜੀਐਸ ਭਾਟੀਆ ਦਾ ਸੁਆਗਤ ਕੀਤਾ ਗਿਆ । ਇਸ ਤੋਂ ਬਾਅਦ ਪ੍ਰਧਾਨ ਲਾਇਨ ਰਾਜੀਵ ਮਿਸਰ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਖਜ਼ਾਨਚੀ ਲਾਇਨ ਸ਼ਿਵ ਕੁਮਾਰ, ਪੀਆਰਓ ਲਾਇਨ ਪਰਦੀਪ ਕੁਮਾਰ ਨਈਅਰ ਮਾਮਲੇ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਰੁੱਝੇ ਹੋਏ ਸਨ।ਸਕੱਤਰ ਲਾਇਨ ਰਾਮ ਤੀਰਥ ਸ਼ਰਮਾ ਨੇ ਕਲੱਬ ਦੀ ਪ੍ਰੋਜੈਕਟ ਰਿਪੋਰਟ ਪੇਸ਼ ਕੀਤੀ।ਸੀਨੀਅਰ ਲਾਇਨ ਓਪੀ ਕੁੰਡੀ ਨੇ ਕਲੱਬ ਦੇ ਕੰਮਕਾਜ ਸਬੰਧੀ ਆਪਣਾ ਭਾਸ਼ਣ ਦਿੱਤਾ ਸ੍ਰੀ ਭਾਟੀਆ ਨੇ ਆਪਣੇ ਭਾਸ਼ਣ ਵਿੱਚ ਕਲੱਬ ਦੀ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟ ਕੀਤੀ ਅਤੇ ਮੈਂਬਰਾਂ ਨੂੰ ਮਨੁੱਖਤਾ ਦੇ ਕੰਮਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਇਸ ਮੋਕੇ ਤੇ ਲਾਇਨ ਗੁਰਮੀਤ ਸਿੰਘ ਸ਼ੈਲੀ , ਲਾਇਨ ਸੰਦੀਪ ਮਿੱਤੂ , ਲਾਇਨ ਪ੍ਰੇਮ ਕੁਮਾਰ ਬੱਤਰਾ , ਲਾਇਨ ਜਰਨੈਲ ਸਿੰਘ , ਪ੍ਰਿੰਸੀਪਲ ਅਨਿਲ ਚੰਨਣ , ਲਾਇਨ ਬਾਲ ਕ੍ਰਿਸ਼ਨ ਬਾਲੀ ,ਵਲੋਂ ਅਤੇ ਗਤੀਵਿਧੀ ਦੇ ਅੰਤ ਵਿੱਚ ਲਾਇਨਜ਼ ਕਲੱਬ ਨੂਰਮਹਿਲ ਸਿਟੀ ਦੇ ਸਮੂਹ ਮੈਂਬਰਾਂ ਦੀ ਤਰਫੋਂ ਪ੍ਰਧਾਨ ਲਾਇਨ ਰਾਜੀਵ ਮਿਸਰ ਨੇ ਵੀਡੀਜੀ 2 ਲਾਇਨ ਜੀਐਸ ਭਾਟੀਆ ਦਾ ਕਲੱਬ ਵਿੱਚ ਆਉਣ ਲਈ ਧੰਨਵਾਦ ਕੀਤਾ।

# ਤਿੰਨ ਦਿਨਾ ਓਪਨ ਫੁੱਟਬਾਲ ਟੂਰਨਾਮੈਂਟ ਦੂਹੜੇ ਦੀ ਟੀਮ ਦੇ ਨਾਂਅ ਰਿਹਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਮਹੰਤ ਲਾਲ ਸਿੰਘ ਯਾਦਗਾਰੀ ਸਪੋਰਟਸ ਕਲੱਬ ਖੁੱਡਾ ਵੱਲੋਂ ਸੱਚਖੰਡ ਵਾਸੀ ਮਹੰਤ ਲਾਲ ਸਿੰਘ ਦੀ 36ਵੀਂ ਬਰਸੀ ਨੂੰ ਸਮਰਪਿਤ ਕਰਵਾਏ ਗਏ ਤਿੰਨ ਦਿਨਾਂ ਓਪਨ ਫੁਟਬਾਲ ਟੂਰਨਾਮੈਂਟ ਦੂਹੜੇ ਦੀ ਟੀਮ ਦੇ ਨਾਂਅ ਰਿਹਾ। ਕਲੱਬ ਪ੍ਰਧਾਨ ਪ੍ਰਿੰਸੀਪਲ ਤਰਲੋਕ ਸਿੰਘ ਖੁੱਡਾ, ਪ੍ਰਬੰਧਕ ਲਸ਼ਕਰ ਸਿੰਘ ਖੁੱਡਾ ਅਤੇ ਪ੍ਰਵਾਸੀ ਭਾਰਤੀ ਡਾ. ਕਾਬਲ ਸਿੰਘ ਕਨੇਡਾ ਦੀ ਦੇਖ-ਰੇਖ ਹੇਠ ਕਰਵਾਏ ਗਏ ਟੂਰਨਾਮੈਂਟ ਦੇ ਅੰਤਿਮ ਦਿਨ ਦਿਨ ਡੇਰਾ ਗੁਰੂਸਰ ਖੁੱਡਾ ਦੇ ਮੁਖ ਸੇਵਾਦਾਰ ਤੇ ਕਲੱਬ ਦੇ ਸਰਪ੍ਰਸਤ ਸੰਤ ਬਾਬਾ ਤੇਜਾ ਸਿੰਘ ਤੇ ਸੰਤ ਬਾਬਾ ਸੁਖਜੀਤ ਸਿੰਘ ਖੁੱਡਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰ ਜੇਤੂ ਟੀਮਾਂ ਨੂੰ ਇਨਾਮ ਭੇਂਟ ਕਰਨ ਦੇ ਨਾਲ ਨਾਲ ਖਿਡਾਰੀਆਂ ਨੂੰ ਅਸ਼ੀਰਵਾਦ ਵੀ ਦਿੱਤਾ। ਟੂਰਨਾਮੈਂਟ ਦੇ ਅੰਤਿਮ ਦਿਨ ਪਹਿਲੇ ਸੈਮੀਫਾਈਨਲ ਮੈਚ ਵਿੱਚ ਦੂਹੜੇ ਦੀ ਟੀਮ ਨੇ ਚੱਕ ਮਹਿਰਾ ਤੇ ਖੁੱਡੇ ਦੀ ਟੀਮ ਨੇ ਦੁਰਮੀਵਾਲ ਨੂੰ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ ਜਦਕਿ ਰੋਮਾਂਚਕ ਰਹੇ ਫਾਈਨਲ ਮੈਚ ਦੌਰਾਨ ਦੂਹੜੇ ਦੀ ਟੀਮ ਨੇ ਮੇਜਬਾਨ ਟੀਮ ਨੂੰ ਪੈਨਲਟੀ ਸ਼ੂਟ ਆਊਟ ਦੇ ਜ਼ਰੀਏ 2-0 ਨਾਲ ਹਰਾਇਆ। ਇਸ ਮੌਕੇ ਕਰਵਾਏ ਗਏ 15 ਸਾਲਾ ਉਮਰ ਵਰਗ ਵਿੱਚ ਖੁੱਡਾ ਦੀ ਟੀਮ ਨੇ ਦੁਰਮੀਵਾਲ ਨੂੰ ਹਰਾਇਆ। ਉਧਰ ਦੂਸਰੇ ਪਾਸੇ ਵਾਲੀਬਾਲ ਦੇ ਫਾਈਨਲ ਮੈਚ ਦੌਰਾਨ ਮਹਿਮੂਦਪੁਰ ਦੀ ਟੀਮ ਨੇ ਬਿੱਗੋਵਾਲ ਨੂੰ 2-0 ਨਾਲ ਹਰਾਇਆ।ਪ੍ਰਬੰਧਕਾਂ ਵੱਲੋਂ ਓਪਨ ਫੁੱਟਬਾਲ ਦੀ ਜੇਤੂ ਰਹੀ ਟੀਮ ਨੂੰ 31 ਹਜ਼ਾਰ ਰੁਪਏ ਤੇ ਦੂਸਰੇ ਸਥਾਨ 'ਤੇ ਰਹੀ ਟੀਮ ਨੂੰ 20 ਹਜ਼ਾਰ ਰੁਪਏ ਭੇਂਟ ਕੀਤੇ ਗਏ। ਵਾਲੀਬਾਲ ਦੇ ਟੂਰਨਾਮੈਂਟ ਵਿੱਚ ਜੇਤੂ ਰਹੀ ਟੀਮ ਨੂੰ 21 ਹਜ਼ਾਰ ਰੁਪਏ ਤੇ ਦੂਸਰੇ ਸਥਾਨ 'ਤੇ ਰਹੀ ਟੀਮ ਨੂੰ 11 ਹਜ਼ਾਰ ਰੁਪਏ ਦੇ ਨਾਲ ਯਾਦਗਾਰੀ ਟਰਾਫੀਆਂ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਸੇਵਾ ਮੁਕਤ ਡੀ.ਐਸ.ਪੀ ਰਸ਼ਪਾਲ ਸਿੰਘ ਖੁੱਡਾ, ਸਰਪੰਚ ਹਰਬੰਸ ਸਿੰਘ ਖੁੱਡਾ, ਸਾਬਕਾ ਸਰਪੰਚ ਜਸਵੀਰ ਸਿੰਘ ਖੁੱਡਾ, ਪ੍ਰਿੰਸੀਪਲ ਇਕਬਾਲ ਕੌਰ, ਪੰਚ ਵਰਿੰਦਰ ਸਿੰਘ , ਪੰਚ ਸੁਰਿੰਦਰ ਸਿੰਘ, ਪੰਚ ਬਾਲ ਕਿਸ਼ਨ, ਪੰਚ ਸੁਖਵਿੰਦਰ ਸਿੰਘ,ਪੰਚ ਗੁਰਦੀਪ ਸਿੰਘ,ਪੰਚ ਪਰਮਿੰਦਰ ਕੌਰ, ਪੰਚ ਸੁਖਵਿੰਦਰ ਕੌਰ,ਪੰਚ ਤਜਿੰਦਰ ਕੌਰ,ਪੰਚ ਮਨਜੀਤ ਕੌਰ, ਕੋਚ ਬਲਵੀਰ ਸਿੰਘ ਸਹੋਤਾ, ਨੰਬਰਦਾਰ ਜੋਗਿੰਦਰ ਸਿੰਘ, ਜਿਪਸੀਤ ਸਿੰਘ ਯੂ.ਐਸ.ਏ, ਪ੍ਰਿੰਸੀਪਲ, ਸਾਧੂ ਸਿੰਘ, ਮੰਜੂ ਸ਼ਾਹ, ਜੋਗਿੰਦਰ ਕੌਰ, ਸੁਨੀਲ ਕੁਮਾਰ, ਹਰਦਿਆਲ ਸਿੰਘ, ਦਿਲਦਾਰ ਸਿੰਘ ਨੀਟਾ, ਸਤਬੀਰ ਸਿੰਘ, ਬਿਪਨ ਪਹਿਲਵਾਨ , ਡੀ.ਪੀ ਬਲਵੀਰ ਸਿੰਘ, ਹਰਪ੍ਰੀਤ ਸਿੰਘ ਕਸ਼ਮੀਰ ਸਿੰਘ ਖੁੱਡਾ, ਮਨਵੀਰ ਸਿੰਘ ਸਹੋਤਾ ਵੀ ਹਾਜ਼ਰ ਸਨ।

# ਏ ਜੀ ਆਈ ਗਲੋਬਲ ਸਕੂਲ 'ਚ ਡਿਜ਼ਨੀ ਪਰੇਡ ਈਵੈਂਟ ਕਰਵਾਇਆ



**ਜਲੰਧਰ ( ਰਾਜੇਸ਼ ਥਾਪਾ )** ਏਜੀਆਈ ਗਲੋਬਲ ਸਕੂਲ ਜਲੰਧਰ ਹਾਈਟਸ 2, ਅਰਬਾਨਾ ਨੇ ਇੱਕ ਮਜ਼ੇਦਾਰ ਅਤੇ ਰੋਮਾਂਚਕ ਡਿਜ਼ਨੀ ਪਰੇਡ ਈਵੈਂਟ ਦਾ ਆਯੋਜਨ ਕੀਤਾ। ਸਕੂਲ ਨੂੰ ਰੰਗ-ਬਿਰੰਗੇ ਗੁਬਾਰਿਆਂ ਅਤੇ ਡਿਜ਼ਨੀ ਥੀਮ ਵਾਲੇ ਪੋਸਟਰਾਂ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਆਪਣੇ ਮਨਪਸੰਦ ਡਿਜ਼ਨੀ ਪਾਤਰਾਂ, ਜਿਵੇਂ ਕਿ ਮਿਕੀ ਮਾਊਸ, ਸਿੰਡਰੇਲਾ, ਐਲਸਾ, ਅਤੇ ਬਜ਼ ਲਾਈਟਯੀਅਰ ਦੇ ਰੂਪ ਵਿੱਚ ਤਿਆਰ ਕੀਤਾ।ਇੱਕ ਸ਼ਾਨਦਾਰ ਪਰੇਡ ਦਾ ਆਯੋਜਨ ਕੀਤਾ ਗਿਆ ਜਿੱਥੇ ਹਰ ਕਿੱਸੇ ਨੇ ਆਪਣੀ ਮਨ ਪਸੰਦ ਦੇ ਕੱਪੜੇ ਪਾ ਕੇ ਹਿੱਸਾ ਲਿਆ । ਸੰਗੀਤ, ਹਾਸਾ, ਅਤੇ ਬਹੁਤ ਸਾਰੇ ਤਾੜੀਆਂ ਦੇ ਨਾਲ ਕੁਝ ਵਿਦਿਆਰਥੀਆਂ ਨੇ ਡਾਂਸ ਕੀਤਾ ਅਤੇ ਮਸ਼ਹੂਰ ਡਿਜ਼ਨੀ ਫਿਲਮਾਂ ਦੇ ਗੀਤ ਗਾਏ। ਕੁਝ ਬੱਚਿਆਂ ਨੇ ਡਿਜ਼ਨੀ ਦੀਆਂ ਕਹਾਣੀਆਂ ਦੇ ਛੋਟੇ-ਛੋਟੇ ਦ੍ਰਿਸ਼ ਵੀ ਪੇਸ਼ ਕੀਤੇ।ਇਸ ਮੌਕੇ ਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵੀ ਸੱਦਾ ਦਿੱਤਾ ਗਿਆ ਸੀ, ਅਤੇ ਉਹਨਾਂ ਨੇ ਆਪਣੇ ਬੱਚਿਆਂ ਨੂੰ ਇਸ ਸਮਾਰੋਹ ਵਿੱਚ ਹਿੱਸਾ ਲੈਣ ਦਾ ਆਨੰਦ ਵੀ ਲਿਆ।ਡਿਜ਼ਨੀ ਪ੍ਰੋਪਸ ਦੇ ਨਾਲ ਫੇਸ ਪੇਂਟਿੰਗ ਅਤੇ ਫੋਟੋ ਬੂਥ ਵਰਗੀਆਂ ਮਜ਼ੇਦਾਰ ਖੇਡਾਂ ਅਤੇ ਗਤੀਵਿਧੀਆਂ ਦੋ ਆਯੋਜਨ ਵੀ ਕੀਤਾ ਗਿਆ ।ਇਸ ਸਮਾਗਮ ਦੇ ਦੌਰਾਨ ਇੱਕ ਛੋਟੇ ਬੱਚੇ ਦੇ ਜਨਮ ਦਿਨ ਦੇ ਜਸ਼ਨ ਨੇ ਇੱਕ ਭਾਵੁਕ ਪਲ ਬਣਾ ਦਿੱਤਾ।ਸਕੂਲ ਦੀ ਚੇਅਰਪਰਸਨ ਸ਼੍ਰੀਮਤੀ ਸਲਵਿੰਦਰਜੀਤ ਕੌਰ ਅਤੇ ਮੁੱਖ ਮਹਿਮਾਨ ਨੇ ਇਸ ਸੁੰਦਰ ਸਮਾਗਮ ਨੂੰ ਕਰਵਾਉਣ ਲਈ ਸਕੂਲ ਦੀ ਡਾਇਰੈਕਟਰ ਸ਼੍ਰੀਮਤੀ ਹਰਲੀਨ ਮੋਹੰਤੀ, ਸਕੂਲ ਦੀ ਪ੍ਰਿੰਸੀਪਲ ਅਤੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।